The Motto of Our University
(SEWA)
SKILL ENHANCEMENT
EMPLOYABILITY
WISDOM
ACCESSIBILITY

## JAGAT GURU NANAK DEV

## PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# M.A (PUNJABI)

# SEMESTER-I

## (PBIM21105T)

## ਪੰਜਵਾਂ ਪਰਚਾ : ਮੱਧਕਾਲੀਨ ਪੰਜਾਬੀ ਵਾਰਤਕ

**Head Quarter: C/28, The Lower Mall, Patiala-147001**

**WEBSITE: www.psou.ac.in**

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**


**PROGRAME COORDINATOR**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**DR.DHARMINDER SINGH**

**ASSISTANT PROFESSOR IN PUNJABI**

## WRITER AND CONTRIBUTOR

**DR.SARBJIT SINGH**

**ASSISTANT PROFESSOR IN PUNJABI**

**PUNJAB TECHNICAL UNIVERSITY, JALANDHAR**


ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**JAGAT GURU NANAK DEV PUNJAB STATE OPEN UNIVERSITY**

**PATIALA**

**( Established by Act No. 19 of 2019 of the Legislature of State of Punjab)**

## PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra
Dean Academic Affairs

**M.A (PUNJABI)**
(ਸਮੈਸਟਰ-ਪਹਿਲਾ)

## ਪੰਜਵਾਂ ਪਰਚਾ : ਮੱਧਕਾਲੀਨ ਪੰਜਾਬੀ ਵਾਰਤਕ

**ਕੁੱਲ ਅੰਕ :** 100
**ਬਾਹਰੀ ਮੁਲਾਂਕਣ:**70
**ਅੰਦਰੂਨੀ ਮੁਲਾਂਕਣ:**30
**ਪਾਸ:** 40%
**ਕ੍ਰੈਡਿਟ:**4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਮੱਧਕਾਲੀਨ ਪੰਜਾਬੀ ਵਾਰਤਕ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਮੱਧਕਾਲੀਨ ਪੰਜਾਬੀ ਵਾਰਤਕ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬੀ ਵਾਰਤਕ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਮੱਧਕਾਲੀਨ ਪੰਜਾਬੀ ਵਾਰਤਕ : ਸਿੱਧਾਂਤਕ ਅਧਿਐਨ

**ੳ.**1 ਮੱਧਕਾਲੀਨ ਪੰਜਾਬੀ ਵਾਰਤਕ : ਇਤਿਹਾਸ
**ੳ.**2 ਮੱਧਕਾਲੀਨ ਪੰਜਾਬੀ ਵਾਰਤਕ : ਪ੍ਰਵਿਰਤੀਆਂ

**ਭਾਗ ਅ-** ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ : ਪਿਆਰ ਸਿੰਘ (ਸੰਪਾ.)
**ਅ.**1 ਮੁਢਲੀ ਪੰਜਾਬੀ ਵਾਰਤਕ : ਡਾ. ਤਾਰਨ ਸਿੰਘ

**ਅ.2** ਵਿਹਾਰਕ ਅਧਿਐਨ

ਮੁਢਲੀ ਪੰਜਾਬੀ ਵਾਰਤਕ : ਵਿਹਾਰਕ ਅਧਿਐਨ

**ਭਾਗ-ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਮੱਧਕਾਲੀਨ ਪੰਜਾਬੀ ਵਾਰਤਕ ਦਾ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਮੱਧਕਾਲੀਨ ਪੰਜਾਬੀ ਵਾਰਤਕ ਦੀ ਵਿਆਖਿਆ।
3. ਭਾਗ ੳ.2 ਮੱਧਕਾਲੀਨ ਪੰਜਾਬੀ ਵਾਰਤਕ : ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਵਿੱਚੋਂ ਮੱਧਕਾਲੀਨ ਪੰਜਾਬੀ ਵਾਰਤਕ ਦੀਆਂ ਪ੍ਰਵਿਰਤੀਆਂ ਦੇ ਵਿਕਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ : ਪਿਆਰ ਸਿੰਘ (ਸੰਪਾ.) ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਮੁੱਢਲੀ ਪੰਜਾਬੀ ਵਾਰਤਕ : ਵਿਹਾਰਕ ਅਧਿਐਨ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਮੱਧਕਾਲੀਨ ਪੰਜਾਬੀ ਵਾਰਤਕ, ਮੱਧਕਾਲੀਨ ਪੰਜਾਬੀ ਵਾਰਤਕ ਦੀਆਂ ਪ੍ਰਵਿਰਤੀਆਂ ਦੀ ਪ੍ਰਕਿਰਤੀ ਅਤੇ ਮੁਢਲੀ ਪੰਜਾਬੀ ਵਾਰਤਕ ਵਿਹਾਰਕ ਅਧਿਐਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

**ਸਹਾਇਕ ਪਾਠ-ਸਮੱਗਰੀ**

| **ਲੇਖਕ** | **ਸ਼ਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਡਾ. ਤਾਰਨ ਸਿੰਘ | 2000 | ਮੁਢਲੀ ਪੰਜਾਬੀ ਵਾਰਤਕ | ਪੰਜਾਬੀ ਯੂਨੀਵਰਸਿਟੀ,ਪਟਿਆਲਾ |
| ਡਾ. ਤਾਰਨ ਸਿੰਘ | 1998 | ਵਾਰਤਕ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਪਿਆਰ ਸਿੰਘ (ਸੰਪਾ.) | 2014 | ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸ਼ਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਗੁਰਮੁਖ ਸਿੰਘ | 1950 | ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਧਰਮ ਸਿੰਘ | 1966 | ਮੁਢਲੀ ਪੰਜਾਬੀ ਵਾਰਤਕ : ਵਿਹਾਰਕ ਅਧਿਐਨ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**M.A (PUNJABI)**
**(ਸਮੈਸਟਰ-ਪਹਿਲਾ)**
**ਪਹਿਲਾ ਪੰਜਵਾਂ : ਮੱਧਕਾਲੀਨ ਪੰਜਾਬੀ ਵਾਰਤਕ**

## SECTION A

**Table of Contents**


| Sr. No. | UNIT NAME | Page No. |
|---|---|---|
| Unit 1-2 | **ਮੱਧ**ਕਾਲੀਨ ਪੰਜਾਬੀ ਵਾਰਤਕ : ਸਿੱਧਾਂਤਕ ਅਧਿਐਨ | 9-22 |
| Unit 3-4 | **ਮੱਧ**ਕਾਲੀਨ ਪੰਜਾਬੀ ਵਾਰਤਕ : ਇਤਿਹਾਸ | 23-47 |
| Unit 5-6 | **ਮੱਧ**ਕਾਲੀਨ ਪੰਜਾਬੀ ਵਾਰਤਕ : ਪ੍ਰਵਿਰਤੀਆਂ | 48-53 |
| Unit 7-8 | ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ : ਪਿਆਰ ਸਿੰਘ (ਸੰਪਾ.) | 54-73 |
| Unit 9 | ਮੁਢਲੀ ਪੰਜਾਬੀ ਵਾਰਤਕ : ਡਾ. ਤਾਰਨ ਸਿੰਘ | 74-88 |


## SECTION B


| | | |
|---|---|---|
| Unit 10 | ਵਿਹਾਰਕ ਅਧਿਐਨ-1 | 89-92 |

## ਯੂਨਿਟ-1

## ਮੱਧਕਾਲੀਨ ਪੰਜਾਬੀ ਵਾਰਤਕ : ਸਿੱਧਾਂਤਕ ਅਧਿਐਨ

### ਮੱਧਕਾਲੀਨ ਪੰਜਾਬੀ ਵਾਰਤਕ

**ਮੱਧਕਾਲੀਨ ਪੰਜਾਬੀ ਵਾਰਤਕ: ਇਤਿਹਾਸ**

**ਮੱਧਕਾਲੀਨ ਪੰਜਾਬੀ ਵਾਰਤਕ: ਪ੍ਰਵਿਰਤੀਆਂ**

**ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਪ. ਪਿਆਰ ਸਿੰਘ)**

**ਮੁਢਲੀ ਪੰਜਾਬੀ ਵਾਰਤਕ (ਸੰਪ. ਤਾਰਨ ਸਿੰਘ):ਵਿਹਾਰਕ ਅਧਿਐਨ**


1.ਪਾਠ ਪੰਜਵਾਂ: ਮੱਧਕਾਲੀਨ ਪੰਜਾਬੀ ਵਾਰਤਕ

1.1 ਭੂਮਿਕਾ

1.2 ਪਾਠ ਦਾ ਮੰਤਵ

1.3 ਮੱਧਕਾਲੀਨ ਪੰਜਾਬੀ ਵਾਰਤਕ: ਇਤਿਹਾਸ

1.4 ਮੱਧਕਾਲੀਨ ਪੰਜਾਬੀ ਵਾਰਤਕ: ਪ੍ਰਵਿਰਤੀਆਂ

1.5 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਬੀ-40) ਸੰਪ. ਪਿਆਰ ਸਿੰਘ

1.6 ਮੁਢਲੀ ਪੰਜਾਬੀ ਵਾਰਤਕ (ਸੰਪ. ਤਾਰਨ ਸਿੰਘ):ਵਿਹਾਰਕ ਅਧਿਐਨ

1.6.1. ਪੁਰਾਤਨ ਜਨਮ ਸਾਖੀ

1.7 ਅਭਿਆਸ ਲਈ ਪ੍ਰਸ਼ਨ

1.8 ਸਹਾਇਕ ਪੁਸਤਕ ਸੂਚੀ


**1.1 ਭੂਮਿਕਾ:**

ਮੱਧਕਾਲ ਵਿਚ ਵਾਰਤਕ ਦੀ ਬਹੁਤ ਅਮੀਰ ਪਰੰਪਰਾ ਵਿਕਸਿਤ ਰਹੀ ਹੈ। ਮੱਧਕਾਲੀਨ ਪੰਜਾਬੀ ਵਾਰਤਕ 16ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਦੂਜੇ ਅੱਧ ਤਕ ਕਾਰਜਸ਼ੀਲ ਰਹੀ ਹੈ। ਇਹ ਵਾਰਤਕ ਵਧੇਰੇ ਕਰਕੇ ਧਰਮ ਕੇਂਦਰਿਤ ਰਹੀ ਹੈ। ਇਸ ਵਾਰਤਕ ਦੇ ਰਚਨਾ-ਕਾਲ, ਰਚੇਤਾ, ਪ੍ਰਮਾਣਿਕ ਪਾਠ ਆਦਿ ਦੀਆਂ ਸਮੱਸਿਆਵਾਂ ਦੇ ਬਾਵਜੂਦ ਇਸਦੇ ਗੌਰਵਸ਼ੀਲ ਇਤਿਹਾਸ ਤੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## 1.2 ਪਾਠ ਦਾ ਮੰਤਵ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਮੱਧਕਾਲੀਨ ਪੰਜਾਬੀ ਵਾਰਤਕ ਨੂੰ ਪੜ੍ਹਨ ਅਤੇ ਸਮਝਣ/ਸਮਝਾਉਣ ਦੇ ਸਮਰੱਥ ਬਣਾਉਣਾ ਹੈ। ਇਸ ਪਾਠ ਦੇ ਅਧਿਐਨ ਨਾਲ ਵਿਦਿਆਰਥੀ ਮੱਧਕਾਲੀਨ ਪੰਜਾਬੀ ਵਾਰਤਕ ਦੇ ਇਤਿਹਾਸ ਤੇ ਪ੍ਰਮੁਖ ਪ੍ਰਵਿਰਤੀਆਂ ਤੋਂ ਜਾਣੂ ਹੋ ਸਕਣਗੇ। ਇਸਦੇ ਨਾਲ-ਨਾਲ ਵਿਦਿਆਰਥੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਸੰਪ. ਪਿਆਰ ਸਿੰਘ) ਦਾ ਵਿਸ਼ੇਸ਼ ਅਧਿਐਨ ਕਰਨਗੇ ਅਤੇ ਮੁਢਲੀ ਪੰਜਾਬੀ ਵਾਰਤਕ (ਸੰਪ. ਤਾਰਨ ਸਿੰਘ) ਪੁਸਤਕ ਵਿਚ ਦਰਜ ਪ੍ਰਮੁੱਖ ਵਾਰਤਕ ਵੰਨਗੀਆਂ ਦਾ ਵਿਹਾਰਕ ਅਧਿਐਨ ਕਰ ਸਕਣ ਦੇ ਯੋਗ ਹੋਣਗੇ।

## 1.3 ਮੱਧਕਾਲੀਨ ਪੰਜਾਬੀ ਵਾਰਤਕ: ਇਤਿਹਾਸ

ਪੰਜਾਬੀ ਵਿਚ ਵਾਰਤਕ ਰਚਨਾ ਦਾ ਆਰੰਭ 16ਵੀਂ ਸਦੀ ਵਿਚ ਪੁਰਾਤਨ ਜਨਮਸਾਖੀ ਤੋਂ ਹੋਇਆ ਮੰਨਿਆ ਜਾਂਦਾ ਹੈ। ਇਹ ਵੀ ਵਿਸ਼ੇਸ਼ ਧਿਆਨਯੋਗ ਗੱਲ ਹੈ ਕਿ ਵਾਰਤਕ ਰਚਨਾ ਜਨਮਸਾਖੀ ਰੂਪਾਕਾਰ ਤੋਂ ਹੋਂਦ ਵਿਚ ਆਈ ਮੰਨੀ ਜਾਂਦੀ ਹੈ। ਸੰਖੇਪ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਜਨਮਸਾਖੀ ਜਾਂ ਵਾਰਤਕ ਪਰੰਪਰਾ ਜੁੜੀ ਹੋਈ ਹੈ। ਭਾਵੇਂ ਕੁਝ ਵਿਦਵਾਨਾਂ ਨੇ ਪੰਜਾਬੀ ਵਾਰਤਕ ਰਚਨਾ ਦਾ ਆਗਾਜ਼ ਇਸ ਤੋਂ ਵੀ ਪਹਿਲਾਂ ਗੋਰਖ ਉਪਨਿਸ਼ਦ, ਪੱਧਤੀਨਾਮਾ ਤੇ ਏਕਾਦਸੀ ਮਹਾਤਮ ਰਚਨਾਵਾਂ ਦੇ ਰੂਪ ਵਿਚ ਮੰਨਿਆ ਹੈ ਪਰ ਭਾਸ਼ਾ-ਸ਼ੈਲੀ ਦੇ ਆਧਾਰ ਤੇ ਇਨ੍ਹਾਂ ਰਚਨਾਵਾਂ ਦੀ ਪੰਜਾਬੀ ਭਾਸ਼ਾ ਤੋਂ ਬਹੁਤ ਵੱਖਰਤਾ ਸਿੱਧ ਹੁੰਦੀ ਹੈ ਤੇ ਨਾ ਹੀ ਇਨ੍ਹਾਂ ਰਚਨਾਵਾਂ ਦਾ ਪ੍ਰਮਾਣਿਕ ਪਾਠ ਹੀ ਉਪਲਬਧ ਹੈ। ਇਨ੍ਹਾਂ ਰਚਨਾਵਾਂ ਦੀ ਭਾਸ਼ਾ ਨੂੰ ਪੰਜਾਬੀ ਦਾ ਮੁਢਲਾ ਰੂਪ ਕਹਿਣਾ ਵੀ ਉਚਿਤ ਪ੍ਰਤੀਤ ਨਹੀਂ ਹੁੰਦਾ। ਇਸ ਤਰ੍ਹਾਂ ਪੰਜਾਬੀ ਵਾਰਤਕ ਪ੍ਰਮਾਣਿਕ ਰੂਪ ਵਿਚ 1588 ਈ. ਦੇ ਆਸ-ਪਾਸ ਪੁਰਾਤਨ ਜਨਮਸਾਖੀ ਦੇ ਰੂਪ ਵਿਚ ਸਥਾਪਿਤ ਹੁੰਦੀ ਹੈ। ਇਸ ਲਈ ਇਤਿਹਾਸਕ ਤੌਰ ਤੇ ਮੱਧਕਾਲੀਨ ਪੰਜਾਬੀ ਵਾਰਤਕ ਦੇ ਆਰੰਭ ਦਾ ਸਮਾਂ ਗੁਰੂ ਅਰਜਨ ਦੇਵ ਜੀ ਦੇ ਸਮਕਾਲ ਦਾ ਸਮਾਂ ਮੰਨਿਆ ਜਾ ਸਕਦਾ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਦਾ ਇਤਿਹਾਸਕ ਵਿਕਾਸ ਇਸਦੇ ਰੂਪਾਕਾਰਾਂ ਦੇ ਵਿਕਾਸ ਦੇ ਨਾਲ-ਨਾਲ ਚਲਦਾ ਹੈ। ਇਨ੍ਹਾਂ ਸਾਰੇ ਰੂਪਾਕਾਰਾਂ ਦਾ ਅਧਿਐਨ ਮੱਧਕਾਲੀਨ ਪੰਜਾਬੀ ਵਾਰਤਕ ਦੀ ਇਤਿਹਾਸ-ਰੇਖਾ ਉਲੀਕਦਾ ਹੈ। ਜਾਂ ਇਸ ਤਰ੍ਹਾਂ ਕਹੀਏ ਕਿ ਮੱਧਕਾਲੀਨ ਪੰਜਾਬੀ ਵਾਰਤਕ ਦੇ ਰੂਪਾਕਾਰ ਇਕ ਇਤਿਹਾਸ-ਰੇਖਾ ਉਲੀਕਦੇ ਹਨ ਤੇ ਇਸੇ ਦੇ ਸਮਵਿਥ ਇਸ ਵਾਰਤਕ ਪਰੰਪਰਾ ਦਾ ਇਤਿਹਾਸਕ ਕ੍ਰਮ ਵੀ ਚਲਦਾ ਹੈ। ਮੱਧਕਾਲੀਨ ਪੰਜਾਬੀ ਵਾਰਤਕ ਦੀ ਇਤਿਹਾਸ-ਰੇਖਾ ਨਿਰੀ ਕਾਲ-ਕ੍ਰਮਕ ਲਗਾਤਾਰਤਾ ਵਿਚ ਨਹੀਂ ਰੱਖੀ ਜਾ ਸਕਦੀ। ਇਸਦੇ ਰੂਪਾਕਾਰਾਂ ਦੇ ਸੰਦਰਭ ਵਿਚ ਕੇਵਲ ਵਿਸ਼ੇਸ਼ ਇਤਿਹਾਸਕ ਪੜਾਅ ਜ਼ਰੂਰ ਪਛਾਣੇ ਜਾ ਸਕਦੇ ਹਨ।

ਮੱਧਕਾਲੀਨ ਪੰਜਾਬੀ ਵਾਰਤਕ ਵਿਚ ਅਨੇਕ ਰੂਪਾਕਾਰ ਪ੍ਰਚੱਲਿਤ ਹਨ ਜਿਵੇਂ ਜਨਮਸਾਖੀ, ਸਾਖੀ, ਪਰਚੀ, ਕਥਾ, ਮਸਲਾ, ਗੋਸਟਿ, ਸੁਖਨ, ਬਚਨ, ਪਰਮਾਰਥ, ਟੀਕਾ, ਰਹਿਤਨਾਮਾ ਆਦਿ। ਇਹ ਸਭ ਵਾਰਤਕ ਰੂਪ ਇਕ ਵਿਸ਼ੇਸ਼ ਕਾਲ-ਖੰਡ ਦੀ ਉਪਜ ਹਨ ਇਸੇ ਕਰਕੇ ਇਨ੍ਹਾਂ ਦੀਆਂ ਕੁਝ ਸਾਂਝਮੂਲਕ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਸਾਰੇ ਰੂਪਾਂ ਜਾਂ ਰੂਪਾਕਾਰਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ:

**ਬਿਰਤਾਂਤ ਪ੍ਰਧਾਨ ਰੂਪ:** ਜਨਮਸਾਖੀ, ਸਾਖੀ, ਪਰਚੀ/ਪਰਚੀਆਂ, ਮਸਲਾ, ਕਥਾ ਆਦਿ।

**ਵਿਚਾਰ-ਪ੍ਰਧਾਨ ਜਾਂ ਵਿਆਖਿਆਮਈ ਰੂਪ:** ਗੋਸਟਿ, ਟੀਕਾ, ਪਰਮਾਰਥ, ਸਾਰ, ਸੁਖਨ, ਬਚਨ ਆਦਿ।

**ਆਦੇਸ਼ਾਤਮਕ ਰੂਪ:** ਹੁਕਮਨਾਮਾ ਤੇ ਰਹਿਤਨਾਮਾ।

### 1.3.1. ਬਿਰਤਾਂਤ ਪ੍ਰਧਾਨ ਰੂਪ

ਜਨਮਸਾਖੀ: ਜਨਮਸਾਖੀ ਦੋ ਸ਼ਬਦਾਂ ਜਨਮ ਤੇ ਸਾਖੀ ਤੋਂ ਮਿਲ ਕੇ ਬਣਿਆ ਹੈ। ਪਰ ਇੱਥੇ ਜਨਮ ਸ਼ਬਦ ਦਾ ਅਰਥ ਕੇਵਲ ਜਨਮ ਜਾਂ ਪੈਦਾਇਸ਼ ਤੋਂ ਨਹੀਂ ਸਗੋਂ ਸਮੁੱਚੇ ਜੀਵਨ ਤੋਂ ਹੈ। ਜਨਮਸਾਖੀ ਕਿਸੇ ਮਹਾਂਪੁਰਖ ਦਾ ਅਧਿਆਤਮਕ ਜੀਵਨ ਬਿਰਤਾਂਤ ਹੈ। ਭਾਵੇਂ ਕੁਝ ਇਕ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰਨਾਂ ਧਾਰਮਿਕ ਵਿਅਕਤੀਆਂ ਬਾਰੇ ਵੀ ਪ੍ਰਾਪਤ ਹੁੰਦੀਆਂ ਹਨ ਪਰ ਮੂਲ ਰੂਪ ਵਿਚ ਜਨਮਸਾਖੀਆਂ ਦੀ ਧਾਰਣਾ ਗੁਰੂ ਨਾਨਕ ਦੇਵ ਜੀ ਤਕ ਮਹਿਦੂਦ ਹੈ। ਮੂਲ ਰੂਪ ਵਿਚ ਚਾਰ ਜਨਮਸਾਖੀ ਪਰੰਪਰਾਵਾਂ ਪ੍ਰਾਪਤ ਹਨ: ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ ਤੇ ਮਨੀ ਸਿੰਘ ਜਨਮਸਾਖੀ।

ਸਾਖੀ: ਸਾਖੀ ਅਸਲ ਵਿਚ ਜਨਮਸਾਖੀ ਪਰੰਪਰਾ ਦਾ ਹੀ ਅਗਲਾ ਇਤਿਹਾਸਕ ਪੜਾਅ ਜਾਂ ਵਿਸਤਾਰ ਹੈ। ਸਾਖੀ ਸ਼ਬਦ ਦਾ ਸਬੰਧ ਸਾਕਸ਼ੀ ਜਾਂ ਗਵਾਹ ਨਾਲ ਜੋੜਿਆ ਜਾਂਦਾ ਹੈ। ਉਹ ਸਾਕਸ਼ੀ ਜਾਂ ਗਵਾਹ ਜਿਸਨੇ ਸਬੰਧਤ ਘਟਨਾ ਜਾਂ ਦ੍ਰਿਸ਼ ਨੂੰ ਦੇਖਿਆ ਹੋਵੇ। ਸਾਖੀ ਦਾ ਉਦੇਸ਼ ਧਾਰਮਿਕ ਮਹਾਂਪੁਰਖਾਂ ਦੇ ਬਚਨਾਂ ਨੂੰ ਜਗਿਆਸੂ ਤਕ ਪੁਜਦਾ ਕਰਨਾ ਹੈ। ਜਿੱਥੇ ਜਨਮਸਾਖੀਆਂ ਵਿਚ ਨਾਇਕ ਦੇ ਪੂਰੇ ਜੀਵਨ ਦਾ ਵਰਣਨ ਹੁੰਦਾ ਹੈ ਉੱਥੇ ਸਾਖੀ ਵਿਚ ਇਹ ਜ਼ਰੂਰੀ ਨਹੀਂ। ਇਸ ਵਾਰਤਕ ਰੂਪ ਦਾ ਆਰੰਭ ਤਾਂ ਭਾਵੇਂ ਜਨਮਸਾਖੀ ਪਰੰਪਰਾ ਦੇ ਲਗਭਗ ਨਾਲ ਹੀ ਹੋ ਗਿਆ ਸੀ ਪਰ 18ਵੀਂ ਸਦੀ ਵਿਚ ਇਹ ਵਾਰਤਕ ਰੂਪ ਵਧੇਰੇ ਪ੍ਰਫੁੱਲਿਤ ਹੋਇਆ। ਸ੍ਰੀ ਸਤਿਗੁਰੂ ਜੀ ਦੇ ਮੂਹੇ ਦੀਆਂ ਸਾਖੀਆਂ, ਸਿੱਖਾਂ ਦੀ ਭਗਤਮਾਲਾ, ਸਾਖੀਆਂ ਭਾਈ ਅਡਣਸ਼ਾਹ, ਸੌ ਸਾਖੀ, ਆਦਿ ਇਸ ਵਾਰਤਕ ਰੂਪ ਦੇ ਪ੍ਰਮੁਖ ਉਦਾਹਰਣ ਹਨ।

ਪਰਚੀ/ਪਰਚੀਆਂ:ਪਰਚੀਆਂ ਵਿਚ ਕੁਝ ਵਿਸ਼ੇਸ਼ ਜੀਵਨ ਘਟਨਾਵਾਂ ਬਾਰੇ ਵੱਖ-ਵੱਖ ਸਾਖੀਆਂ ਹਨ ਪਰ ਇਹ ਸਿਲਸਿਲੇਵਾਰ, ਤਰਤੀਬ ਵਾਰ ਜੀਵਨ-ਚਿਤਰਣ ਨਹੀਂ ਹਨ। ਪਰਚੀ ਕੇਵਲ ਸੰਖੇਪ ਪਰਿਚਯ (ਜਾਂ ਪਰਚਾ) ਦੇ ਰੂਪ ਵਿਚ

ਜਾਣ-ਪਛਾਣ ਹੈ, ਇਹ ਸਾਰਾ ਜੀਵਨ ਨਹੀਂ ਦੱਸਦੀ। ਪਰਚੀ ਸ਼ਬਦ ਦੀ ਉਤਪਤੀ ਵੀ ਪਰਿਚਯ ਸ਼ਬਦ ਤੋਂ ਹੋਈ ਹੈ ਜਿਸਦਾ ਅਰਥ ਜਾਣ-ਪਛਾਣ ਹੈ। ਪਰਚੀ ਵਿਚ ਕਿਸੇ ਅਧਿਆਤਮ ਨਾਇਕ ਨਾਲ ਜਾਣ-ਪਛਾਣ ਕਰਾਈ ਜਾਂਦੀ ਹੈ। ਮੋਟੇ ਤੌਰ ਤੇ ਇਹ ਜਨਮਸਾਖੀ ਜਾਂ ਸਾਖੀ ਪਰਿਵਾਰ ਦਾ ਹੀ ਇਕ ਰੂਪ ਹੈ ਤੇ ਸਾਖੀ ਸਾਹਿਤ ਦੇ ਬਹੁਤ ਸਾਰੇ ਲੱਛਣ ਇਸ ਵਿਚ ਮਿਲਦੇ ਹਨ। ਪਰਚੀ ਵਿਚ ਆਮ ਤੌਰ ਤੇ ਨਾਇਕ ਦੀ ਸ਼ਖਸੀਅਤ ਦੇ ਪ੍ਰਮੁੱਖ ਬਿੰਦੂਆਂ ਜਾਂ ਪੱਖਾਂ ਨਾਲ ਸੰਖੇਪ ਜਾਣ-ਪਛਾਣ ਕਰਾਈ ਜਾਂਦੀ ਹੈ। ਸ਼ੈਲੀ ਦੇ ਪੱਖੋਂ ਇਹ ਸੰਜਮੀ ਤੇ ਸੰਕੇਤਕ ਹੁੰਦੀ ਹੈ। ਇਸ ਵਿਚ ਵਿਸਤਾਰ ਦੀ ਗੁੰਜਾਇਸ਼ ਨਹੀਂ। ਪਰਚੀਆਂ ਭਾਈ ਸੇਵਾ ਦਾਸ ਇਸ ਵਾਰਤਕ ਵੰਨਗੀ ਦਾ ਉਦਾਹਰਣ ਹੈ।

ਕਥਾ: ਪੰਜਾਬੀ ਵਿਚ ਕਥਾ ਸ਼ਬਦ ਇਕ ਵਿਸ਼ੇਸ਼ ਪ੍ਰਕਾਰ ਦੇ ਉਪਦੇਸ਼ਾਤਮਕ ਪ੍ਰਸੰਗ ਜਾਂ ਬਿਰਤਾਂਤ ਲਈ ਪ੍ਰਯੋਗ ਹੁੰਦਾ ਹੈ। ਜਿਸਦਾ ਪ੍ਰਯੋਜਨ ਅਧਿਆਤਮਕ ਜਾਂ ਨੈਤਿਕ ਕੀਮਤਾਂ ਨੂੰ ਉਜਾਗਰ ਕਰਨਾ ਹੁੰਦਾ ਹੈ। ਕਥਾ ਵਿਚ ਆਮ ਤੌਰ ਤੇ ਕੋਈ ਮਹਾਤਮ ਜੁੜਿਆ ਹੁੰਦਾ ਹੈ। ਇਸ ਵਿਚ ਇਕ ਆਦਰਸ਼ ਪੁਰਸ਼ ਜਾਂ ਧਰਮ ਪੁਰਸ਼ ਜ਼ਰੂਰ ਹੁੰਦਾ ਹੈ ਜਿਸਦੇ ਅਨੁਰੂਪ ਜੀਵਨ ਨੂੰ ਢਾਲਣ ਦੀ ਪ੍ਰੇਰਨਾ ਕਾਰਜਸ਼ੀਲ ਰਹਿੰਦੀ ਹੈ। ਜਿੱਥੇ ਸਾਖੀ ਵਿਚ ਧਰਮ-ਪੁਰਸ਼ ਦੇ ਜੀਵਨ ਦੀ ਕੋਈ ਘਟਨਾ ਜਾਂ ਬਿਰਤਾਂਤ ਹੁੰਦਾ ਹੈ ਉੱਥੇ ਕਥਾ ਵਿਚ ਬਿਰਤਾਂਤ ਦੇ ਕਈ ਕੇਂਦਰ ਹੋ ਸਕਦੇ ਹਨ। ਇਸ ਵਿਚ ਅਨੇਕ ਦ੍ਰਿਸ਼ਟਾਂਤ ਆ ਸਕਦੇ ਹਨ। ਇਸ ਵਿਚ ਕਈ ਲਘੂ ਸਾਖੀਆਂ ਜਾਂ ਉਦਾਹਰਣਾਂ ਜਿੜ ਸਕਦੀਆਂ ਹਨ। ਕਥਾਵਾਂ ਵਿਸ਼ੇਸ਼ ਕਰਕੇ ਗੋਸ਼ਟਾਂ ਨਾਲ ਮੇਲ ਖਾਂਦੀਆਂ ਹਨ। ਨਚੀਕੇਤ ਦੀ ਕਥਾ, ਕਥਾ ਸ੍ਰੀ ਗੋਰਖ ਨਾਥ ਕੀ, ਕਥਾ ਰਾਜਾ ਭਰਥਰੀ ਹਰੀ ਕੀ, ਕਥਾ ਗੋਪੀ ਚੰਦ ਕੀ, ਕਥਾ ਆਦਿ ਨਿਰੰਜਨ ਪੁਰਖ ਕੀ, ਕਥਾ ਆਦਿ ਰਮਾਇਣ ਕੀ, ਕਥਾ ਊਧੋ ਕੀ, ਆਦਿ ਮੱਧਕਾਲੀਨ ਵਾਰਤਕ ਕਥਾ ਸਾਹਿਤ ਰੂਪ ਦੇ ਉਦਾਹਰਣ ਹਨ।

ਮਸਲੇ: ਮਸਲੇ ਵਿਚ ਕਿਸੇ ਉਪਦੇਸ਼, ਸੰਕਲਪ, ਨੈਤਿਕ ਵਿਚਾਰ ਤੇ ਧਾਰਨਾ ਦੀ ਵਿਆਖਿਆ ਬਿਰਤਾਂਤ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਜਿੱਥੇ ਸੁਖਨ ਵਿਚ ਬਿਰਤਾਂਤਕ ਤੱਤ ਕਿਸੇ ਸਤਿ ਕਥਨ ਦੀ ਵਿਆਖਿਆ ਵਿਚ ਹੁੰਦਾ ਹੈ, ਉੱਥੇ ਮਸਲੇ ਵਿਚ ਕਿਸੇ ਪੀਰ ਪੈਗੰਬਰ ਜਾਂ ਮਹਾਂਪੁਰਖ ਦੇ ਸਤਿ-ਕਰਮ ਦੇ ਬਿਰਤਾਂਤ ਦੁਆਲੇ ਕਿਸੇ ਸਿਧਾਂਤ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮਸਲੇ ਵਿਚ ਬਿਰਤਾਂਤ ਤੱਤ ਸਾਰੀ ਰਚਨਾ ਵਿਚ ਫੈਲਿਆ ਹੁੰਦਾ ਹੈ, ਸੁਖਨ ਵਿਚ ਇਹ ਤੱਤ ਸੰਕੇਤ ਮਾਤਰ ਹੀ ਹੁੰਦਾ ਹੈ। ਮਸਲੇ ਵਿਚ ਪਰਮਾਰਥ ਵਰਗੀ ਬਿਰਤੀ ਨਾਲੋਂ ਸਾਖੀ ਵਰਗੀ ਬਿਰਤੀ ਹੋ ਸਕਦੀ ਹੈ। ਮਸਲਾ ਕਿਸੇ ਧਾਰਮਿਕ ਗੁੰਝਲ ਨੂੰ ਪੇਸ਼ ਕਰਨ ਵਾਲਾ ਵੀ ਹੋ ਸਕਦਾ ਹੈ। ਮਸਲੇ ਹਜ਼ਰਤ ਰਸੂਲ ਦੇ, ਮਸਲੇ ਮੂਸੇ ਪੈਗੰਬਰ ਦੇ, ਮਸਲਾ ਹਸਨ ਹੁਸੈਨ ਕਾ, ਮਸਲੇ ਸ਼ੇਖ ਫਰੀਦ ਕੇ ਆਦਿ ਮਸਲਾ ਵਾਰਤਕ ਰੂਪ ਦੇ ਉਦਾਹਰਣ ਦੇਖੇ ਜਾ ਸਕਦੇ ਹਨ।

## 1.3.2. ਵਿਚਾਰ-ਪ੍ਰਧਾਨ ਜਾਂ ਵਿਆਖਿਆਮਈ ਵਾਰਤਕ

ਗੋਸ਼ਟਿ: ਗੋਸ਼ਟਿ ਇਕ ਧਾਰਮਿਕ ਸੰਬਾਦ ਹੈ। ਇਸ ਵਿਚ ਬਿਰਤਾਂਤ ਦੀ ਨਹੀਂ ਸਗੋਂ ਵਿਚਾਰ ਦੀ ਪ੍ਰਧਾਨਤਾ ਹੁੰਦੀ ਹੈ। ਗੋਸ਼ਟਿ ਦੀ ਪ੍ਰਕਿਰਤੀ ਵਧੇਰੇ ਕਰਕੇ ਸੂਖਮ ਤੇ ਰਹੱਸਵਾਦੀ ਹੈ। ਗੋਸਟਿ ਵਿਚ ਸਾਖੀ ਵਾਲਾ ਬਿਰਤਾਂਤ ਤੱਤ ਘਟਦਾ ਗਿਆ ਤੇ ਅਧਿਆਤਮਕ/ ਰਹੱਸਵਾਦੀ ਮਸਲਿਆਂ ਤੇ ਸਿਧਾਂਤਾਂ ਦੀ ਚਰਚਾ ਵਧਦੀ ਗਈ ਹੈ। ਪਰ ਇਸ ਵਿਚ ਬਿਰਤਾਂਤ ਦੀ ਪੂਰੀ ਤਰ੍ਹਾਂ ਗੈਰ-ਹਾਜ਼ਰੀ ਵੀ ਨਹੀਂ। ਆਮ ਕਰਕੇ ਗੋਸ਼ਟਿ ਵਿਚਲੀਆਂ ਦੋ ਧਿਰਾਂ ਵਿਚੋਂ ਇਕ ਧਿਰ ਉੱਚੀ ਤੇ ਦੂਜੀ ਧਿਰ ਨੀਵੀਂ ਹੁੰਦੀ ਹੈ। ਗੋਸ਼ਟਿ ਵਿਚ ਬਰਾਬਰ ਦੀਆਂ ਧਿਰਾਂ ਵਿਚ ਵੀ ਨਾਇਕ ਧਿਰ ਦਾ ਪਲੜਾ ਭਾਰੀ ਰਹਿੰਦਾ ਹੈ। ਗਿਆਨ ਜਗਿਆਸਾ ਗੋਸ਼ਟਿ ਦਾ ਸਭ ਤੋਂ ਉੱਭਰਵਾਂ ਲੱਛਣ ਹੈ। ਗੋਸ਼ਟਿ ਵਿਚਲੀਆਂ ਦੋ ਧਿਰਾਂ ਵਿਚੋਂ ਇਕ ਧਿਰ ਜਗਿਆਸਾ ਜਾਂ ਪ੍ਰਸ਼ਨ ਕਰਦੀ ਹੈ ਤੇ ਦੂਜੀ ਧਿਰ ਇਸਦਾ ਉੱਤਰ ਦਿੰਦੀ ਜਾਂ ਸਮਰਥਨ ਕਰਦੀ ਹੈ। ਗੋਸ਼ਟਿ ਲਈ ਇਹ ਜ਼ਰੂਰੀ ਨਹੀਂ ਕਿ ਇਹ ਇਕੋ ਸਮੇਂ ਜਾਂ ਸਮਕਾਲ ਵਿਚ ਵਿਚਰਦੇ ਦੋ ਵਿਅਕਤੀਆਂ ਜਾਂ ਧਿਰਾਂ ਵਿਚਕਾਰ ਹੋਵੇ। ਗੋਸ਼ਟਿ ਵਿਚ ਇਕ ਧਿਰ ਨਿਰੋਲ ਮਨੋਕਲਪਿਤ ਵੀ ਹੋ ਸਕਦੀ ਹੈ ਜਿਵੇਂ ਕਲਿਯੁਗ ਦੀ ਗੁਰੂ ਨਾਨਕ ਨਾਲ ਗੋਸ਼ਟਿ ਇਸਦਾ ਉਦਾਹਰਣ ਹੈ।

ਪਰਮਾਰਥ ਤੇ ਟੀਕੇ: ਪਰਮਾਰਥ ਵਿਚਕੋਸ਼, ਨਿਰੁਕਤ, ਟੀਕਾ, ਵਿਆਖਿਆ, ਸਾਰ ਤੇ ਕਥਾ ਦੇ ਤੱਤ ਸ਼ਾਮਿਲ ਹੁੰਦੇ ਹਨ। ਪਰਮਾਰਥ ਤੇ ਟੀਕਾ ਲਿਖਣ ਲਈ ਆਮ ਤੌਰ ਤੇ ਜਨਮਸਾਖੀਆਂ ਨੂੰ ਆਧਾਰ ਬਣਾਇਆ ਜਾਂਦਾ ਹੈ ਜਾਂ ਇਉਂ ਕਹੀਏ ਕਿ ਪਰਮਾਰਥ ਤੇ ਟੀਕਾ ਪਰੰਪਰਾ ਦਾ ਆਰੰਭ ਜਨਮਸਾਖੀ ਸਾਹਿਤ ਰਾਹੀਂ ਬਾਣੀ ਦੇ ਅਰਥ ਸਪਸ਼ਟ ਕਰਨ ਜਾਂ ਇਸਨੂੰ ਸਰਲੀਕ੍ਰਿਤ ਕਰਨ ਦੇ ਹਵਾਲੇ ਨਾਲ ਹੋਇਆ ਹੈ। ਪਰਮਾਰਥ ਦੇ ਅਰੰਭ ਵਿਚ ਕੋਈ ਸਾਖੀ ਦੇ ਕੇ ਫਿਰ ਸੰਵਾਦ ਸ਼ੁਰੂ ਹੋ ਜਾਂਦਾ ਹੈ। ਇਹ ਵੀ ਇਕ ਤਰ੍ਹਾਂ ਦੀਆਂ ਗੋਸ਼ਟਾਂ ਹੀ ਹਨ। ਇਸ ਵਿਚ ਪ੍ਰਸ਼ਨੋਤਰੀ ਵਿਧੀ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਪਰ ਮੂਲ ਰੂਪ ਵਿਚ ਇਹ ਵਿਚਾਰ ਪ੍ਰਧਾਨ ਰਚਨਾ ਹੈ।

ਸੁਖਨ ਤੇ ਬਚਨ : ਸੁਖਨ ਕਿਸੇ ਅਧਿਆਤਮਕ ਜਾਂ ਸਦਾਚਾਰਕ ਕਥਨ ਉਪਰ ਆਧਾਰਿਤ ਬਿਰਤਾਂਤ ਹੈ। ਇਹ ਵਾਰਤਕ ਰੂਪ ਸਾਖੀ ਵਾਂਗ ਪੂਰਾ ਵਿਸਤਾਰ ਗ੍ਰਹਿਣ ਨਹੀਂ ਕਰਦਾ ਸਗੋਂ ਸਿੱਧਾ, ਸਰਲ, ਉਪਦੇਸ਼ਾਤਮਕ ਤੇ ਵਿਹਾਰਕ ਹੁੰਦਾ ਹੈ। ਕਿਤੇ-ਕਿਤੇ ਸੁਖਨ ਵਿਚ ਕਿਸੇ ਕਥਨ ਦੀ ਵਿਆਖਿਆ ਬਿਰਤਾਂਤ ਦੀ ਵਿਧੀ ਨਾਲ ਹੁੰਦੀ ਹੈ, ਪਰ ਕਿਤੇ-ਕਿਤੇ ਬਿਰਤਾਂਤ ਦਾ ਬਿਲਕੁਲ ਅਭਾਵ ਹੈ। ਸੁਖਨ ਕਥਾ ਸਾਹਿਤ ਦਾ ਇਸਲਾਮੀ ਰੂਪ ਹੈ। ਸੁਖਨ ਤੇ ਬਚਨ ਵਿਚ ਧਾਰਮਿਕ ਸੰਕਲਪ ਤੇ ਅਧਿਆਤਮਕ ਭਾਵਨਾ ਪ੍ਰਧਾਨ ਹੁੰਦੀ ਹੈ। ਸੁਖਨ-ਬਚਨ ਕਈ ਵਾਰ ਸਾਖੀ ਦੀ ਸੀਮਾ ਨੂੰ ਜਾ ਛੋਂਹਦੇ ਹਨ ਤੇ ਇਨ੍ਹਾਂ ਦੀ ਵੱਖੋ-ਵੱਖਰੀ ਪ੍ਰਕਿਰਤੀ ਦੇ ਬਾਵਜੂਦ ਕਈ ਵਾਰ ਇਹ ਨਿਰਣਾ ਕਰਨਾ ਕਠਿਨ ਹੋ ਜਾਂਦਾ ਹੈ ਕਿ ਇਹ ਸੁਖਨ-ਬਚਨ ਹੈ ਜਾਂ ਸਾਖੀ। ਕਿਉਂ ਜੋ ਸੁਖਨ-ਬਚਨ ਵਿਚ ਸਾਖੀ ਵਾਲੀ ਭਾਵਨਾ ਹੀ ਵਿਦਮਾਨ ਹੁੰਦੀ ਹੈ। ਇਸਦੇ ਬਾਵਜੂਦ ਦੋਹਾਂ ਵਿਚ ਸਪਸ਼ਟ ਅੰਤਰ ਹੈ। ਸਾਖੀ ਵਿਚ ਅਧਿਆਤਮਕ ਪੁਰਖਾਂ ਦੇ ਜੀਵਨ ਚਰਿੱਤਰ ਤੇ ਕਰਮ ਉੱਤੇ ਬਲ ਹੁੰਦਾ ਹੈ ਅਤੇ ਸੁਖਨ-ਬਚਨ

ਵਿਚ ਸਤਿ ਕਥਨ ਕੇਂਦਰ ਵਿਚ ਹੁੰਦਾ ਹੈ। ਸੁਖਨ ਤੇ ਬਚਨ ਦੀ ਪ੍ਰਕਿਰਤੀ ਤੇ ਰੂਪ-ਰਚਨਾ ਲਗਭਗ ਇਕੋ-ਜਿਹੀ ਹੈ। ਸੁਖਨ ਫਕੀਰਾਂ ਦੇ ਇਸ ਵਾਰਤਕ ਵੰਨਗੀ ਦਾ ਸਰਬੋਤਮ ਉਦਾਹਰਣ ਹੈ।

### 1.3.3. ਆਦੇਸ਼ਾਤਮਕ ਰੂਪ

ਰਹਿਤਨਾਮਾ: ਰਹਿਤਨਾਮਿਆਂ ਵਿਚ ਜ਼ਬਤ ਦੇ ਨੇਮ ਆਉਂਦੇ ਹਨ। ਇਹ ਗੁਰੂ ਗ੍ਰੰਥ ਸਾਹਿਬ ਦੇ ਧਾਰਮਿਕ ਸੰਜਮ ਤੇ ਸਿਧਾਂਤਾਂ ਨੂੰ ਨੇਮਬੱਧ ਕਰਨ ਵਾਲੀ ਵਾਰਤਕ ਵੰਨਗੀ ਹੈ। ਰਹਿਤਨਾਮੇ ਖਾਲਸੇ ਦੀ ਨਿਵੇਕਲੀ ਤੇ ਨਿਆਰੀ ਹਸਤੀ ਅਤੇ ਪੰਥਕ ਜਥੇਬੰਦੀ ਕਾਇਮ ਕਰਦੇ ਹਨ। ਰਹਿਤਨਾਮੇ ਗੁਰਸਿੱਖੀ ਜੀਵਨ ਦੀ ਨਿਯਮਾਵਲੀ ਹਨ। ਇਹ ਰਹਿਤ-ਮਰਿਯਾਦਾ ਦੀ ਵਿਆਖਿਆ ਹਨ। ਇਹ ਆਦੇਸ਼ਾਤਮਕ ਰੂਪ ਵਿਚ ਹਨ: ਇਹ ਕਰਨਾ ਹੈ ਤੇ ਇਹ ਨਹੀਂ ਕਰਨਾ।

ਹੁਕਮਨਾਮਾ: ਹੁਕਮਨਾਮਾ ਵਾਰਤਕ ਰੂਪ ਮੱਧਕਾਲੀਨ ਵਾਰਤਕ ਦਾ ਇਕ ਸ਼ਕਤੀਵਰ ਰੂਪਾਕਾਰ ਹੈ। ਹੁਕਮਨਾਮਾ ਵਧੇਰੇ ਕਰਕੇ ਨੌਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੇ ਕਾਲ ਵਿਚ ਵਧੇਰੇ ਪ੍ਰਚੱਲਿਤ ਰੂਪਾਕਾਰ ਰਿਹਾ ਹੈ। ਗੁਰੂ ਸਾਹਿਬਾਨ ਦੁਆਰਾ ਸਮੇਂ-ਸਮੇਂ ਤੇ ਸੰਗਤ ਦੇ ਨਾਂ ਤੇ ਸੰਦੇਸ਼ ਭੇਜੇ ਜਾਂਦੇ ਸਨ। ਕੁਝ ਹੁਕਮਨਾਮੇ ਗੁਰੂ ਸਾਹਿਬਾਨ ਦੀ ਆਪਣੀ ਲਿਖਤ ਦੀ ਪ੍ਰਮਾਣਿਕਤਾ ਸਿੱਧ ਕਰਦੇ ਹਨ ਪਰ ਕੁਝ ਹੁਕਮਨਾਮਿਆਂ ਦੇ ਲੇਖਕ ਬਾਰੇ ਅਜੇ ਤਕ ਵੀ ਸਪੱਸ਼ਟ ਰੂਪ ਵਿਚ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਦਾ ਕਰਤਾ ਜਾਂ ਲੇਖਕ ਕੌਣ ਹੈ। ਇਹ ਰਹਿਤਨਾਮਿਆਂ ਨਾਲ ਮਿਲਦਾ-ਜੁਲਦਾ ਰੂਪਾਕਾਰ ਹੈ।

### 1.4. ਮੱਧਕਾਲੀਨ ਪੰਜਾਬੀ ਵਾਰਤਕ: ਪ੍ਰਵਿਰਤੀਆਂ

ਮੱਧਕਾਲ ਦੀ ਲਗਭਗ ਸਾਰੀ ਵਾਰਤਕ ਸਮਕਾਲੀਨ ਹਾਲਾਤਾਂ ਜਾਂ ਲੋੜਾਂ ਦੀ ਉਪਜ ਹੈ। ਜਨਮਸਾਖੀ ਸਾਹਿਤ ਦਾ ਉਦੇਸ਼ ਵੱਖਰਾ ਹੈ ਤੇ ਹੁਕਮਨਾਮਾ ਸਾਹਿਤ ਦਾ ਵੱਖਰਾ। ਜਦੋਂ ਜਨਮਸਾਖੀ ਦੀ ਲੋੜ ਸੀ ਤਾਂ ਜਨਮਸਾਖੀ ਹੋਂਦ ਵਿਚ ਆਈ ਤੇ ਜਦੋਂ ਸਮਕਾਲੀਨ ਹਾਲਾਤਾਂ ਅਨੁਕੂਲ ਹੁਕਮਨਾਮੇ ਜਾਂ ਰਹਿਤਨਾਮੇ ਦੀ ਲੋੜ ਪਈ ਤਾਂ ਹੁਕਮਨਾਮੇ ਲਿਖੇ ਗਏ। ਇਸ ਸਾਰੇ ਸਾਹਿਤ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਗੁਰੂ ਦੇ ਸਮਕਾਲ ਜਾਂ ਗੁਰੂ ਦੇ ਬਹੁਤ ਨਿਕਟ ਸਮੇਂ ਦੇ ਅੰਦਰਵਾਰ ਕੀਤੀ ਗਈ। ਕਹਿਣ ਦਾ ਭਾਵ ਹੈ ਕਿ ਇਸਦੇ ਅਨੁਭਵ ਤੇ ਸਿਰਜਣਾ ਵਿਚ ਬਹੁਤਾ ਵਕਫਾ ਨਹੀਂ।

ਰੂਪਾਕਾਰਕ ਤੌਰ ਤੇ ਵੀ ਇਸ ਵਿਚ ਬਹੁਬਿਧਤਾ ਦੀ ਅਣਹੋਂਦ ਹੈ। ਜਿਹੜੇ ਵਾਰਤਕ ਰੂਪ 15ਵੀਂ-16ਵੀਂ ਸਦੀ ਵਿਚ ਵਿਕਸਿਤ ਹੋਏ ਲਗਭਗ ਉਹੀ ਵਾਰਤਕ ਰੂਪ ਉੱਨੀਵੀਂ ਸਦੀ ਦੇ ਅੱਧ ਤੱਕ ਪ੍ਰਚਲਿਤ ਰਹੇ। ਇਨ੍ਹਾਂ ਰੂਪਾਕਾਰਾਂ ਦੀ ਵੀ ਇਹ ਵਿਸ਼ੇਸ਼ਤਾ ਹੈ ਕਿ ਇਹ ਕਈ ਵਾਰ ਰੂਪਾਕਾਰਕ ਸ਼ੁੱਧਤਾ ਜਾਂ ਹੱਦਬੰਦੀ ਤੋੜ ਕੇ ਹੋਰ ਰੂਪਾਕਾਰ ਦੀ ਸੀਮਾ ਵਿਚ ਸਹਿਵਨ ਹੀ ਪ੍ਰਵੇਸ਼ ਕਰ ਜਾਂਦੇ ਹਨ। ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਧੁਨਿਕ ਪੰਜਾਬੀ ਜੀਵਨੀ ਦਾ ਮੁੱਢਲਾ ਮੌਲਿਕ ਨਕਸ਼ ਮੱਧਕਾਲੀਨ ਪੰਜਾਬੀ ਵਾਰਤਕ ਦੀ ਪ੍ਰਮੁੱਖ ਰੂਪਾਕਾਰਕ ਵੰਨਗੀ ਜਨਮਸਾਖੀ ਵਿਚ ਹੀ ਪਿਆ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਦੀ ਜੀਵਨ-ਦ੍ਰਿਸ਼ਟੀ ਤੇ ਮੂਲ ਪ੍ਰੇਰਕ ਜਜ਼ਬਾ ਧਰਮ ਹੈ ਇਸੇ ਲਈ ਇਹ ਵਧੇਰੇ ਕਰਕੇ ਧਰਮ ਦੀਆਂ ਲੌਕਿਕ ਲੋੜਾਂ ਦੀ ਪੂਰਤੀ ਕਰਨ ਤਕ ਸੀਮਿਤ ਰਹੀ ਹੈ। ਇਹ ਮਨੋਰਥ ਪ੍ਰਧਾਨ ਹੈ। ਇਸਦੇ ਸਾਹਮਣੇ ਧਾਰਮਿਕਤਾ ਦਾ ਆਦਰਸ਼ ਹੈ। ਧਾਰਮਿਕ ਨਾਇਕ ਦੀ ਸੰਪੂਰਨਤਾ ਤੇ ਸਿਰਮੌਰਤਾ ਨੂੰ ਸਿੱਧ ਕਰਨਾ ਇਸਦਾ ਮੁੱਖ ਆਸ਼ਾ ਹੈ। ਮਨੁੱਖ ਤੇ ਉਸਦੀ ਮਨੁੱਖਤਾ ਦੀਆਂ ਸਮੱਸਿਆਵਾਂ ਇਸਦਾ ਕੇਂਦਰ ਨਹੀਂ ਹਨ।

ਮੱਧਕਾਲੀਨ ਪੰਜਾਬੀ ਵਾਰਤਕ ਦਾ ਵੱਡਾ ਭਾਗ ਕੁਝ ਹੱਦ ਤੱਕ ਮੌਲਿਕ ਨਹੀਂ ਕਿਹਾ ਜਾ ਸਕਦਾ। ਇਸਦਾ ਵੱਡਾ ਭਾਗ ਪੂਰਵ-ਰਚਿਤ ਕਾਵਿ ਉੱਤੇ ਆਧਾਰਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ, ਭਾਈ ਗੁਰਦਾਸ ਜੀ ਦੀ ਵਾਰਾਂ ਤੇ ਹੋਰ ਮੱਧਕਾਲੀਨ ਕਾਵਿ-ਰਚਨਾਵਾਂ ਇਸਦੀ ਆਧਾਰ-ਸਮੱਗਰੀ ਹਨ। ਕਈ ਵਾਰ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਮੱਧਕਾਲੀਨ ਪੰਜਾਬੀ ਵਾਰਤਕ ਦਾ ਸਿਰਜਣ ਬਾਣੀ ਤੇ ਮੱਧਕਾਲ ਦੇ ਹੋਰ ਧਾਰਮਿਕ-ਕਾਵਿ ਦੀ ਸਰਲੀਕ੍ਰਿਤ ਵਿਆਖਿਆ ਜਾਂ ਇਸਨੂੰ ਸਮਝਣਯੋਗ ਬਣਾਉਣ ਦੇ ਉਦੇਸ਼ ਨਾਲ ਹੀ ਹੋਈ। ਜਨਮਸਾਖੀ ਤੋਂ ਸ਼ੁਰੂ ਹੋਈ ਸਹਿਜ ਵਿਆਖਿਆ ਪਰਮਾਰਥ ਜਾਂ ਟੀਕਾ ਪਰੰਪਰਾ ਤਕ ਆਉਂਦੇ-ਆਉਂਦੇ ਸਜਤਨ ਵਿਆਖਿਆ ਵਿਚ ਬਦਲ ਗਈ।

ਮੱਧਕਾਲੀਨ ਪੰਜਾਬੀ ਵਾਰਤਕ ਦੀ ਮੁੱਢਲੀ ਵਿਸ਼ੇਸ਼ਤਾ ਇਸਦੀ ਗਾਲਪਨਿਕਤਾ ਹੈ। ਆਧੁਨਿਕ ਪੰਜਾਬੀ ਵਾਰਤਕ ਨਾਲੋਂ ਇਸਦੀ ਵੱਖਰਤਾ ਇਸੇ ਗਾਲਪਨਿਕ ਪ੍ਰਵਿਰਤੀ ਦੇ ਰੂਪ ਵਿਚ ਸਥਾਪਿਤ ਹੁੰਦੀ ਹੈ। ਇਸਦੀ ਗਾਲਪਨਿਕ ਪ੍ਰਵਿਰਤੀ ਨੇ ਇਸਦਾ ਰੂਪ ਬਿਰਤਾਂਤਕ ਬਣਾ ਦਿੱਤਾ ਹੈ। ਆਧੁਨਿਕ ਕਾਲ ਤੱਕ ਆਉਂਦੇ-ਆਉਂਦੇ ਪੰਜਾਬੀ ਵਾਰਤਕ ਵਿਚ ਗਾਲਪਨਿਕਤਾ ਘਟਦੀ ਗਈ ਹੈ ਤੇ ਤੱਥਮੂਲਕਤਾ ਵਧਦੀ ਗਈ ਹੈ। ਪਰ ਗਾਲਪਨਿਕਤਾ ਮੱਧਕਾਲੀਨ ਪੰਜਾਬੀ ਵਾਰਤਕ ਦੇ ਸੁਹਜ-ਸ਼ਾਸਤਰ ਦਾ ਮੂਲ ਧੁਰਾ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਵਿਚ ਮਿਥਿਹਾਸਕਤਾ, ਇਤਿਹਾਸ, ਧਰਮ, ਸਮਾਜਿਕਤਾ ਆਦਿ ਦੀ ਸਾਂਝੀ ਸ਼ਮੂਲੀਅਤ ਹੈ। ਇਹ ਇਸ ਵਾਰਤਕ ਦੀ ਵਿਲੱਖਣ ਵਿਸ਼ੇਸ਼ਤਾ ਹੈ। ਆਧੁਨਿਕ ਪੰਜਾਬੀ ਵਾਰਤਕ ਵਿਚ ਅਜਿਹੀ ਬਹੁਭਾਂਤੀ ਬਹੁਬਿੱਧਤਾ ਨਜ਼ਰ ਨਹੀਂ ਆਉਂਦੀ। ਜਿੱਥੇ ਮੱਧਕਾਲੀਨ ਪੰਜਾਬੀ ਵਾਰਤਕ ਦਾ ਫੋਕਸ ਵਧੇਰੇ ਕਰਕੇ ਧਰਮ ਹੈ ਉੱਥੇ ਆਧੁਨਿਕ ਪੰਜਾਬੀ ਵਾਰਤਕ ਸਮਾਜਿਕਤਾ ਉਪਰ ਕੇਂਦਰਿਤ ਹੁੰਦੀ ਗਈ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਮੂਲ ਰੂਪ ਵਿਚ ਰਸਿਕ ਪ੍ਰਵਿਰਤੀ ਦੀ ਹੈ। ਇਹ ਗੁਰੂ ਵਰੋਸਾਏ ਵਿਅਕਤੀਆਂ ਦੇ ਅਨੁਭਵ ਦਾ ਪ੍ਰਗਟਾਵਾ ਹੈ। ਇਹ ਬੌਧਿਕ ਪੇਚੀਦਗੀਆਂ ਤੋਂ ਰਹਿਤ, ਸਰਲ, ਸਾਦਾ ਤੇ ਸਿੱਧੀ ਹੈ। ਇਹ ਤਣਾਉ-ਮੁਕਤ ਵਾਰਤਕ ਹੈ। ਇਸਦੀ ਵਾਰਤਕ ਸ਼ੈਲੀ ਸਹਿਜ ਹੈ। ਇਸ ਵਿਚ ਬੋਲ-ਚਾਲੀ ਲਹਿਜ਼ੇ ਨੂੰ ਮੁੱਖ ਰੱਖਿਆ ਗਿਆ ਹੈ। ਸਧਾਰਣ ਸਹਿਜ ਗੱਲਾਂ ਕਰਨ ਵਾਂਗ ਸਾਖੀ ਲਿਖੀ ਜਾ ਰਹੀ ਹੈ। ਇਹ ਵਾਰਤਕ ਹਰ ਤਰ੍ਹਾਂ ਦੇ ਉਚੇਚ ਤੇ ਪੋਚਾ-ਪਾਚੀ ਤੋਂ ਮੁਕਤ ਹੈ।

ਮੱਧਕਾਲੀਨ ਪੰਜਾਬੀ ਵਾਰਤਕ ਦਾ ਮੁਢਲਾ ਜਾਂ ਪਹਿਲਾ ਪੜਾਉ ਗੁਰ-ਅਨੁਭਵ ਜਾਂ ਗੁਰ-ਸਾਖੀ ਹੈ ਤੇ ਦੂਜਾ ਪੜਾਉ ਗੁਰੂ-ਬੋਲਾਂ ਦੀ ਵਿਆਖਿਆ ਹੈ। ਜਨਮਸਾਖੀ ਤੋਂ ਪਰਮਾਰਥ ਜਾਂ ਟੀਕਾ ਪਰੰਪਰਾ ਵੱਲ ਵਿਕਾਸ ਇਸੇ ਪ੍ਰਵਿਰਤੀ ਦੀ ਗਵਾਹੀ ਹਨ।

### 1.5. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਪ. ਪਿਆਰ ਸਿੰਘ)

ਇਸ ਜਨਮਸਾਖੀ ਦਾ ਇਕੋ-ਇਕ ਖਰੜਾ ਇੰਡੀਆ ਆਫਿਸ ਲਾਇਬਰੇਰੀ ਲੰਡਨ ਵਿਚ ਸੁਰੱਖਿਅਤ ਹੈ ਪਰ ਇਸਦੀ ਇਕ ਫੋਟੋਸਟੇਟ ਕਾਪੀ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਤੇ ਇਸਦੀ ਇਕ ਮਾਈਕ੍ਰੋਫਿਲਮ ਕਾਪੀ ਪੰਜਾਬ ਸਟੇਟ ਆਰਕਾਈਵਜ਼ ਵਿਚ ਪਈ ਹੈ। ਇਸਨੂੰ ਡਾ. ਪਿਆਰ ਸਿੰਘ ਨੇ ਸੰਪਾਦਿਤ ਕੀਤਾ ਹੈ। ਇਹ ਜਨਮਸਾਖੀ ਪੁਰਾਤਨ ਪੰਜਾਬੀ ਵਾਰਤਕ ਦਾ ਪ੍ਰਮਾਣਿਕ ਨਮੂਨਾ ਕਿਹਾ ਜਾ ਸਕਦਾ ਹੈ। ਭਾਵੇਂ ਇਹ ਜਨਮਸਾਖੀ ਲਗਭਗ ਸੰਮਤ 1790 (1733 ਈ.) ਦੀ ਸਿੱਧ ਹੁੰਦੀ ਹੈ ਪਰ ਇਸ ਵਿਚ ਆਈਆਂ ਸਾਖੀਆਂ ਘਟਨਾ ਦੇ ਵਿਕਾਸ ਦੇ ਪੱਖ ਤੋਂ ਪੁਰਾਤਨ ਜਨਮਸਾਖੀ ਤੇ ਆਦਿ ਸਾਖੀਆਂ ਵਾਲੀਆਂ ਪਰੰਪਰਾਵਾਂ ਦੇ ਪੁਰਾਣੇ ਰੂਪ ਸਾਂਭੀਂ ਬੈਠੀਆਂ ਹਨ।

ਹਥਲੀ ਜਨਮਸਾਖੀ ਲੇਖਕ ਤੇ ਲਿਖਣ-ਕਾਲ ਸਬੰਧੀ ਸੂਚਨਾ ਦੇਣ ਵਿਚ ਦੂਜੀਆਂ ਜਨਮਸਾਖੀਆਂ ਤੋਂ ਵਧੇਰੇ ਸਪੱਸ਼ਟ ਹੈ। ਹੇਠ ਲਿਖੇ ਹਵਾਲੇ ਦੇਖੇ ਜਾ ਸਕਦੇ ਹਨ:

ਭਾਈ ਸੰਗੂ ਪੋਥੀ ਲਿਖਵਾਈ ਦਿਸਵੰਧੀ ਦੇ ਪੁਤੁ, ਟੈਹਲੀਏ ਸੰਗਤ ਦੇ।। ਲਿਖੀ ਦਏ ਖਤਰੇਟੇ ਸੰਗਤ ਦੇ ਅਧੀਨ।। ਸੂਰਤਾਂ ਲਿਖੀਆਂ ਆਲਮਚੰਦ ਰਾਜ, ਟੈਹਲੀਏ ਸੰਗਤ ਦੇ।।

ਸਾਖੀ ਪੂਰੀ ਹੋਈ।। ਸੰਮਤ।। 1790 ।। ਮਿਤੀ ਭਾਧ੍ਰੋਂ ਸੁਦੀ 3, ਵਾਰ ਸੁਕਰ।।

ਇਹ ਜਨਮਸਾਖੀ ਸਚਿੱਤਰ ਹੈ। ਇਸ ਵਿਚ 57 ਸਾਖੀਆਂ ਦੇ ਨਾਲ 57 ਚਿੱਤਰ ਵੀ ਹਨ। ਇਹ ਸਾਰੇ ਚਿੱਤਰ ਰੰਗਦਾਰ ਹਨ। ਇਨ੍ਹਾਂ ਚਿੱਤਰਾਂ ਨੂੰ ਚਿਤਰਣ ਵਾਲੇ ਦਾ ਨਾਂ ਉਪਰੋਕਤ ਹਵਾਲੇ ਵਿਚ ਆਲਮਚੰਦ ਰਾਜ ਹੋਣ ਦੀ ਸੂਚਨਾ ਮਿਲਦੀ ਹੈ ਪਰ ਉਸ ਸਬੰਧੀ ਹੋਰ ਕੋਈ ਵੇਰਵਾ ਇਸ ਜਨਮਸਾਖੀ ਵਿਚ ਨਹੀਂ ਮਿਲਦਾ। ਜਨਮਸਾਖੀ ਲਿਖਣ ਵਾਲੇ ਲਿਖਦੇ ਸਮੇਂ ਅਕਸਰ ਚਿੱਤਰਾਂ ਲਈ ਥਾਂ ਖਾਲੀ ਛੱਡ ਦਿੰਦੇ ਸਨ, ਜਿਸ ਉਪਰ ਬਾਅਦ ਵਿਚ ਚਿੱਤਰ ਚਿਪਕਾ ਦਿੱਤਾ ਜਾਂਦਾ ਸੀ।

ਕੀ ਜਨਮਸਾਖੀ ਇਤਿਹਾਸਕ ਪ੍ਰਮਾਣ ਵਜੋਂ ਵਰਤੀ ਜਾ ਸਕਦੀ ਹੈ? ਇਸ ਉਪਰ ਅਕਸਰ ਸੰਦੇਹ ਕੀਤਾ ਜਾਂਦਾ ਹੈ। ਇਸ ਬਾਰੇ ਕੋਈ ਇਕ ਵਿਸ਼ੇਸ਼ ਇਕਮੁਖੀ ਰਾਏ ਬਣਾਏ ਜਾਣਾ ਉਚਿਤ ਨਹੀਂ। ਇਹ ਠੀਕ ਹੈ ਕਿ ਜਨਮਸਾਖੀ ਦਾ ਮਨੋਰਥ ਇਤਿਹਾਸ ਲਿਖਣਾ ਨਹੀਂ ਸਗੋਂ ਧਾਰਮਿਕ ਆਸਥਾ ਵਧੇਰੇ ਹੈ, ਪਰ ਜਨਮਸਾਖੀ ਵਿਚ ਸਹਿਵਨ ਹੀ ਕੁਝ ਇਕ ਇਤਿਹਾਸਕ ਪ੍ਰਸੰਗ ਵੀ ਸਪਸ਼ਟ ਹੋ ਗਏ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਇਤਿਹਾਸਕ ਟੋਹ ਦੇਣ ਵਿਚ

ਜਨਮਸਾਖੀਆਂ ਨੇ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਜੇਕਰ ਜਨਮਸਾਖੀਆਂ ਨਾ ਹੁੰਦੀਆਂ ਤਾਂ ਅਸੀਂ ਬਹੁਤ ਸਾਰੇ ਖੱਪੇ ਤੇ ਇਤਿਹਾਸਕ ਖਾਮੋਸ਼ੀਆਂ ਨੂੰ ਪੂਰ ਕਰ ਸਕਣ ਵਿਚ ਕਾਮਯਾਬ ਨਾ ਹੁੰਦੇ। ਅਸਲ ਵਿਚ ਜਨਮਸਾਖੀ ਦੀ ਇਤਿਹਾਸ ਪ੍ਰਤੀ ਆਪਣੀ ਇਕ ਵਿਲੱਖਣ ਦ੍ਰਿਸ਼ਟੀ ਹੈ। ਇਸ ਵਿਲੱਖਣ ਦ੍ਰਿਸ਼ਟੀ ਨੂੰ ਸਮਝੇ ਬਗੈਰ ਜਨਮਸਾਖੀ ਦੇ ਮਰਮ ਤਕ ਨਹੀਂ ਪੁੱਜਿਆ ਜਾ ਸਕਦਾ। ਜਨਮਸਾਖੀ ਗੁਰੂ ਦੇ ਤੱਥਮੂਲਕ ਜਾਂ ਤੱਤਮੂਲਕ ਇਤਿਹਾਸ ਦੀ ਥਾਂ ਦਿੱਬ-ਰੂਪ ਇਤਿਹਾਸ ਜਾਂ ਜੋਤ ਵਿਚ ਵਧੇਰੇ ਰੁਚੀ ਲੈਂਦੀ ਹੈ। ਆਧੁਨਿਕ ਯੁਗ ਵਿਚ ਪ੍ਰਚੱਲਿਤ ਇਤਿਹਾਸ ਦਾ ਸੰਕਲਪ ਜਾਂ ਟਰਮ ਗੁਰੂ ਦੇ ਜੋਤ-ਰੂਪ ਜਾਂ ਦਿੱਬ-ਰੂਪ ਨੂੰ ਪੂਰੀ ਤਰ੍ਹਾਂ ਪਕੜ ਲੈਣ ਤੋਂ ਅਸਮਰਥ ਹੈ। ਜਨਮਸਾਖੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਤੇ ਵਿਲੱਖਣਤਾ ਗੁਰੂ ਦੀ ਦਿੱਬਤਾ ਦਾ ਮੰਡਲ ਉਸਾਰਨ ਵਿਚ ਹੈ। ਅਕਾਲ ਰੂਪ ਬਾਬੇ ਦੀ ਦਿੱਬਤਾ ਨੂੰ ਕਾਲਕ੍ਰਮਕ ਇਤਿਹਾਸ ਦੀ ਥਾਂ ਸਾਖੀ ਵਿਚ ਸਾਕਾਰ ਕਰਨਾ ਜਨਮਸਾਖੀ ਦੀ ਹੀ ਵਿਸ਼ੇਸ਼ਤਾ ਹੈ ਜੋ ਸ਼ਾਇਦ ਹੋਰ ਕਿਸੇ ਵੀ ਜੀਵਨੀਮੂਲਕ ਸਾਹਿਤ ਦੇ ਵੱਸ ਦੀ ਗੱਲ ਨਹੀਂ।

ਇਹ ਜਨਮਸਾਖੀ ਸਾਹਿਤਕ ਪੱਖ ਤੋਂ ਵੀ ਵਿਸ਼ੇਸ਼ ਹੈ। ਇਸਦੀ ਸ਼ਬਦ ਚੋਣ ਬਹੁਤ ਸਾਫ-ਸੁਥਰੀ ਹੈ। ਵਾਕ ਬਹੁਤ ਸੰਗਠਿਤ ਹਨ। ਇਸਦਾ ਲਿਖਣ ਢੰਗ ਨਾਟਕੀ ਤੇ ਚੁਸਤ ਹੈ ਅਤੇ ਮੱਧਕਾਲ ਦੀਆਂ ਬਹੁਤੀਆਂ ਲਿਖਤਾਂ ਵਾਂਗ ਇਸਦੀ ਸ਼ੈਲੀ ਵਾਰਤਾਲਾਪੀ ਹੈ। ਉਦਾਹਰਣ ਵਜੋਂ:

ਮੱਕੇ ਦੀ ਮਸੀਤ ਵਿਚੁ ਬਾਬਾ ਲੰਮੀਆਂ ਟੰਗਾਂ ਮਿਹਰਾਬੁ ਦੀ ਵਲਿ ਕਰਿ ਕੇ ਸੁਤਾ ਥਾ॥ ਤਬ ਇਕੁ ਮੁਲਾ ਮੁਜਾਵਰ ਮਸੀਤ ਦਾ ਆਇ ਨਿਕਲਿਆ ਆਖਿਓਸੁ ਏ ਮਰਦ ਖੁਦਾਇ ਕੇ ਘਰ ਵਲਿ ਪੈਰ ਲੰਬੇ ਕਰਿ ਕੇ ਕਿਉ ਸੁਤਾ ਹੈ॥ ਤਾ ਬਾਬੇ ਕਹਿਆ ਅਖੂਨ ਜੀ ਜਿਤ ਵਲਿ ਘਰੁ ਖੁਦਾਇ ਦਾ ਨਾਹੀ ਉਤਿ ਵਲਿ ਮੇਰੇ ਪੈਰੁ ਕਰਿ ਛਡੁ॥ ਜਬ ਉਨਿ ਮੁਲਾ ਪੈਰ ਬਾਬੇ ਦੇ ਉਤਰ ਕੀ ਤਰਫ ਕੀਤੇ॥ ਤਾ ਮਿਹਰਾਬੁ ਉਸੀ ਤਰਫ ਹੋਇ ਗਇਆ॥

ਹਥਲੀ ਜਨਮਸਾਖੀ ਦੀ ਭਾਸ਼ਾ ਹੋਰਨਾਂ ਜਨਮਸਾਖੀਆਂ ਦੀ ਭਾਸ਼ਾ ਪਰੰਪਰਾ ਨੂੰ ਹੀ ਨਿਭਾਉਂਦੀ ਹੈ। ਭਾਸ਼ਾ ਵਿਗਿਆਨੀਆਂ ਨੇ ਇਸਦੇ ਸ਼ਬਦ ਸੰਸਾਰ ਤੇ ਸੰਚਾਰ ਨੂੰ ਦੇਖਦੇ ਹੋਏ ਇਸਨੂੰ ਸਾਧ ਭਾਸ਼ਾ, ਸਧੂਕੜੀ ਜਾਂ ਹਿੰਦਵੀ ਦਾ ਨਾਂ ਦਿੱਤਾ ਹੈ। ਇਹ ਉਹ ਭਾਸ਼ਾ ਰੂਪ ਹੈ ਜੋ ਖਾਸ ਕਰਕੇ ਉੱਤਰੀ ਹਿੰਦੋਸਤਾਨ ਵਿਚ ਵਿਕਸਿਤ ਹੋਇਆ। ਇਸੇ ਵਿਚ ਲਗਭਗ ਸਮੁੱਚੀ ਭਗਤੀ ਲਹਿਰ ਵਿਕਸਿਤ ਹੋਈ। ਜਨਮਸਾਖੀ ਨੇ ਵੀ ਭਾਸ਼ਾ ਦੇ ਇਸੇ ਪ੍ਰਵਾਨਿਤ ਤੇ ਪ੍ਰਚੱਲਿਤ ਰੂਪ ਨੂੰ ਅਪਣਾਇਆ। ਇਸ ਵਿਚ ਅਜਿਹਾ ਸਰਬਸਾਂਝਾ ਗੁਣ ਹੈ ਜਿਸ ਕਰਕੇ ਇਸਨੂੰ ਪੜ੍ਹਨ-ਸਮਝਣ ਵਿਚ ਬਹੁਤੀ ਕਠਿਨਤਾ ਪੇਸ਼ ਨਹੀਂ ਆਉਂਦੀ।

ਇਸ ਜਨਮਸਾਖੀ ਵਿਚ ਆਈਆਂ ਸਾਖੀਆਂ ਦਾ ਵੇਰਵਾ ਇਹ ਹੈ: ਅਵਤਾਰ/ਬਾਲਪਣ, ਸਾਖੀ ਪਾਂਧੇ ਨਾਲਿ, ਕੁੜਮਾਈ ਤੇ ਵਿਆਹ, ਖੇਤ ਹਰਿਆ ਕੀਤਾ, ਬਿਰਛ ਦੀ ਛਾਂ ਨਾ ਫਿਰੀ, ਸੌਦਾਗਰੀ, ਗੋਸ਼ਟਿ ਵੈਦ ਨਾਲ, ਮੋਦੀਖਾਨਾ, ਵੇਈਂ ਪ੍ਰਵੇਸ਼, ਕਾਜੀ ਨਾਲ ਚਰਚਾ, ਉਪਲ ਖਤ੍ਰੀਆਂ ਦੀ ਬਸਤੀ, ਗੋਸ਼ਟਿ ਮਾਤਾ ਪਿਤਾ ਨਾਲਿ, ਗੋਸ਼ਟਿ ਅਬਦਲ ਰਹਮਾਨ ਨਾਲ, ਸਾਖੀ ਰਾਖਸ਼

ਨਾਲ ਹੋਈ, ਸਾਖੀ ਭੋਲੇ ਚੋਰ ਨਾਲਿ ਹੋਈ, ਸਾਖੀ ਕਲਿਜੁਗ ਨਾਲਿ, ਧੰਨ ਏਹੁ ਇਸਤ੍ਰੀਆਂ, ਮਕਾ ਫੇਰਿਆ, ਬਾਬਾ ਰਤਨ ਹਾਜੀ ਨਾਲਿ ਗੋਸ਼ਟਿ ਹੋਈ, (ਗੋਸ਼ਟਿ) ਸੇਖੁ ਬ੍ਰਾਹਮ ਨਾਲਿ ਹੋਈ, ਸੈਦਪੁਰ ਦਾ ਕਤਲਾਮ, ਸਿਧਿ ਗੋਸ਼ਟਿ ਹੋਈ, ਅੰਗਦ ਜੀ ਭਉਣਿ ਚਲਿਆ, ਸਾਖੀ ਮੂਲੇ ਖਤਰੀ ਨਾਲਿ, ਸ੍ਰੀ ਗੋਰਖ ਨਾਲ ਭੇਟ, ਬਾਬਾ ਅਚਲ ਗਇਆ, ਬਾਬਾ ਜੀ ਮੱਕੇ ਗਇਆ, ਸਾਖੀ ਬਾਬੇ ਜੀ ਕੀ ਕਬੀਰ ਭਗਤੁ ਨਾਲਿ ਹੋਈ, ਸਾਖੀ ਰਾਜੇ ਸ਼ਿਵਨਾਭ ਦੀ ਚਲੀ, ਬਾਬਾ ਜੀ ਕਾਬਲ ਗਏ, ਸਾਖੀ ਭੁਟੰਤ ਕੇ ਦੇਸ ਕੀ ਚਲੀ, ਸਾਖੀ ਬਾਬਾ ਜੀ ਕਸ਼ਮੀਰ ਗਏ, ਬਾਬਾ ਜੀ ਰੁਹੇਲੇ ਪਠਾਣਾ ਦੇ ਦੇਸ ਜਾਇ ਨਿਕਲਿਆ, ਦੈਂਤ ਨੂੰ ਤਾਰਿਆ, ਸਾਖੀ ਅਜਿਤੈ ਨਾਲ ਹੋਈ, ਤਾ ਬਾਬਾ ਹਿੰਵਚਲ ਆਇਆ, ਬਾਬਾ ਜੀ ਗੁਜਰਾਤ ਗਏ, ਸਾਖੀ ਠੱਗਾਂ ਦੀ ਚਲੀ, ਸਾਖੀ ਗੋਸ਼ਟਿ ਸੇਖ ਸਰਫ ਨਾਲਿ ਹੋਈ, ਸਾਖੀ ਬੀਚਾਰ ਫਕੀਰੀ ਕਾ, ਗੋਸ਼ਟਿ ਗੋਰਖ ਨਾਥ ਨਾਲਿ ਹੋਈ, ਗੋਸ਼ਟਿ ਗੁਰੂ ਬਾਬੇ ਜੀ ਕੀ ਅੰਗਦਿ ਨਾਲਿ ਹੋਈ, ਸਾਖੀ ਗੁਰੂ ਅੰਗਦ ਨਾਲਿ, ਸਾਖਿ ਬਾਬੇ ਤੇ ਮਰਦਾਨੇ ਦੀ ਹੋਈ, ਸਾਖੀ ਚਲਾਣੇ ਦੀ, ਆਦਿ।

### 1.6. ਮੁਢਲੀ ਪੰਜਾਬੀ ਵਾਰਤਕ (ਸੰਪ. ਤਾਰਨ ਸਿੰਘ):ਵਿਹਾਰਕ ਅਧਿਐਨ

#### 1.6.1. ਪੁਰਾਤਨ ਜਨਮ ਸਾਖੀ

#### ਵੇਈਂ ਪ੍ਰਵੇਸ਼: ਮੂਲ-ਪਾਠ

ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰੀਆਉ ਵੈਦਾ ਆਹਾ, ਸੁ ਇਕਿ ਦਿਨਿ ਇਕ ਖਿਜਮਤਿਦਾਰੁ ਲੈਕਰਿ ਗਇਆ, ਕਪੜੇ ਲਾਇ ਖਿਜਮਤਿਦਾਰ ਕੇ ਹਵਾਲੈ ਕੀਤੈ, ਆਪਿ ਨਾਵਣਿ ਪਇਆ । ਜਿਉ" ਪਇਆ ਤਿਉ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ । ਸੇਵਕਾਂ ਜਾਇ ਅਰਜ਼ ਕੀਤੀ "ਜੀ ਨਾਨਕ ਹਾਜਰੁ ਹੈ।' ਤਬਿ ਸਚੀ ਦਰਗਾਹੁ ਦਰਸਨੁ ਹੋਆ,ਸਾਹਿਬੁ ਮਿਹਰਵਾਨੁ ਹੋਆ । ਤਬਿ ਓਹੁ ਖਿਜਮਤਦਾਰੁ ਕਪੜਿਆਂ ਉਤੇ ਖੜਾ ਆਹਾ, ਸੋ ਖੜਾ ਖੜਾ ਹੁਟਿ ਗਇਆ । ਓਨਿ ਆਖਿਆ, ਜੋ "ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀ ।` ਓਸਿ ਆਇ ਖਾਨ ਪਾਸਿ ਅਰਜੁ ਕੀਤੋਸੁ, 'ਖਾਨ ਸਲਾਮਤਿ ! ਨਾਨਕ ਦਰੀਆਉ ਵਿਚਿ ਪਇਆ ਆਹਾ ਸੋ ਨਿਕਲਿਓ ਨਹੀ" ।ਤਬਿ ਖਾਨ ਬਹੁਤੁ ਦਲਗੀਰੁ ਹੋਆ । ਫਿਰਿ ਅਸਵਾਰ ਹੋਆ, ਆਖਿਓਸੁ, "ਨਾਨਕ ਭਲਾ ਵਜੀਰੁ ਥਾ"। ਖਾਨ ਘਰਿ ਆਇਆ ।

ਆਗਿਆ ਪਰਮੇਸਰ ਕੀ ਹੋਈ, ਜੋ ਨਾਨਕੁ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ । ਹੁਕਮੁ ਹੋਆ "ਨਾਨਕ ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਉ । ਤਬਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਬਾਨ ਹੋਆ, 'ਨਾਨਕ ਮੈ' ਤੇਰੇ ਨਾਲਿ ਹਾਂ । ਮੈ ਤੇਰੇ ਤਾਈ ਨਿਹਾਲ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੈਗਾ ਸੋ ਸਭ ਮੈ ਨਿਹਾਲ ਕੀਤੇ ਹੈਨਿ । ਤੂ ਜਾਇ ਕਰ ਮੇਰਾ ਨਾਮੁ ਜਪਿ, ਅਰੁ ਲੋਕਾਂ ਥੀ ਭੀ ਜਪਾਇ

! ਅਰੁ ਸੰਸਾਰ ਥੀ ਨਿਰਲੇਪ ਰਹੁ, ਨਾਮੁ, ਦਾਨੁ, ਇਸਨਾਨੁ, ਸੇਵਾ, ਸਿਮਰਨ ਵਿਚਿ ਰਹੁ । ਮੈ" ਤੇਰੇ ਤਾਈਂ ਆਪਣਾ ਨਾਮੁ ਦੀਆ ਹੈ । ਤੂ ਏਹਾ ਕਿਰਤਿ ਕਰਿ" । ਨਾਨਕ ਸਲਾਮ ਕੀਤਾ, ਖੜਾ ਹੋਆ, ਤਬਿ ਹੁਕਮੁ ਆਇਆ, ਆਗਿਆ ਹੋਈ, ਨਾਨਕ ਮੇਰੇ  ਨਾਮ ਕੀ ਵਡਿਆਈ ਕੈਸੀ ਹੈ?

ਸਿਰੀ ਰਾਗੁ ਮਹਲਾ ੧ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥

ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥

ਸਾਚਾ ਨਿਰੰਕਾਰੁ ਨਿਜ ਥਾਇ ॥

ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥

ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥

ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥

ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥

ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਤਬਿ ਫਿਰਿ ਆਵਾਜੁ ਹੋਆ, "ਨਾਨਕ ਮੇਰਾ ਹੁਕਮੁ ਤੇਰੀ ਨਦਰੀ ਆਇਆ ਹੈ ਤੇ ਮੇਰੇ ਹੁਕਮ ਦੀ ਸਿਫਤਿ ਕਰੁ । ਜੋ ਕਿਸੀ ਕਿਆ ਕਿਆ ਹੋਆ ਹੈ, ਅਤੇ ਮੇਰੇ ਦਰਿ ਵਿਚ ਕਿਆ ਕਿਆ ਸੁਣਿਆ ਬਜੰਤ੍ਰ ਗਾਵਨ ਹਾਰੇ" । ਤਬਿ ਬਾਬਾ ਬੋਲਿਆ ਧੁਨਿ ਉਠੀ:

ਰਾਗੁ ਆਸਾ ਜਪੁ ਮ: ੧ ॥ ਸਲੋਕ ।।

ਆਦਿ ਸਚੁ ਜੁਗਾਦਿ ਸਚੁ ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਜਪੁ ਸੰਪੂਰਣੁ ਕੀਤਾ ॥

ਤਬਿ ਫਿਰਿ ਆਗਿਆ ਆਈ, ਹੁਕਮੁ ਹੋਆ 'ਨਾਨਕ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ । ਜਿਸੁ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮੁ । ਮੇਰਾ ਨਾਉ ਪਾਰਬ੍ਰਹਮ ਪਰਮੇਸਰੁ, ਅਰੁ ਤੇਰਾ ਨਾਉ ਗੁਰੂ ਪਰਮੇਸਰੁ'

ਤਬ ਗੁਰੂ ਨਾਨਕ ਪੈਰੀ ਪਵਿਆ ਸਿਰਪਾਉ ਦਰਗਾਹੋਂ ਬਾਬੇ ਨੂੰ ਮਿਲਿਆ ਸਬਦ ਧੁਨਿ ਉਠੀ, ਰਾਗੁ ਧਨਾਸਰੀ ਹੋਆ ਮਹਲਾ ੧ ਆਰਤੀ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥

ਤਬਿ ਆਗਿਆ ਉਨਾਂ ਸੇਵਕਾਂ ਨੋ ਹੋਈ, ਜੋ "ਨਾਨਕ ਕਉ ਉਸੀ ਘਾਟਿ ਪਹੁਚਾਇ ਆਵਹੁ । ਤਬਿ ਗੁਰੂ ਨਾਨਕ ਕੇ ਤਾਈ ਤੀਸਰੇ ਦਿਨਿ ਉਸੀ ਘਾਟਿ ਆਣਿ ਨਿਕਾਲਿਆ । ਦਰੀਆਉ ਵਿਚੂ ਨਿਕਲਿਆ ਤਬ ਲੋਕਾਂ ਡਿਠਾ । ਲੋਕਾਂ ਕਹਿਆ, "ਯਾਰੋ. ਇਹੁ ਤਾਂ ਦਰੀਆਇ ਵਿਚਿ ਪਇਆ ਆਹਾ, ਏਹੁ ਕਿਥੂ ਪੈਦਾ ਹੋਆ ? ਤਬਿ ਗੁਰੂ ਨਾਨਕ ਡੇਰੈ ਆਇ ਕਰਿ ਵੜਿਆ । ਡੇਰਾ ਸਭੁ ਲੁਟਾਇ ਦੂਰ ਕੀਤੋਸੁ ਲੋਕੁ ਬਹੁਤ ਜੁੜਿ ਗਏ, ਖਾਨੁ ਭੀ ਆਇ ਗਇਆ, ਆਖਿਓਸ, 'ਨਾਨਕ ਤੇਰੇ ਤਾਈ ਕਿਆ ਹੋਆ ਹੈ" । ਤਬਿ ਲੋਕ ਕਹਿਆ, 'ਜੀ ਏਹੁ ਦਰੀਆਉ ਵਿਚਿ ਪਇਆ ਆਹਾ, ਦਰੀਆਉ ਵਿਚੋ ਚੋਟਿ ਖਾਧੀ`।" ਤਬਿ ਖਾਨ ਕਹਿਅ , 'ਯਾਰੋਂ ਵਡਾ ਹੈਫੁ ਹੋਆ` । ਖਾਨ ਦਲਗੀਰ ਹੋਇ ਕਰਿ ਉਠਿ ਗਇਆ । ਤਬ ਗੁਰੂ ਨਾਨਕ ਕੇ ਤੇੜਿ ਇਕਾ ਲੰਗੋਟੀ ਰਹੀ; ਹੋਰੁ ਰਖਿਓਸੁ ਕਿਛੁ ਨਾਹੀ । ਫ਼ਕੀਰਾਂ ਨਾਲਿ ਜਾਇ ਬੈਠਾ । ਨਾਲੇ ਮਰਦਾਨਾ ਡੂਮੁ ਜਾਇ ਬੈਠਾ ।

**ਵੇਈਂ ਪ੍ਰਵੇਸ਼: ਵਿਹਾਰਕ ਅਧਿਐਨ**

ਇਹ ਸਾਖੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਪ੍ਰਵੇਸ਼ ਦੇ ਪ੍ਰਸੰਗ ਨਾਲ ਸਬੰਧਤ ਹੈ। ਪਾਠ ਦੇ ਬਹੁਤੇ ਵੇਰਵੇ ਤੇ ਪ੍ਰਸੰਗ ਪਾਠਕ ਨੂੰ ਪਹਿਲਾਂ ਪ੍ਰਾਪਤ ਹਨ। ਪਾਠਕ ਦੀ ਇਸ ਪ੍ਰਾਪਤੀ ਦਾ ਆਧਾਰ ਮੌਖਿਕ ਪਰੰਪਰਾ ਵੀ ਹੈ ਤੇ ਸਾਖੀ ਪਰੰਪਰਾ ਵੀ। ਸਾਖੀ-ਪਾਠ ਦਾ ਸਿਰਜਣ ਮੌਖਿਕ ਪਰੰਪਰਾ ਤੇ ਵੀ ਟੇਕ ਰਖਦਾ ਹੈ ਬਾਣੀ-ਪਾਠ ਉਪਰ ਵੀ। ਬਹੁਤੀ ਵਾਰ ਬਾਣੀ-ਪਾਠ ਮੌਖਿਕ

ਪਰੰਪਰਾ ਤੋਂ ਪ੍ਰਾਪਤ ਘਟਨਾ ਜਾਂ ਸੱਚ ਦੀ ਗਵਾਹੀ ਬਣਦਾ ਹੈ। ਬਾਣੀ-ਪਾਠ ਦੇ ਹਵਾਲੇ ਨਾਲ ਸਾਖੀ ਘਟਨਾ ਜਾਂ ਸੱਚ ਨੂੰ ਸਚਿਆਉਣ ਜਾਂ ਪ੍ਰਮਾਣਿਤ ਕਰਦੀ ਹੈ। ਇਸ ਤਰ੍ਹਾਂ ਸਾਖੀ ਦੀ ਟੈਕਸਟ ਬਾਣੀ ਤੇ ਮੌਖਿਕ ਪਰੰਪਰਾ ਦੇ ਸੰਯੋਗ ਵਿਚੋਂ ਉਦੈ ਹੁੰਦੀ ਹੈ। ਮਿਸਾਲ ਵਜੋਂ 'ਵੇਈਂ ਪ੍ਰਵੇਸ਼'’ਸਾਖੀ ਵਿਚ ‘ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ’ ਅਤੇ ‘ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ’ ਸ਼ਬਦ ਦੇਖੇ ਜਾ ਸਕਦੇ ਹਨ। ਇਸ ਪਾਠ ਵਿਚ ਇਤਿਹਾਸਕ ਸਥਾਨ ਦਾ ਵੇਰਵਾ ਹੈ ਪਰ ਇਸਦੀ ਦ੍ਰਿਸ਼ਟੀ ਇਤਿਹਾਸ ਨੂੰ ਪੇਸ਼ ਕਰਨਾ ਨਹੀਂ। ਇਸਦਾ ਮਨੋਰਥ ਗੁਰੂ-ਦਿੱਬਤਾ ਦਾ ਅਨੁਭਵ ਕਰਾਉਣਾ ਹੈ। ਵੇਈਂ, ਮੱਕਾ ਮਦੀਨਾ ਆਪਣੀ ਇਤਹਾਸਕਤਾ ਸਮੇਤ ਹਾਜ਼ਰ ਹੁੰਦੇ ਹੋਏ ਵੀ ਇਤਿਹਾਸਕ ਪ੍ਰਕਾਰਜ ਦੀ ਥਾਂ ਸੰਕਲਪਕ ਪ੍ਰਕਾਰਜ ਨਿਭਾ ਰਹੇ ਹਨ। ਮਿਸਾਲ ਵਜੋਂ 'ਵੇਈਂ ਪ੍ਰਵੇਸ਼'’ਸਾਖੀ ਵਿਚ ਵੇਈਂ ਦੀ ਇਤਿਹਾਸਕਤਾ ਕੇਵਲ ਪ੍ਰਸੰਗ ਸਿਰਜਣ ਤਕ ਰਹਿੰਦੀ ਹੈ ਤੇ ਸਾਖੀ ਦਾ ਵੱਡਾ ਭਾਗ ਗੁਰੂ ਨਾਨਕ ਦੇ ਦਰਗਾਹ ਵਿਚ ਪਰਿਵਰਤਿਤ ਹੋਏ ਪੈਗੰਬਰੀ ਰੂਪ ਦੀ ਸੰਕਲਪਕ ਵਿਆਖਿਆ ਵੱਲ ਫੈਲ ਜਾਂਦਾ ਹੈ। ਸਾਖੀ-ਪਾਠ ਦੀ ਸੰਰਚਨਾਤਮਕ ਬਣਤਰ ਬਿਰਤਾਂਤ ਦੇ ਨਾਲ-ਨਾਲ ਸੰਕਲਪਕ ਵੀ ਹੈ। ਸਗੋਂ ਸਾਖੀਕਾਰ ਦਾ ਉਦੇਸ਼ ਬਿਰਤਾਂਤ ਦੇ ਮਾਧਿਅਮ ਰਾਹੀਂ ਗੁਰੂ ਜਾਂ ਗੁਰਮਤਿ ਸੰਕਲਪ ਨੂੰ ਹੀ ਦ੍ਰਿੜ੍ਹ ਕਰਾਉਣ ਦਾ ਹੈ। ਮਿਸਾਲ ਵਜੋਂ 'ਵੇਈਂ ਪ੍ਰਵੇਸ਼'’ਸਾਖੀ ਵਿਚ ਨਾਮੁ, ਦਾਨੁ, ਇਸਨਾਨੁ, ਸੇਵਾ, ਸਿਮਰਨ ਦੇ ਸੰਕਲਪਕ ਸ਼ਬਦ ਦੇਖੇ ਜਾ ਸਕਦੇ ਹਨ। ਫਿਰ ਵੀ ਸਾਖੀ-ਪਾਠ ਦੀ ਸੰਰਚਨਾ ਤੇ ਪ੍ਰਕਿਰਤੀ ਬਾਣੀ-ਪਾਠ ਜਿੰਨੀ ਸ਼ੁੱਧ ਸੰਕਲਪਕ ਨਹੀਂ। ਬਿਰਤਾਂਤ ਦੇ ਮਾਧਿਅਮ ਰਾਹੀਂ ਕਹੀ ਗਈ ਸੰਕਲਪਕਤਾ ਨੂੰ ਹੋਰ ਦ੍ਰਿੜ ਤੇ ਪੁਸ਼ਟ ਕਰਾਉਣ ਲਈ ਬਾਣੀ-ਪਾਠ ਦਾ ਹਵਾਲਾ ਵੀ ਨਾਲ-ਨਾਲ ਦਰਜ ਕੀਤਾ ਗਿਆ ਮਿਲਦਾ ਹੈ। ਸਾਖੀ-ਪਾਠ ਦੀ ਸੰਰਚਨਾ ਨੂੰ ਇਸ ਤੋਂ ਬਗੈਰ ਨਹੀਂ ਸਮਝਿਆ ਜਾ ਸਕਦਾ। ਮੌਖਿਕ ਪਰੰਪਰਾ ਦਾ ਅਨੁਸਰਣ ਇਸਦੀ ਭਾਸ਼ਾ ਸ਼ੈਲੀ ਵਿਚ ਵੀ ਹੈ। ਇਸਦੀ ਭਾਸ਼ਾ ਬੋਲ-ਭਾਸ਼ਾ ਜਾਂ ਬੋਲਚਾਲੀ ਰੂਪ ਦੇ ਵਧੇਰੇ ਨਿਕਟ ਹੈ। ਇਹ ਸਹਿਜ ਸੰਚਾਰ ਦਾ ਧਰਮ ਪਾਲਦੀ ਭਾਸ਼ਾ ਹੈ। ਇਸ ਸਾਖੀ-ਪਾਠ ਦੀ ਮੁਢਲੀ ਪ੍ਰਕਿਰਤੀ ਬਿਰਤਾਂਤਕ ਹੈ। ਬਿਰਤਾਂਤ ਘਟਨਾ-ਪ੍ਰਧਾਨ ਹੁੰਦਾ ਹੈ। ਸਾਖੀ ਵੀ ਇਕ ਵਿਸ਼ੇਸ਼ ਘਟਨਾ ਜਾਂ ਪ੍ਰਸੰਗ ਦੇ ਦੁਆਲੇ ਕੇਂਦਰਿਤ ਹੋ ਕੇ ਬਿਰਤਾਂਤ ਸਿਰਜਦੀ ਹੈ। ਬਿਰਤਾਂਤ ਦੇ ਨਾਲ-ਨਾਲ ਇਹ ਵਿਆਖਿਆ ਵਿਚ ਵੀ ਰੁਚੀ ਲੈਂਦੀ ਹੈ।

### 1.7. ਅਭਿਆਸ ਲਈ ਪ੍ਰਸ਼ਨ:

2. ਮੱਧਕਾਲੀ ਪੰਜਾਬੀ ਵਾਰਤਕ ਦਾ ਆਰੰਭ ਕਦੋਂ ਹੋਇਆ ਮੰਨਿਆ ਜਾਂਦਾ ਹੈ?
3. ਪੁਰਾਤਨ ਜਨਮ ਸਾਖੀ ਦਾ ਰਚਨਾ-ਕਾਲ ਕੀ ਹੈ?
4. ਮੱਧਕਾਲੀਨ ਪੰਜਾਬੀ ਵਾਰਤਕ ਦੇ ਪ੍ਰਮੁੱਖ ਰੂਪਾਕਾਰ ਕਿਹੜੇ-ਕਿਹੜੇ ਹਨ?
5. ਮੱਧਕਾਲੀ ਪੰਜਾਬੀ ਵਾਰਤਕ ਦੀ ਇਤਿਹਾਸ-ਰੇਖਾ ਕਿਵੇਂ ਉਲੀਕੀ ਜਾ ਸਕਦੀ ਹੈ?

6. ਮੱਧਕਾਲੀਨ ਪੰਜਾਬੀ ਵਾਰਤਕ ਦੇ ਇਤਿਹਾਸ ਨੂੰ ਇਸਦੀਆਂ ਰੂਪਾਕਾਰਕ ਵੰਨਗੀਆਂ ਨਾਲ ਕਿਵੇਂ ਪਛਾਣਿਆ ਤੇ ਨਿਰਧਾਰਿਤ ਕੀਤਾ ਜਾ ਸਕਦਾ ਹੈ?
7. ਮੱਧਕਾਲੀਨ ਪੰਜਾਬੀ ਵਾਰਤਕ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਕਿਹੜੀਆਂ-ਕਿਹੜੀਆਂ ਹਨ?
8. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਦੀ ਕੀ ਵਿਲੱਖਣਤਾ ਹੈ?
9. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਬਾਰੇ ਵਿਸਤਾਰ ਵਿਚ ਚਰਚਾ ਕਰੋ।
10. ਪੁਰਾਤਨ ਜਨਮ ਸਾਖੀ ਦੀ ਤੁਹਾਡੇ ਸਿਲੇਬਸ ਵਿਚ ਦਰਜ ਕਿਸੇ ਇਕ ਸਾਖੀ ਦਾ ਵਿਹਾਰਕ ਅਧਿਐਨ ਪੇਸ਼ ਕਰੋ।
11. ਜਨਮਸਾਖੀ ਤੇ ਸਾਖੀ ਵਿਚ ਕੀ ਅੰਤਰ ਹੈ?
12. ਮੱਧਕਾਲ ਦੀਆਂ ਪ੍ਰਮੁੱਖ ਬਿਰਤਾਂਤਕ ਵਾਰਤਕ ਵੰਨਗੀਆਂ ਬਾਰੇ ਜਾਣਕਾਰੀ ਦਿਉ।
13. **ਜਨਮਸਾਖੀ** ਦੀ ਇਤਿਹਾਸਕ ਅਤੇ ਮਿਥਿਹਾਸਿਕ ਮਹੱਤਤਾ ਦੱਸੋ।
14. ਪੁਰਾਤਨ ਪੰਜਾਬੀ ਵਾਰਤਕ ਦੀ ਭਾਸ਼ਾਈ ਮਹੱਤਤਾ ਅਤੇ ਸਾਹਿਤਕ ਵਿਲੱਖਣਤਾ ਦੱਸੋ।

## 1.8. ਸਹਾਇਕ ਪੁਸਤਕ ਸੂਚੀ


2. ਮੱਧਕਾਲੀਨ ਪੰਜਾਬੀ ਵਾਰਤਕ (ਸੰਪ.) ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988.
3. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਬੀ-40), ਸੰਪ. ਪਿਆਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988.
4. ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਸੰਪ.) ਪਿਆਰ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014.
5. ਜੱਗੀ, ਰਤਨ ਸਿੰਘ, ਪੁਰਾਤਨ ਪੰਜਾਬੀ ਵਾਰਤਕ: ਸਰੂਪ ਤੇ ਸਮੀਖਿਆ, ਆਰਸੀ ਪਬਲਿਸ਼ਰਜ਼, ਦਿੱਲੀ, 2008.
6. ਮੁਢਲੀ ਪੰਜਾਬੀ ਵਾਰਤਕ (ਸੰਪ.) ਤਾਰਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,2000.
7. ਖੋਜ-ਪਤ੍ਰਿਕਾ (ਪੁਰਾਤਨ ਪੰਜਾਬੀ ਵਾਰਤਕ ਵਿਸ਼ੇਸ਼ ਅੰਕ), ਅੰਕ, 21, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ 1983.

# ਮੱਧਕਾਲੀਨ ਪੰਜਾਬੀ ਵਾਰਤਕ : ਇਤਿਹਾਸ

'ਮੱਧਕਾਲੀ ਪੰਜਾਬੀ ਵਾਰਤਕ' ਦਾ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਬਹੁਤ ਮਹੱਤਵ ਹੈ। ਜੇ ਵਾਰਤਕ ਨੂੰ ਦੇਖਿਆ ਜਾਏ ਤਾਂ ਕਵਿਤਾ ਤੇ ਵਾਰਤਕ ਸਾਹਿਤ ਦੇ ਦੋ ਮੁੱਖ ਰੂਪ ਹਨ ਜਿੱਥੇ ਕਵਿਤਾ ਲਈ ਛੰਦ ਤੇ ਤੁਕਾਂਤ ਆਵੱਸ਼ਕ ਹਨ; ਉੱਥੇ ਵਾਰਤਕ ਲਈ ਲੈਅ, ਤਾਲ ਤੇ ਵਾਕ-ਰਚਨਾ ਜ਼ਰੂਰੀ ਅੰਸ਼ ਹਨ। ਜਦੋਂ ਸਾਹਿਤਕਾਰ ਆਪਣੇ ਵਿਚਾਰ ਭਰੇ ਅਨੁਭਵ ਨੂੰ ਕਲਾਤਮਕ ਰੂਪ ਦੇ ਕੇ ਇੱਕ ਐਸੀ ਸ਼ਾਬਦਿਕ ਰਚਨਾ ਸਿਰਜਦਾ ਹੈ ਜੋ ਵਾਕ ਬਣਤਰ ਵਿੱਚ ਨਿਤਾਪ੍ਰਤੀ ਦੀ ਬੋਲਚਾਲ ਵਰਗੀ ਪਰੰਤੂ ਭਾਸ਼ਾ ਦੇ ਪੱਖੋਂ ਵਧੇਰੇ ਨਿੱਖਰੀ, ਮੰਤਵੀ ਹੋਈ ਤੇ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ, ਉਹ ਵਾਰਤਕ ਦਾ ਰੂਪ ਧਾਰ ਲੈਂਦੀ ਹੈ। ਇਸ ਵਿੱਚ ਵਾਰਤਕ-ਕਾਰ ਕਿਸੇ ਸਿੱਧਾਂਤ ਜਾਂ ਵਿਸ਼ੇ ਨੂੰ ਸੋਚ-ਵਿਚਾਰ ਕੇ, ਬੁੱਧੀ ਦੀ ਕਸੌਟੀ ਤੇ ਪਰਖ ਕੇ, ਤਰਕ ਤੇ ਦਲੀਲ ਦੀ ਵਰਤੋਂ ਕਰ ਕੇ ਐਸਾ ਰੂਪ ਸਿਰਜਦਾ ਹੈ, ਜੋ ਵਾਕਾਂ ਤੇ ਪੈਰਿਆਂ ਵਿੱਚ ਵੰਡਿਆ ਹੁੰਦਾ ਹੈ।

## ਪਰਿਭਾਸ਼ਾ

'ਵਾਰਤਕ' ਸ਼ਬਦ ਲਾਤੀਨੀ ਸ਼ਬਦ ਦੇ 'Prose' ਜਾਂ 'Prosus' ਦਾ ਪਰਿਆਵਾਚੀ ਹੈ, ਜਿਸ ਦੇ ਅਰਥ ਹਨ, 'ਸਿੱਧੀ ਗੱਲ ਜਾਂ ਸ਼ਬਦਾਂ ਦੀ ਸਿੱਧੀ-ਸਾਦੀ ਬਣਤਰ ਜਿਹੜੀ ਛੰਦਾਬੰਦੀ ਤੋਂ ਮੁਕਤ ਹੋਵੇ।' 'ਵਾਰਤਕ ਸਾਹਿਤਕ ਪ੍ਰਗਟਾਅ ਦੇ ਉਹਨਾਂ ਸਾਰੇ ਰੂਪਾਂ ਨੂੰ ਕਰਾਂਗੇ, ਜਿਹੜੇ ਛੰਦਾਬੰਦੀ ਦੀ ਕੈਦ ਵਿੱਚ ਨਾ ਆਉਣ ਤੇ ਸਿੱਧੇ ਬਚਨ ਹੋਣ, ਅਰਥਾਤ ਉਹ ਗੱਲਬਾਤ ਜਿਹੜੀ ਦਲੀਲ ਜਾਂ ਤੱਥ ਕਰ ਕੇ ਸੱਚੀ ਤੇ ਸਾਫ ਹੋਵੇ।' ਭਾਰਤੀ ਪ੍ਰੰਪਰਾ ਅਨੁਸਾਰ 'ਵਾਰਤਕ' ਸੰਸਕ੍ਰਿਤ ਦੀ 'ਵ੍ਰਿਤਿ' ਧਾਤੂ ਤੋਂ ਬਣਿਆ ਸ਼ਬਦ ਹੈ, ਜਿਸ ਦੇ ਅਰਥ 'ਟੀਕਾ' ਦੇ ਹਨ, ਭਾਵ ਸੂਤ੍ਰਾਂ ਦੀ ਵਿਆਖਿਆ ਕਰਨ ਵਾਲਾ 'ਗ੍ਰੰਥ'। ਇਸ ਨੂੰ 'ਗਦਯ-ਕਾਵਯ' ਵੀ ਆਖਿਆ ਗਿਆ ਹੈ। ਅਰਬੀ, ਫ਼ਾਰਸੀ ਵਿੱਚ ਵਾਰਤਕ ਨੂੰ 'ਨਸਰ' ਕਹਿੰਦੇ ਹਨ। ਜਿਸਦੇ ਅਰਥ ਹਨ, ਖਿਲੇਰਨਾ, ਬਿਖੇਰਨਾ ਜਾਂ ਸਿਰ ਤੋਂ ਵਾਰ ਕੇ ਸੁੱਟਣਾ। ਸੋ ਵਾਰਤਕ ਵਿੱਚ ਉਹ ਵਿਅਕਤੀਗਤ ਲੇਖ ਸ਼ਾਮਿਲ ਹਨ। ਜਿੰਨ੍ਹਾਂ ਵਿੱਚ ਮਨੁੱਖੀ ਕਦਰਾਂ-ਕੀਮਤਾਂ ਦਾ ਮੁਲਾਂਕਣ ਹੋਵੇ, ਮਨੁੱਖੀ ਹਿਰਦੇ ਦੇ ਹਾਵਾ-ਭਾਵਾਂ ਦਾ ਸਮੁੱਚਾ ਪ੍ਰਗਟਾਅ ਹੋਵੇ, ਛਣਕਦੇ ਹਾਸੇ ਹੋਣ ਤੇ ਰੋਂਦੇ ਦਿਲਾਂ ਦੀ ਵਿਥਿਆ ਹੋਵੇ, ਵਿਸ਼ੇਸ਼ ਦ੍ਰਿਸ਼ਟੀਕੋਣ ਦਰਸਾਏ ਗਏ ਹੋਣ ਜਾਂ ਅਜਿਹੇ ਵਿਚਾਰ ਹੋਣ ਜਿਹੜੇ ਸੂਚਕ, ਬੌਧਿਕ ਤੇ ਭਾਵਕ ਵਿਅਕਤੀ ਨੂੰ ਸਾਕਾਰ ਕਰਦੇ ਹੋਣ ਤੇ ਜਿੰਨ੍ਹਾਂ ਦੀ ਕਲਪਨਾ ਲਈ ਵਿਸ਼ੇਸ਼ ਲਿਖਣ-ਢੰਗ ਦੀ ਲੋੜ ਪਵੇ, ਵਾਰਤਕ ਦਾ ਰੂਪ ਧਾਰ ਸਕਦੇ ਹਨ। ਵਾਰਤਕ ਵਿੱਚ ਜ਼ਿਆਦਾ ਅਭਿਆਸ, ਸੰਜਮ ਤੇ ਸਾਧਨਾ ਦੀ ਲੋੜ ਹੁੰਦੀ ਹੈ।

## ਮੱਧਕਾਲੀਨ ਵਾਰਤਕ ਦੀਆਂ ਵੰਨਗੀਆਂ

ਪੁਰਾਤਣ ਗੱਦ ਦੇ ਵਿਕਾਸ ਨਾਲ ਹੀ ਅਸੀਂ ਪੰਜਾਬੀ ਗੱਦ ਦੇ ਸੋਨ-ਸੁਨਹਿਰੀ ਕਾਲ ਵਿੱਚ ਪ੍ਰਵੇਸ਼ ਕਰਦੇ ਹਾਂ। ਇਹ ਅਠਾਰ੍ਹਵੀ-ਸਦੀਂ ਦੀ ਵਾਰਤਕ ਹੈ। ਮੱਧਕਾਲ ਦੀ ਵਾਰਤਕ ਵਿੱਚ ਰਾਜਸੀ, ਰੋਮਾਂਟਿਕ ਤੇ ਅਧਿਆਤਮਿਕ ਵਿਸ਼ੇ ਛੂਹੇ ਗਏ। ਜੀਵਨੀਆਂ ਤੇ ਜਨਮਸਾਖੀਆਂ ਦੀਆਂ ਕਈ ਪ੍ਰਤੀਆਂ ਲਿਖੀਆਂ ਗਈਆਂ। ਹਿੰਦੂ ਤੇ ਮੁਸਲਮਾਨੀ ਧਾਰਮਿਕ ਸਾਹਿਤ ਦੀ ਵੀ ਕਾਫੀ ਰਚਨਾ ਹੋਈ। ਭਗਵਤ ਪੁਰਾਣ, ਭਗਵਤ ਗੀਤਾ, ਉਪਨਿਸ਼ਦਾਂ, ਵਿਸ਼ਨੂੰ ਪੁਰਾਣ ਆਦਿ ਦੇ ਉੱਲੇਖ ਕੀਤੇ ਗਏ ਤੇ ਲੋਕ-ਕਹਾਣੀਆਂ ਰਚੀਆਂ ਗਈਆਂ। ਹਜ਼ਰਤ ਮਹੁੰਦਮ ਸਾਹਿਬ ਤੇ ਭਗਤ ਰਵਿਦਾਸ ਦੀਆਂ ਜੀਵਨੀਆਂ ਰਚੀਆਂ ਗਈਆ, ਭਾਈ ਮਨੀ ਸਿੰਘ ਨੇ 'ਗਿਆਨ ਰਤਨਾਵਲੀ' ਤੇ ਸਿੱਖਾਂ ਦੀ ਭਗਤ ਮਾਲਾਂ ਲਿਖੀਆਂ ਗਈਆਂ ਹਨ। ਮੱਧਕਾਲੀਨ ਵਾਰਤਕ ਦੀਆਂ ਮੁੱਖ ਰੂਪ ਵਿੱਚ ਸਾਖੀਆਂ ਜਾਂ ਜਨਮ-ਸਾਖੀਆਂ, ਗੋਸ਼ਟਾਂ, ਬਚਨ, ਟੀਕੇ ਜਾਂ ਨਾਮਾ ਆਦਿ, ਫੁਟਕਲ ਜਿਹਨਾਂ ਵਿੱਚ ਭਿੰਨ-ਭਿੰਨ ਵਿਸ਼ਿਆ ਉੱਤੇ ਬਹੁਤ ਕੁਝ ਲਿਖਿਆ ਮਿਲਦਾ ਹੈ ਅਤੇ ਅਨੁਵਾਦ ਪ੍ਰਸਿੱਧ ਵੰਨਗੀਆਂ ਤੇ ਰੂਪ ਹਨ।

ਜਨਮਸਾਖੀ ਪਰੰਪਰਾ ਪੰਜਾਬੀ ਵਾਰਤਕ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਵਿਦਵਾਨਾਂ ਅਨੁਸਾਰ 'ਸਾਖੀ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਸ਼ਾਖਸ਼ੀ' ਦਾ ਰੂਪਾਂਤਰ ਹੈ, ਜਿਸ ਦਾ ਅਰਥ ਹੈ 'ਗਵਾਹੀਂ। ਆਚਾਰਯ ਪਰਸ਼ੁਰਾਮ ਚਤੁਰਵੇਦੀ ਅਨੁਸਾਰ ਇਸ ਦਾ ਅਰਥ ਹੈ ਉਹ ਮਨੁੱਖ ਜਿਸ ਨੇ ਕਿਸੇ ਘਟਨਾ ਜਾਂ ਵਸਤੂ ਨੂੰ ਅੱਖੀ ਵੇਖਿਆ ਹੋਵੇ।1॥ ਰਤਨ ਸਿੰਘ ਜੱਗੀ ਅਨੁਸਾਰ, " 'ਜਨਮ ਤੋਂ ਭਾਵ ਇਥੇ ਭਾਵ ਕੇਵਲ ਪੈਦਾਇਸ਼ ਨਹੀਂ ਸਗੋਂ ਸਾਰਾ ਜੀਵਨ ਹੈ। ਇਸ ਤਰ੍ਹਾਂ ਸਥੂਲ ਰੂਪ ਵਿੱਚ 'ਜਨਮਸਾਖੀ ਤੋਂ ਭਾਵ ਕਿਸੇ ਮਹਾਂਪੁਰਸ਼ ਦਾ ਅਧਿਆਤਮਿਕ ਜੀਵਨ-ਬ੍ਰਿਤਾਂਤ ਹੈ।।2॥ ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਦੀ ਇੱਕ ਤੁਕ (ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇੱਕ ਸਾਖੀ)ਦੇ ਆਧਾਰ ਤੇ ਇਸ ਦਾ ਅਰਥ ਇਤਿਹਾਸ ਅਥਵਾ ਕਥਾ,ਜੋ ਅੱਖੀਂ ਡਿਠੀ ਕਹੀ ਗਈ ਹੋਵੇ ਕੀਤਾ ਹੈ। ਪਰ ਜੇ ਸਾਖੀ ਸ਼ਬਦ ਦਾ ਅਰਥ ਇਸ ਦੇ ਪਰੰਪਰਾਗਤ ਪ੍ਰਯੋਗ ਦੇ ਸੰਦਰਭ ਵਿੱਚ ਕਰੀਏ ਤਾਂ ਉਕਤ ਤੁੱਕ ਵਿੱਚ ਇਹ 'ਗੁਰੂ ਦੇ ਬਚਨ' ਲਈ ਵੀ ਵਰਤਿਆ ਗਿਆ ਹੈ।ਪ੍ਰੋ. ਰਾਜਬੀਰ ਕੌਰ ਨੇ 'ਸਾਖੀ' ਦਾ ਅਰਥ 'ਗਵਾਹੀ' ਲਿਖਿਆ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਜੀਵਨ ਦੇ ਬਿਰਤਾਂਤ ਨੂੰ ਜਨਮਸਾਖੀ ਕਿਹਾ ਜਾਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਤੋਂ ਬਿਨ੍ਹਾਂ ਹੋਰ ਵੀ ਜਨਮ ਸਾਖੀਆਂ ਮਿਲਦੀਆਂ ਹਨ ਜਿਵੇਂ ਭਗਤ ਕਬੀਰ ਜੀ ਦੀ ਜਨਮਸਾਖੀ, ਰਵੀਦਾਸ ਜਨਮਸਾਖੀ। ਇਸ ਲਈ ਅਸੀਂ ਜਨਮਸਾਖੀ ਤੋਂ ਭਾਵ ਕਿਸੇ ਮਹਾਂਪੁਰਸ਼ ਦੇ ਅਧਿਆਤਮਕ ਜੀਵਨ ਬਿਰਤਾਂਤ ਤੋਂ ਮੰਨਦੇ ਹਾਂ। ਤਰਲੋਚਨ ਸਿੰਘ ਬੇਦੀ ਅਨੁਸਾਰ "ਸੋਲ੍ਹਵੀ-ਸਤਾਰ੍ਹਵੀਂ ਸਦੀ ਵਿੱਚ ਰਚੀਆਂ ਗਈਆ ਹੇਠ ਲਿਖੀਆਂ ਜਨਮ ਸਾਖੀਆਂ ਹਨ:

ਪੁਰਾਤਨ ਜਨਮ ਸਾਖੀ, ਸ਼ੰਭੂਨਾਥ ਵਾਲੀ ਜਨਮ ਪੱਤਰੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਆਦਿ ਸਾਖੀਆਂ ਬਾਬੇ ਕੀਆਂ,ਸੋਢੀ ਮਿਹਰਬਾਨ ਵਾਲੀ ਜਨਮ ਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ ਪੈੜਾ ਮੋਖਾ ਜਾਂ ਭਾਈ ਬਾਲੇ ਵਾਲੀ ਜਨਮਸਾਖੀ,ਬਿਧੀ ਚੰਦ ਜਾਂ ਹੰਦਾਲੀਆ ਵਾਲੀ ਜਨਮਸਾਖੀ,ਸਤਿਗੁਰ ਜੀ ਦੇ ਮੂੰਹ ਦੀਆਂ ਜਨਮਸਾਖੀਆਂ,ਜਨਮਸਾਖੀ ਸ੍ਰੀ ਮਿਹਰਬਾਨ ਜੀ ਕੀ, ਜਨਮਸਾਖੀ ਭਗਤ ਕਬੀਰ ਜੀ ਕੀ।

ਇਨ੍ਹਾਂ ਵਿਚੋਂ ਵਧੇਰੇ ਮਹੱਤਵਪੂਰਨ ਸਾਖੀਆਂ ਹੇਠ ਇਹ ਹਨ: 1) ਪੁਰਾਤਨ ਜਨਮਸਾਖੀ, 2) ਆਦਿ ਸਾਖੀਆਂ, 3) ਮਿਹਰਬਾਨ ਵਾਲੀ ਜਨਮਸਾਖੀ, 4) ਭਾਈ ਬਾਲੇ ਵਾਲੀ ਜਨਮਸਾਖੀ, 5) ਗਿਆਨ ਰਤਨਾਵਲੀ। ਅਨੁਮਾਨ ਲਗਾਇਆ ਜਾਂਦਾ ਹੈ ਕਿ ਸ਼ੁਰੂ ਵਿੱਚ ਇਨ੍ਹਾਂ ਜਨਮਸਾਖੀਆਂ ਦੀ ਗਿਣਤੀ 20-30 ਹੋਵੇਗੀ ਪਰ ਬਾਅਦ ਵਿੱਚ ਇਨ੍ਹਾਂ ਦੀ ਗਿਣਤੀ 575 ਹੋ ਗਈ ਹੈ।

ਜਨਮ ਤੋਂ ਇਥੇ ਭਾਵ ਕੇਵਲ ਪੈਦਾਇਸ਼ ਨਹੀਂ ਹੈ ਸਗੋਂ ਸਾਰਾ ਜੀਵਨ ਹੈ।ਇਸ ਤਰ੍ਹਾ ਸਥੂਲ ਰੂਪ ਵਿੱਚ ਜਨਮਸਾਖੀ ਤੋਂ ਭਾਵ ਕਿਸੇ ਮਹਾਪੁਰਸ਼ ਦਾ ਅਧਿਆਤਮਿਕ ਜੀਵਨ-ਬ੍ਰਿਤਾਂਤ ਹੈ।ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਜਨਮਸਾਖੀ ਪਰੰਪਰਾ ਨਾਲ ਹੁੰਦਾ ਹੈ।ਜਨਮਸਾਖੀਆਂ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤਰ ਨੂੰ ਅੰਕਿਤ ਕਰਨ ਨਾਲ ਹੋਇਆ।ਜਨਮਸਾਖੀ ਜਨਮ ਅਤੇ ਸਾਖੀ ਦਾ ਸੰਯੁਕਤ ਸ਼ਬਦ ਹੈ।ਜਨਮ ਸਾਖੀਕਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਪੇਸ਼ ਕਰਕੇ ਉਨ੍ਹਾਂ ਦੀ ਅਦੁੱਤੀ ਸ਼ਖਸੀਅਤ ਬਾਰੇ ਬਾਹਰਮੁਖੀ ਪ੍ਰਮਾਣ ਅਤੇ ਗਵਾਹੀਆਂ ਜੁਟਾਉਂਦੇ ਹਨ।ਜਨਮਸਾਖੀ ਪਰੰਪਰਾ ਦੇ ਉਦੇਸ਼ ਨੂੰ ਸਪਸ਼ਟ ਕਰਦਾ ਹੋਇਆ ਡਾ. ਸੁਰਜੀਤ ਹਾਂਸ ਲਿਖਦਾ ਹੈ ਕਿ ਸਾਖੀ ਦਾ ਅਰਥ ਲੌਕਿਕ ਗਵਾਹੀ ਨਹੀਂ ਬਲਕਿ ਲੋਕਿਕ ਜਗਤ ਵਿੱਚ ਦੈਵੀ ਸ਼ਕਤੀ ਦੇ ਦਖਲ ਦੀ ਗਵਾਹੀ ਹੈ। ਸਾਖੀਕਾਰਾਂ ਦੀ ਧਾਰਨਾਂ ਸੀ ਕਿ ਜਿਸ ਦੀ ਕਰਾਮਾਤ ਵੱਡੀ ਹੈ ਉਸ ਦੀ ਅਧਿਆਤਮਿਕਤਾ ਵੀ ਉਚੇਰੀ ਹੈ। ਸਧਾਰਨ ਵਿਅਕਤੀ ਕਰਾਮਾਤ ਸਿਰਜਣ ਦੇ ਯੋਗ ਨਹੀਂ ਹੁੰਦਾ ਪਰੰਤੂ ਜਿਸ ਮਹਾਂਪੁਰਖ ਦਾ ਪੌਣ-ਪਾਣੀ, ਅਗਨੀ ਅਤੇ ਕਾਲ ਉਪਰ ਇਖ਼ਤਿਆਰ ਹੈ ਉਹ ਰੱਬ ਦੇ ਸਮਾਨ ਹੁੰਦਾ ਹੈ। ਇਸ ਤਰ੍ਹਾਂ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਨੂੰ ਰੱਬ ਦੇ ਸਮਾਨ ਸਿੱਧ ਕਰਦੀਆਂ ਹਨ। ਜਨਮਸਾਖੀ ਪਰੰਪਰਾ ਵਿੱਚ ਭਾਵੇਂ ਕਈ ਜਨਮਸਾਖੀਆਂ ਲਿਖੀਆਂ ਗਈਆਂ ਜਿਨ੍ਹਾਂ ਵਿੱਚ ਮਿਹਰਬਾਨ ਵਾਲੀ ਸਾਖੀ, ਬਾਲੇ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਆਦਿ ਸਾਖੀਆਂ ਸ਼ਾਮਲ ਹਨ, ਪਰ ਪੁਰਾਤਨ ਜਨਮਸਾਖੀ ਇਨ੍ਹਾਂ ਜਨਮਸਾਖੀਆਂ ਵਿਚੋਂ ਆਪਣੀ ਇੱਕ ਵੱਖਰੀ ਵਿਸ਼ੇਸ਼ਤਾ ਰੱਖਦੀ ਹੈ।

ਇਹ ਜਨਮਸਾਖੀ ਭਾਈ ਵੀਰ ਸਿੰਘ ਨੇ ਸੰਪਾਦਿਤ ਕਰ ਕੇ ਪਹਿਲੀ ਵਾਰ ਸੰਨ 1926 ਈ ਵਿੱਚ ਪ੍ਰਕਾਸ਼ਿਤ ਕੀਤੀ। ਇਸ ਨੂੰ ਪੁਰਾਤਨ ਵਿਸ਼ੇਸ਼ਣ ਭਾਈ ਵੀਰ ਸਿੰਘ ਦਾ ਦਿੱਤਾ ਹੋਇਆ ਹੈ। ਇਸ ਜਨਮਸਾਖੀ ਦੀਆਂ ਦੋ ਅਧਾਰ ਪੋਥੀਆ ਹਨ।ਇਕ ਵਲੈਤ ਵਾਲੀ ਜਨਮਸਾਖੀ ਜਿਸ ਦੀ ਹੱਥ ਲਿਖਤ ਪੋਥੀ ਸੰਨ 1815-16 ਈ ਵਿੱਚ ਐਚ.ਟੀ ਕੋਲਬਰਕ ਨੇ ਈਸਟ ਈਡਿਆ ਹਾਊਸ ਦੀ ਲਾਈਬ੍ਰਰੀ ਨੂੰ ਦਿਤੀ ਸੀ ।ਦੁਜੀ ਹਾਫਿਜ਼ਾਬਾਦ ਵਾਲੀ ਜਨਮਸਾਖੀ ਜਿਸ ਨੂੰ ਪਦ ਛੇਦ ਕੇ 1885 ਈ ਵਿੱਚ ਮੈਕਾਲਿਫ ਨੇ ਪ੍ਰਕਾਸ਼ਿਤ ਕੀਤਾ ।ਭਾਈ ਵੀਰ ਸਿੰਘ ਨੇ ਉਪਰੋਕਤ ਦੋਹਾਂ ਪੋਥੀਆਂ ਦੇ ਪਾਠਾ ਨੂੰ ਪੁਰਾਤਨ ਜਨਮਸਾਖੀ ਤਿਆਰ ਕਰਨ ਦਾ ਆਧਾਰ ਬਣਾਇਆ। ਇਸ ਵਿੱਚ ਕੁਲ 57 ਸਾਖੀਆਂ ਹਨ।ਪੁਰਾਤਨ ਜਨਮਸਾਖੀ ਦੇ ਰਚਨਾ ਕਾਲ ਅਤੇ ਰਚੈਤਾ ਬਾਰੇ ਕੋਈ ਪੁਖਤਾਂ ਸਬੂਤ ਨਹੀਂ ਮਿਲਦੇ ਤੇ ਵਿਦਵਾਨਾਂ ਵਿੱਚ ਆਪਸੀ ਮਤਭੇਦ ਹੈ। ਪ੍ਰੋ. ਗੁਰਮੁਖ ਸਿੰਘ ਨੇ ਜਨਮਸਾਖੀ ਦੀ ਹਾਫ਼ਿਜਾਬਾਦੀ ਹੱਥ ਲਿਖਤ 1885 ਈ. ਵਿੱਚ ਪ੍ਰਕਾਸ਼ਿਤ ਕਰਨ ਵੇਲੇ ਭੂਮਿਕਾ ਵਿੱਚ ਲਿਖਿਆ ਕਿ ਇਸਦਾ ਲੇਖਕ ਰਾਵਲਪਿੰਡੀ ਕਮਿਸ਼ਨਰੀ ਦਾ ਰਹਿਣ ਵਾਲਾ ਗੁਰਮੁਖ ਹੈ। ਕਈ ਵਿਦਵਾਨ ਗੁਰੂ ਨਾਨਕ ਦੇਵ ਜੀ ਦੇ ਸਾਥੀਆਂ ਜੋ ਕਿ ਉਦਾਸੀਆਂ ਸਮੇਂ ਉਹਨਾਂ ਨਾਲ ਸੀ ਨੂੰ ਇਸ ਦਾ ਰਚੈਤਾ ਮੰਨਦੇ ਹਨ। ਇਸ ਦੇ ਰਚਨਾਕਾਲ ਸੰਬੰਧੀ ਭਾਈ ਵੀਰ ਸਿੰਘ ਦਾ ਵਿਚਾਰ ਹੈ ਕਿ ਇਸ ਦਾ ਰਚਨਾਕਾਲ 1635 ਹੈ। ਉਨ੍ਹਾਂ ਨੇ ਜਨਮਸਾਖੀ ਦੀ ਅਖੀਰਲੀ ਤੁੱਕ "ਕਲਜੁਗ ਪੰਜ ਹਜ਼ਾਰ ਸਤ ਸੌ ਪੈਂਤੀਸ ਬਰਸ ਵਰਤਿਆ ਹੈ ਅਨੁਸਾਰ ਇਸ ਦਾ ਰਚਨਾਕਾਲ ਨਿਸ਼ਚਤ ਕੀਤਾ। ਪਰ ਕਈ ਵਿਦਵਾਨ ਇਸ ਦਾ ਰਚਨਾਕਾਲ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਤੇ ਬੈਠਣ ਤੋਂ ਬਾਅਦ 1588 ਈ. ਮੰਨਦੇ ਹਨ।ਪੁਰਾਤਨ ਜਨਮਸਾਖੀ ਪੰਜਾਬੀ ਜਨਮਸਾਖੀ ਪਰੰਪਰਾ ਦੀ ਪਹਿਲੀ ਰਚਨਾ ਹੈ। ਇਸ ਕਰਕੇ ਇਸ ਆਲੋਚਨਾਧੀਨ ਰਚਨਾ ਨੂੰ ਪੁਰਾਤਨ ਵਿਸ਼ੇਸ਼ਣ ਦਿੱਤਾ ਗਿਆ ਹੈ। ਇਹ ਇੱਕ ਅਜਿਹੀ ਰਚਨਾ ਹੈ ਜਿਸ ਨੂੰ ਅਧਾਰ ਬਣਾ ਕੇ ਚਾਰ ਹੋਰ ਜਨਮਸਾਖੀਆਂ ਜਾਂ ਕ੍ਰਿਤਾਂ ਲਿਖੀਆਂ ਗਈਆਂ ਜਿਨ੍ਹਾਂ ਵਿੱਚ 1.ਆਦਿ ਸਾਖੀਆਂ,(ਦੂਜਾ ਨਾਉ ਸ਼ੰਭੂ ਨਾਥ ਵਾਲੀ ਜਨਮਸਾਖੀ) 2.ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ, 3. ਪ੍ਰਾਚੀਨ ਜਨਮਸਾਖੀ, 4.ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ।

ਖੋਜ ਕਰਦਿਆਂ ਡਾ. ਟ੍ਰੰਪ ਨੂੰ ਇਹ ਪੋਥੀ ਨਜ਼ਰੀ ਆਈ।ਇਸ ਵਿਦਵਾਨ ਨੇ ਇਸ ਪੋਥੀ ਦਾ ਅੰਗਰੇਜ਼ੀ ਅਨੁਵਾਦਕ੍ਰਿਤ 'The Aid Granth' ਦੀ ਭੂਮਿਕਾ ਵਜੋਂ ਛਾਪਿਆ। ਦੂਜੀ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਜੋ ਪ੍ਰੋ. ਗੁਰਮੁਖ ਸਿੰਘ ਓਰਿਐਂਅਲ ਕਾਲਜ ਲਾਹੌਰ ਦੇ ਕਥਨ ਅਨੁਸਾਰ ਉਹਨਾਂ ਨੂੰ 1884 ਈ. ਵਿੱਚ ਆਪਣੇ ਦੌਰੇ ਦੇ ਦੌਰਾਨ ਹਾਫ਼ਿਜ਼ਾਬਾਦ ਜਿਲ੍ਹਾ ਗੁਜਰਾਂਵਾਲਾ ਤੋਂ ਪ੍ਰਾਪਤ ਹੋਈ ਅਤੇ ਜਿਸ ਨੂੰ ਪਦਛੇਦ ਕਰਕੇ 1885 ਈ. ਵਿੱਚ ਮੈਕਾਲਿਫ ਨੇ ਪ੍ਰਕਾਸ਼ਿਤ ਕੀਤਾ। ਪੁਰਾਤਨ ਜਨਮਸਾਖੀ ਦੀਆਂ ਕਈ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਇਹ ਜਨਮਸਾਖੀ ਪਰੰਪਰਾ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਿੱਚ ਕਾਮਯਾਬ ਰਹੀ ਹੈ ਇਹ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-

ਇਸ ਜਨਮਸਾਖੀ ਦੇ ਕਰਤਾ ਨੇ ਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ ਦਾ ਨਿੱਜ ਭਗਤ ਕਿਹਾ ਹੈ ਜਿਸਨੇ ਕਲਯੁਗ ਵਿੱਚ ਲੋਕਾਂ ਨੂੰ ਮੁਕਤੀ ਦਿਵਾਉਣ ਲਈ ਅਵਤਾਰ ਧਾਰਿਆ। ਪਹਿਲੀ ਸਾਖੀ ਵਿੱਚ ਹੀ ਇਹ ਗੱਲ ਕਹੀ ਗਈ ਹੈ ਵੱਡਾ ਭਗਤ ਜਗਤ ਨਿਸਤਾਰਣ ਕਉ ਆਇਆ ਲਿਖਾਰੀ ਨੇ ਗੁਰੂ ਜੀ ਨੂੰ ਬਾਲਪਨ ਤੋਂ ਹੀ ਆਤਮ ਅਭਿਆਸ ਭਾਵ ਪਰਮਾਤਮਾ ਦਾ ਸਿਮਰਨ ਕਰਦੇ ਵਿਖਾਇਆ ਹੈ ਅਤੇ ਕਿਹਾ ਹੈ ਕਿ ਲਗਾ ਬਾਤਾਂ ਅਗਨ ਨਿਗਮ ਕੀਆਂ ਕਰਨ, ਇਹਨਾਂ ਦੀਆਂ ਗੱਲਾਂ ਸੁਣ ਕੇ ਹਿੰਦੂ ਕਹਿੰਦੇ ਸਨ ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ ਅਤੇ ਮੁਸਲਮਾਨ ਕਹਿੰਦੇ ਸਨ ਕਿ ਖੁਦਾਇ ਕਾ ਸਾਦਿਕ ਪੈਦਾ ਹੋਇਆ ਹੈ। ਇਸ ਲਈ ਇਸ ਜਨਮਸਾਖੀ ਦੇ ਕਰਤਾ ਅਨੁਸਾਰ ਗੁਰੂ ਨਾਨਕ ਦੇਵ ਜਨਮ ਤੋਂ ਹੀ ਹਿੰਦੂਆ ਅਤੇ ਮੁਸਲਮਾਨਾ ਦੇ ਸਾਂਝੇ ਗੁਰੂ ਪੀਰ ਸਨ। ਪਾਂਧੇ ਨਾਲ ਹੋਈ ਗੋਸ਼ਟਿ ਦੇ ਅੰਤ ਉਤੇ ਪੰਡਿਤ ਹੋਰੀ ਆਖਦੇ ਹਨ ਏਹ ਕੋਈ ਵੱਡਾ ਭਗਤ ਹੈ, ਉਜੜੀ ਖੇਤੀ ਹਰੀ ਹੋਈ ਅਤੇ ਬ੍ਰਿਛ ਦੀ ਛਾਂ ਖੜੋਤੀ ਵੇਖ ਕੇ ਰਾਏ ਬੁਲਾਰ ਗੁਰੂ ਜੀ ਨੂੰ ਔਲੀਆ ਸਮਝਣ ਲੱਗ ਪੈਂਦਾ ਹੈ। ਲਿਖਾਰੀ ਨੇ ਇਸ ਪ੍ਰਕਾਰ ਗੁਰੂ ਜੀ ਨੂੰ ਬਚਪਨ ਤੋਂ ਹੀ ਇੱਕ ਕਰਾਮਾਤੀ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਉਹਨਾਂ ਨੂੰ ਇੱਕ ਮਹਾਨ ਪੁਰਸ਼ ਦਾ ਦਰਜਾ ਦਿੱਤਾ ਹੈ। ਪੁਰਾਤਨ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਜਨਮਭੂਮੀ ਤਲਵੰਡੀ ਉਥੋਂ ਦਾ ਸਥਾਨਕ ਹਾਕਮ ਰਾਇ ਬੁਲਾਰ, ਗੁਰੂ ਸਾਹਿਬ ਦੇ ਮਾਤਾ-ਪਿਤਾ, ਬਹਿਨੋਈ, ਭੈਣ ਆਦਿ

ਇਤਿਹਾਸਕ ਵਿਅਕਤੀਆਂ ਬਾਰੇ ਲੇਖਕ ਨੇ ਬੜੀ ਸਹੀ ਜਾਣਕਾਰੀ ਪ੍ਰਦਾਨ ਕੀਤੀ ਹੈ।ਇਸੇ ਤਰ੍ਹਾਂ ਇਸ ਜਨਮਸਾਖੀ ਵਿੱਚ ਇਬਰਾਹੀਮ ਲੋਧੀ, ਬਾਬਰ, ਫਰੀਦ ਸਾਨੀ (ਸ਼ੇਖ ਬ੍ਰਹਮ) ਆਦਿਕ ਸਮਕਾਲੀ ਵਿਅਕਤੀਆਂ ਦਾ ਬਿਆਨ ਵੀ ਬੜੀ ਕੁਸ਼ਲਤਾ ਨਾਲ ਕੀਤਾ ਗਿਆ ਹੈ। ਇਉਂ ਪੰਦਰਵੀ-ਸੋਲ੍ਹਵੀ ਸਦੀ ਦੇ ਪੰਜਾਬ ਅਤੇ ਭਾਰਤ ਨੂੰ ਸਮਝਣ ਲਈ ਪੁਰਾਤਨ ਜਨਮਸਾਖੀ ਇੱਕ 'ਇਤਿਹਾਸਕ ਦਸਤਾਵੇਜ' ਦੀ ਭੂਮਿਕਾ ਨਿਭਾਉਂਦੀ ਹੈ।ਇਸ ਜਨਮਸਾਖੀ ਵਿੱਚ ਸਾਰੀਆਂ ਸਾਖੀਆਂ 1469ਈ. ਤੋਂ ਲੈ ਕੇ 1539ਈ. ਤੱਕ ਗੁਰੂ ਨਾਨਕ ਸਾਹਿਬ ਦੇ ਜੀਵਨ-ਬ੍ਰਿਤਾਂਤ ਨਾਲ ਸੰਬੰਧਿਤ ਸਾਰੇ ਮਹੱਤਵਪੂਰਨ ਪੜਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਪੁਰਾਤਨ ਜਨਮਸਾਖੀ ਦੀ ਅਭਿਵਿਅਕਤੀ ਦੀ ਇੱਕ ਵਿਸ਼ੇਸ਼ਤਾ ਹੈ ਗੋਸ਼ਟਾਂ ਰਾਹੀਂ ਅਧਿਆਤਮਕ ਚਿੰਤਨ ਦਾ ਰੋਚਕ ਵਿਧੀ ਨਾਲ ਬੋਧ ਕਰਾਉਣਾ। ਇਹ ਵਿਧੀ ਪੁਰਾਤਨ ਕਾਲ ਤੋਂ ਹੀ ਚਲਦੀ ਆ ਰਹੀ ਹੈ। ਲਗਭਗ ਸਾਰੇ ਸਾਹਿਤ ਰੂਪਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆ ਵਾਲੀਆਂ ਪੁਸਤਕਾਂ ਨਾਲ ਹੋਇਆ ਹੈ ਅਤੇ ਵਿਸ਼ਿਆਂ ਦੇ ਤਰਕ ਵਿਤਰਕ ਨੂੰ ਲਿੱਪੀ-ਬੱਧ ਰੂਪ ਦੇਣ ਲਈ ਜਾਂ ਜਨ-ਸਧਾਰਨ ਦੇ ਸੰਕਿਆਂ ਨੂੰ ਮੁੱਖ ਰੱਖਦੇ ਹੋਇਆ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਖਾਸ ਨੁਕਤੇ ਤੋਂ ਜਾਣੂ ਕਰਾਉਣ ਲਈ ਗੋਸ਼ਟਿ ਜਾਂ ਸਾਹਿਤਿਕ ਮਾਧਿਅਮ ਵਿਸ਼ੇਸ਼ ਰੂਪ ਵਿੱਚ ਚੁਣਿਆ ਗਿਆ ਹੈ। ਪੁਰਾਤਨ ਜਨਮਸਾਖੀ ਵਿੱਚ ਪ੍ਰਮੁੱਖ ਰੂਪ ਵਿੱਚ 14 ਗੋਸ਼ਟਾਂ ਹਨ।ਗੋਸ਼ਟਾਂ ਦੇ ਨਾਲ-ਨਾਲ ਦੂਜੀ ਵਿਧੀ ਸੰਵਾਦ ਦੀ ਵਰਤੀ ਗਈ ਹੈ ਇਨ੍ਹਾਂ ਦੋਹਾਂ ਵਿਧੀਆਂ ਦਾ ਆਧਾਰ ਵਾਰਤਾਲਾਪ ਹੈ। ਪਰ ਦੋਹਾਂ ਵਿੱਚ ਅੰਤਰ ਇਹ ਹੈ ਕਿ ਗੋਸ਼ਟਿ ਵਿਧੀ ਵੇਲੇ ਵਾਰਤਾਲਾਪ ਸਿੱਧਾਂਤਿਕ ਚਰਚਾ ਨਾਲ ਸੰਬੰਧਿਤ ਹੁੰਦਾ ਹੈ। ਜਿਥੇ ਦੋਹਾਂ ਧਿਰਾਂ ਵਲੋਂ ਆਪਣੇ ਮਤ ਦੀ ਵਿਆਖਿਆ ਕਰਕੇ ਉਸ ਵਿਚਲੀ ਸ਼੍ਰੇਸ਼ਠਤਾ ਨੂੰ ਤੁਲਨਾਤਮਕ ਅਧਾਰ ਤੇ ਉਘਾੜਿਆ ਜਾਂਦਾ ਹੈ। ਪਰ ਸੰਵਾਦ ਵਿਧੀ ਵੇਲੇ ਵਾਰਤਾਲਾਪ ਦਾ ਸਬੰਧ ਆਮ ਗੱਲਬਾਤ ਨਾਲ ਹੈ। ਇਸ ਤਰ੍ਹਾਂ ਇਨ੍ਹਾਂ ਵਿਧੀਆਂ ਰਾਹੀਂ ਸਾਖੀਕਾਰ ਨੇ ਜਨਮਸਾਖੀ ਵਿੱਚ ਰੌਚਕਤਾ ਲਿਆਂਦੀ ਹੈ। ਪੁਰਾਤਨ ਸਾਖੀਕਾਰ ਪਾਤਰ-ਚ੍ਰਿਤਣ ਵਿਧੀਆਂ ਪ੍ਰਤੀ ਸੁਚੇਤ ਹੋਣ ਦੇ ਨਾਲ-ਨਾਲ ਸੁੱਜਗ ਦਿਖਾਈ ਦਿੰਦਾ ਹੈ। ਉਸਨੇ ਗੁਰੂ ਨਾਨਕ, ਭਾਈ ਮਰਦਾਨਾ, ਸੱਜਣ ਠੱਗ, ਦੁਨੀ ਚੰਦ, ਸ਼ੇਖ ਬ੍ਰਹਮ, ਸ਼ਾਹ ਸ਼ਰਫ ਆਦਿਕ ਇਤਿਹਾਸਕ ਵਿਅਕਤੀਆਂ ਦੇ ਚਰਿੱਤਰ ਬੜੇ ਸੁਚੱਜੇ ਤਰੀਕੇ ਨਾਲ ਚਿਤਰੇ ਹਨ। ਇਸ ਜਨਮਸਾਖੀ ਦੇ ਕਰਤਾ ਨੇ ਗੁਰੂ ਸਾਹਿਬ ਦੇ ਕੱਦ-ਕਾਠ ਅਤੇ ਰੰਗ-ਰੂਪ ਆਦਿ ਸੰਬੰਧੀ ਤਾਂ ਕੋਈ ਵੇਰਵਾ ਨਹੀਂ ਦਿੱਤਾ ਪਰੰਤੂ ਆਪ ਦੇ ਪਹਿਰਾਵੇ ਸੰਬੰਧੀ ਕੁਝ ਜਾਣਕਾਰੀ ਦਿਤੀ ਹੈ। ਪਹਿਲੀ ਉਦਾਸੀ ਤੇ ਜਾਣ ਸਮੇਂ ਗੁਰੂ ਜੀ ਦੀ ਵੇਸ-ਭੂਸ਼ਾ ਇਸ ਪ੍ਰਕਾਰ ਦੱਸੀ ਹੈ:- ਪਹਿਰਾਵਾ ਬਾਬੇ ਕਾ ਏਕ ਬਸਤਰੁ ਅੰਬੋਆ, ਏਕ ਬਸਤਰ ਚਿੱਟਾ, ਏਕ ਪੈਰ ਜੁਤੀ, ਏਕ ਪੈਰ ਖੰਉਸ, ਗਲਿ ਖਫਨੀਂ ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਕੀ ਮਥੈ ਤਿਲਕੁ ਕੇਸਰ ਕਾ। ਇਸ ਤਰ੍ਹਾਂ ਸਾਨੂੰ ਇਸ ਸਾਖੀ ਵਿਚੋਂ ਗੁਰੂ ਜੀ ਦੇ ਪਹਿਰਾਵੇ ਬਾਰੇ ਜਾਣਕਾਰੀ ਵੀ ਪ੍ਰਾਪਤ ਹੈ।ਜਨਮਸਾਖੀ ਵਿੱਚ ਤਤਕਾਲੀਨ ਸਮਾਜਿਕ, ਰਾਜਨੀਤਿਕ, ਧਾਰਮਿਕ, ਤੇ ਭਾਈਚਾਰਿਕ ਇਤਿਹਾਸ ਦੇ ਵੀ ਕੁੱਝ ਜ਼ਰੂਰੀ ਅੰਸ਼ ਉਘੜਦੇ ਹੋਏ ਦਿੱਸਦੇ ਹਨ।ਇਸ ਸਾਹਿਤ ਨੂੰ ਪੜ੍ਹ ਕੇ ਸਹਿਜ ਰੂਪ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇ ਆਲੇ-ਦੁਆਲੇ ਦਾ ਸਮਾਜ ਪਤਨ ਦੇ ਮੂੰਹ ਤੇ ਖੜ੍ਹਾ ਸੀ, ਅੰਧ-ਵਿਸ਼ਵਾਸ, ਰੀਤੀ-ਰਿਵਾਜਾਂ ਦੀਆਂ ਰੂੜ੍ਹੀਆਂ, ਵਹਿਮਾਂ-ਭਰਮਾਂ ਤੇ ਗਰਜ਼ਾਂ ਵਿੱਚ ਫਸਿਆ ਸੀ। ਜੋਗੀਆਂ ਜੰਗਮਾਂ ਦੀ ਸਭ ਪਾਸੇ ਚੜ੍ਹ ਮਚੀ ਹੋਈ ਸੀ। ਇਸ ਤੋਂ ਪਿੱਛੋਂ ਸੂਫ਼ੀ ਸੰਤਾਂ ਤੇ ਸਾਧੂ-ਸੰਨਿਆਸੀਆਂ ਦੀ ਚੜ੍ਹਤ ਸੀ।ਧਰਮ ਦੇ ਖੇਤਰ ਵਿੱਚ ਸੱਚੇ ਧਰਮ ਦੀ ਥਾਂ ਕੂੜ ਤੇ ਕੁਸੱਤ ਨੇ ਲੈ ਲਈ ਸੀ, ਪੀਰਾਂ ਤੇ ਫ਼ਕੀਰਾਂ ਦੀ ਮਾਨਤਾ ਵਧੇਰੇ ਸੀ। ਕਰਾਮਾਤਾਂ ਤੇ ਕਰਿਸ਼ਮੇ ਸਾਧੂ-ਸਮਾਜ ਦਾ ਜ਼ਰੂਰੀ ਅੰਗ ਮੰਨੇ ਜਾਂਦੇ ਸਨ। ਧਰਮ ਦੇ ਨਾਂ ਤੇ ਧਰਮ ਦੇ ਠੇਕੇਦਾਰ ਲੋਕਾਂ ਨੂੰ ਰਾਹ ਦੱਸਣ ਦੀ ਥਾਂ ਗੁੰਮਰਾਹ ਕਰ ਰਹੇ ਸਨ। ਧਰਮ ਦਾ ਨਾਂ ਲੈ ਕੇ ਵੇਲੇ ਦੇ ਹਾਕਮ ਵੀ ਆਮ ਲੋਕਾਈ ਦਾ ਖੂਨ ਚੂਸ ਰਹੇ ਸਨ। ਧਾਰਮਿਕ ਭਿੰਨ-ਭੇਦ ਅਤੇ ਅਸਹਿਨਸ਼ੀਲਤਾ ਜ਼ੋਰਾਂ ਤੇ ਸੀ। ਭਾਰਤੀ ਸਮਾਜ ਹਿੰਦੂ ਤੇ ਮੁਸਲਮਾਨ ਰੂਪੀ ਮਜ਼੍ਹਬਾਂ ਵਿੱਚ ਹੀ ਵੰਡਿਆ ਹੋਇਆ ਨਹੀਂ ਸੀ, ਸਗੋਂ ਸੈਂਕੜੇ ਹੀ ਫ਼ਿਰਕਿਆਂ ਤੇ ਪੰਥਾਂ ਵਿੱਚ ਗ੍ਰਸਤ ਸੀ। ਸੱਜਣ ਠੱਗਾਂ, ਕੌਡੇ ਰਾਕਸ਼ਾਂ, ਟੂਣੇਹਾਰ ਕਾਮਣੀਆਂ, ਹੱਥ ਹੌਲੇ ਕਰਨ ਵਾਲੇ ਸਾਧਾਂ, ਪੀਰਾਂ ਤੇ ਫ਼ਕੀਰਾਂ ਦੀ ਘਾਟ ਨਹੀਂ ਸੀ।ਪ੍ਰਭੂ ਦੇ ਘਰਾਂ ਵਿੱਚ ਵੀ ਮਾਨਵਤਾ ਵਿਰੋਧੀ ਕੰਮ ਕਾਰ ਹੋ ਰਹੇ ਸਨ। ਇਹਨਾਂ ਸਭ ਕਿਸਮ ਦੀ ਬਿਪਤਾ ਵਿੱਚ ਘਿਰੀ ਲੋਕਾਈ ਸੱਚ ਅਤੇ ਤੱਥ ਦੀ ਤਲਾਸ਼ ਵਿੱਚ ਭਟਕ ਰਹੀ ਸੀ। ਘਰ ਉਸ ਨੂੰ ਰਾਹ ਮਿਲਣ ਦੀ ਥਾਂ ਸਗੋਂ ਦਰ ਦਰ ਦੀਆਂ ਠੋਕਰਾਂ ਹੀ ਮਿਲ ਰਹੀਆਂ ਸਨ। ਇਸ ਤਰ੍ਹਾਂ ਇਸ ਜਨਮਸਾਖੀ ਰਾਹੀਂ ਸਾਖੀਕਾਰ ਦੁਆਰਾ ਉਸ ਸਮੇਂ ਦੀ

ਸਮਾਜਿਕ, ਰਾਜਨੀਤਿਕ, ਧਾਰਮਿਕ, ਤੇ ਭਾਈਚਾਰਿਕ ਸਥਿਤੀ ਨੂੰ ਬਿਆਨ ਕਰਨਾ ਇਸ ਜਨਮਸਾਖੀ ਦੀ ਇੱਕ ਵੱਡੀ ਵਿਸ਼ੇਸ਼ਤਾ ਹੈ।

ਇਸ ਜਨਮਸਾਖੀ ਵਿੱਚ ਮਿਲਦੇ ਮਿੱਥਿਹਾਸਕ ਅੰਸ਼ ਹਨ:- ਜਨਮਸਾਖੀ ਅਨੁਸਾਰ ਤੇਤੀਸ ਕਰੋੜ ਦੇਵਤਿਆਂ ਨਮਸ਼ਕਾਰ ਕੀਆ ਚਉਸਠ ਜੋਗਣੀ ਬਵੰਜਾਹ ਬੀਰ ਨਿਆਂ ਜਤੀਆਂ ਚੋਰਾਸੀ ਸਿੱਧਾਂ ਨਵਾਂ ਨਾਥਾਂ ਨਮਸਕਾਰ ਕੀਆ। ਇਹ ਸਾਰੇ ਅੰਸ਼ ਵਾਸਤਵਿਕ ਦੀ ਥਾਂ ਪਰੰਪਰਾਗਤ ਹਨ। ਵੈਦਿਕ ਕਾਲ ਵਿੱਚ ਹਿੰਦੂ ਤੇਤੀ ਦੇਵੀ ਦੇਵਤਿਆਂ ਨੂੰ ਮੰਨਦੇ ਸਨ। ਵੈਦਿਕ ਕਾਲ ਵਿੱਚ ਤਾਂ ਇਨ੍ਹਾਂ ਨੂੰ 33 ਕੋਟੀ ਦੇਵਤੇ ਕਹਿੰਦੇ ਸਨ ਪਰ ਮਗਰੋਂ ਕੋਟੀ ਦਾ ਅਰਥ ਕਰੋੜ ਸਮਝ ਕੇ ਇਹ ਗਿਣਤੀ 33 ਕਰੋੜ ਬਣਾ ਦਿੱਤੀ ਗਈ। ਇਸੇ ਤਰ੍ਹਾਂ ਨੌ ਨਿੱਧਾ, ਨੌ ਖੰਡ, ਨੌ ਗ੍ਰਹਿ, ਨੌ ਦਵਾਰ, ਨੌ ਹੀ ਨਰਾਤੇ ਹੁੰਦੇ ਹਨ। ਇਸੇ ਪ੍ਰਕਾਰ ਹੀ ਨੌ ਨਾਥ ਮੰਨੇ ਜਾਂਦੇ ਹਨ। ਛੇ ਰੁਤਾਂ, ਛੇ ਸ਼ਾਸਤਰ ਅਤੇ ਛੇ ਹੀ ਮੁੱਖ ਰਾਗ ਮੰਨੇ ਜਾਂਦੇ ਹਨ ਇਸੇ ਤਰ੍ਹਾਂ ਜਤੀ ਵੀ ਛੇ ਹੀ ਹਨ। ਨੌ ਨਾਥਾ ਚੌਰਾਸੀ ਸਿੱਧਾਂ ਵਾਂਗ ਬੀਰਾਂ ਦੀ ਗਿਣਤੀ 52 ਅਤੇ ਜੋਗਨੀਆਂ ਦੀ ਗਿਣਤੀ 64 ਹੈ। ਇਹ ਦੁਰਗਾ ਅਤੇ ਕਾਲੀ ਦੀਆਂ ਸਹਾਇਕ ਸਮਝੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਸ ਜਨਮਸਾਖੀ ਵਿੱਚ ਕਈ ਮਿਥਿਹਾਸਕ ਵੇਰਵੇ ਆਉਣਾ ਅਤੇ ਗੁਰੁ ਜੀ ਨਾਲ ਕਰਾਮਾਤਾਂ ਜੋੜਨਾ ਸਿੱਖ ਫ਼ਲਸਫ਼ੇ ਦੇ ਉਲਟ ਜਾਣ ਵਾਲੀਆ ਗੱਲਾਂ ਹਨ।ਪੁਰਾਤਨ ਜਨਮ-ਸਾਖੀ ਦੀ ਸ਼ਬਦ ਚੋਣ, ਸ਼ਬਦਾਵਲੀ ਅਤੇ ਸ਼ਬਦ-ਯੋਜਨਾ ਕਮਾਲ ਦੀ ਹੈ। ਇਹ ਪਾਤਰ ਪਰਿਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਵਰਤੀ ਗਈ। ਇਸ ਸ਼ਬਦਾਵਲੀ ਵਿੱਚ ਆਮ ਫ਼ਹਿਮ ਸ਼ਬਦ ਹਨ; ਵਿਦਵਤਾ ਭਰੇ, ਰੋਹਬ ਪਾਊ ਤੇ ਮੁਹਾਵਰੇ ਤੋਂ ਪਰੇ ਦੇ ਸ਼ਬਦ ਨਹੀਂ ਲਏ ਗਏ। ਇਸ ਦੀ ਸ਼ਬਦ-ਚੋਣ ਆਮ ਆਦਮੀ ਦੀ ਗਿਆਨ ਸੀਮਾ ਨੂੰ ਮੁੱਖ ਰੱਖ ਕੇ ਹੀ ਕੀਤੀ ਗਈ ਹੈ। ਵਾਕ ਬਹੁਤ ਛੋਟੇ-ਛੋਟੇ ਹਨ ਅਤੇ ਵਾਕ-ਰਚਨਾ ਸਰਲ, ਸੁਭਾਵਿਕ, ਸਿੱਧੀ ਤੇ ਸਾਰਥਿਕ ਹੈ। ਹੋ ਸਕਦਾ ਹੈ, ਸ਼ਬਦ-ਜੋੜ ਸਮਾਂ ਪੈਣ ਕਾਰਨ, ਵੱਖ-ਵੱਖ ਉਤਾਰਾਕਾਰਾਂ ਦੇ ਹੱਥਾਂ ਵਿਚੋਂ ਨਿਕਲਣ ਕਾਰਨ ਕੁੱਝ ਫਰਕ ਪਾ ਗਏ ਹੋਣ। ਪਰੰਤੂ ਵਾਕ-ਯੋਜਨਾ ਵਿੱਚ ਵਧੇਰੇ ਮੌਲਿਕਤਾ ਹੈ ਜੋ ਸਾਖੀਕਾਰ ਦੀ ਸਫਲ ਅਭਿਵਿਅਕਤੀ ਦਾ ਨਵੇਕਲਾ ਗੁਣ ਹੈ।

ਪੁਰਾਤਨ ਜਨਮਸਾਖੀ ਦੀ ਵਾਰਤਕ ਕਲਾਤਮਿਕ ਤੇ ਰਸਾਤਮਿਕ ਹੀ ਨਹੀਂ ਸਗੋਂ ਸੰਗੀਤਿਕ ਵੀ ਹੈ। ਇਸ ਵਿਚਲਾ ਕਾਵਿਕ ਗੁਣ, ਭਾਵੁਕਤਾ ਦੀ ਡੂੰਘਾਈ , ਭਾਵਾਂ ਦੀ ਤਰਲਤਾ ਅਤੇ ਵਿਸਤਾਰ ਇਸ ਨੂੰ ਕਵਿਤਾ ਦੇ ਵਧੇਰੇ ਨੇੜੇ ਲੈ ਜਾਂਦਾ ਹੈ। ਇਹੋ ਕਾਰਨ ਹੈ ਕਿ ਇਸ ਦੀ ਵਾਰਤਕ ਇਸ ਵਿੱਚ ਦਿੱਤੀਆਂ ਗਈਆਂ ਬਾਣੀ ਦੀਆਂ ਟੂਕਾਂ ਅਨੁਸਾਰ ਹੀ ਢਲਦੀ ਜਾਂਦੀ ਹੈ, ਇੱਕ ਅਜਬ ਲੈਅ ਤੇ ਤੋਲ ਪੈਦਾ ਕਰਦੀ ਹੈ ਜਿਸ ਨਾਲ ਲੋਹੜੇ ਦੇ ਸੰਗੀਤ ਰਸ ਦਾ ਪ੍ਰਭਾਵ ਪੈਂਦਾ ਹੈ। ਜੇ ਗੁਰੂ ਨਾਨਕ ਦੀ ਬਾਣੀ ਇੱਕ ਅਗੰਮੀ ਸੰਗੀਤ ਹੈ ਤਾਂ ਪੁਰਾਤਨ ਜਨਮਸਾਖੀ ਦੀ ਵਾਰਤਕ ਮਰਦਾਨੇ ਦੀ ਮਿੱਠੀ ਰਬਾਬ ਹੈ ਜਿਸ ਵਿਚੋਂ ਮਿੱਠਤ, ਨਿਮਰਤਾ, ਸੇਵਾ, ਤਿਆਗ, ਨਾਮ ਦਾਨ, ਇਸ਼ਨਾਨ, ਕਿਰਤ ਅਤੇ ਪਰਮਾਰਥ ਜਾਂ ਪਰ-ਉਪਕਾਰ ਆਦਿ ਸੁਰਾਂ ਫੁੱਟ ਰਹੀਆਂ ਹਨ। ਸਾਡੇ ਇਸ ਕਥਨ ਦੀ ਉਗਾਹੀ ਲਈ ਖੇਤੀ, ਵਣਜ, ਸਉਦਾਗਰੀ ਅਤੇ ਚਾਕਰੀ ਸਿਰਲੇਖ ਅਧੀਨ ਆਈਆਂ ਸਾਖੀਆਂ ਦੇਖੀਆਂ ਜਾ ਸਕਦੀਆਂ ਹਨ। ਇਸ ਜਨਮਸਾਖੀ ਦੀ ਇੱਕ ਵਿਸ਼ੇਸ਼ਤਾ ਇਸ ਦਾ ਉਪਦੇਸ਼ਾਤਮਕ ਹੋਣਾ ਹੈ। ਇਸ ਜਨਮਸਾਖੀ ਦਾ ਇੱਕ ਲਿਖਣ-ਮਨੋਰਥ ਗੁਰੂ ਜੀ ਦੇ ਉਪਕਾਰਾਂ ਨੂੰ ਸੰਭਾਲਣਾ ਵੀ ਹੈ। ਗੁਰੂ ਜੀ ਦੇ ਉਪਕਾਰ ਸ਼ਿਕਸ਼ਾ-ਮੂਲਕ ਹਨ। ਫਲਸਰੂਪ, ਉਨ੍ਹਾਂ ਦਾ ਪ੍ਰਧਾਨ ਸੁਰ ਉਪਦੇਸ਼ਾਤਮਕ ਹੈ। ਇਸ ਦੀ ਹਰ ਸਾਖੀ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦਾ ਅਤਿ ਧ੍ਵਨਿਤ ਕੀਤਾ ਗਿਆ ਪ੍ਰਤੀਤ ਹੁੰਦਾ ਹੈ।ਵਿਵਰਣਾਤਮਕਤਾ ਇਸ ਜਨਮਸਾਖੀ ਦੀ

ਅਭਿਵਿਅਕਤੀਗਤ ਵਿਸ਼ੇਸ਼ਤਾ ਹੈ। ਇਸ ਦੇ ਅੰਤਰਗਤ ਵਿਵਰਣ, ਵਰਣਨ, ਬ੍ਰਿਤਾਂਤ, ਆਦਿ ਸਭ ਰੱਖੇ ਜਾ ਸਕਦੇ ਹਨ। ਜਿਥੇ ਵਸਤੂਆਂ ਦੇ ਚਿਤ੍ਰਣ ਦਾ ਅਵਸਰ ਹੈ, ਉਥੇ ਸ਼ੈਲੀ ਦਾ ਸਰੂਪ ਵਰਣਾਤਮਕ ਹੈ ਅਤੇ ਜਿੱਥੇ ਪ੍ਰਸੰਗ ਵਿੱਚ ਕਥਾ ਅੰਸ਼ ਦੀ ਅਧਿਕਤਾ ਹੈ ਉੱਥੇ ਸ਼ੈਲੀ ਦਾ ਸਰੂਪ ਬ੍ਰਿਤਾਂਤਿਕ ਹੈ। ਇਸ ਸਾਖੀ ਵਿੱਚ ਸਾਖੀਕਾਰ ਨੇ ਅਨੇਕ ਸਥਾਨਾਂ ਤੇ ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਚਿਤਰ ਕੇ ਆਪਣੀ ਸੂਖਮ ਮਨੋਵਿਗਿਆਨਿਕ ਅੰਤਰ-ਦ੍ਰਿਸ਼ਟੀ ਦਾ ਪਰਿਚਯ ਦਿੱਤਾ ਹੈ। ਉਦਾਹਰਨ ਵਜੋਂ ਸੁਲਤਾਨਪੁਰ ਨੂੰ ਤਿਆਰੀ ਵਾਲੀ ਸਾਖੀ ਨੂੰ ਲਿਆ ਜਾ ਸਕਦਾ ਹੈ। ਸੰਸਾਰਿਕਤਾ ਤੋਂ ਉਦਾਸੀਨ ਅਤੇ ਪਰਿਵਾਰਿਕ ਮੋਹ ਮਾਇਆ ਤੋਂ ਮੁਕਤ ਗੁਰੂ ਜੀ ਦੀ ਪਤਨੀ ਤੋਂ ਵੀ ਪਤੀ ਦਾ ਵਿਯੋਗ ਸਹਿਨ ਕਰਨਾ ਮੁਹਾਲ ਹੈ। ਉਸਦੇ

ਮਨ ਦੀ ਸਥਿਤੀ ਅਤੇ ਪਤੀ ਦੇ ਸੰਪਰਕ ਵਿੱਚ ਰਹਿਣ ਦੀ ਤੀਬਰ ਇੱਛਾ ਨੂੰ ਸਾਖੀਕਾਰ ਨੇ ਬੜੀ ਸੂਖਮਤਾ ਨਾਲ ਚਿਤਰਿਆ ਹੈ। ਪੁਰਾਤਨ ਜਨਮਸਾਖੀ ਦੀ ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ ਸਰਵ ਪ੍ਰਮੁਖ ਵਿਸ਼ੇਸਤਾ ਇਹ ਹੈ ਕਿ ਇਸ ਦਾ ਸ਼ਬਦ ਭੰਡਾਰ ਵਿਸ਼ਾਲ ਹੈ। ਲੋੜ ਅਨੁਸਾਰ ਦੇਸ਼ੀ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈਣੇ ਲੇਖਕ ਨੇ ਸੰਕੋਚ ਨਹੀਂ ਕੀਤਾ। ਇਸ ਦੀ ਸ਼ਬਦਾਬਲੀ ਦਾ ਮੁੱਖ ਆਧਾਰ ਭਾਰਤੀ ਵਿਰਸਾ ਹੈ।ਸੰਸਕ੍ਰਿਤ ਦੇ ਕੁਝ ਤਤਸਮ ਅਤੇ ਅਰਧ ਤਤਸਮ ਸ਼ਬਦ ਨਮੂਨੇ ਹਨ:-ਜਗਤ, ਨਿਸਤਾਰਣ, ਵੇਲਾ, ਨਮਸਕਾਰ, ਨਾਮ, ਸੰਸਾਰ, ਅਤੀਤ, ਸੇਵਕ, ਸਰਵੰਗ, ਪ੍ਰਜਾ ਆਦਿ। ਇਸ ਜਨਮਸਾਖੀ ਦੀ ਭਾਸ਼ਾ ਦਾ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਇਸ ਵਿੱਚ ਅਰਬੀ, ਫਾਰਸੀ ਆਦਿ ਕੁਝ ਵਿਦੇਸ਼ੀ ਭਾਸ਼ਾਵਾਂ ਦਾ ਸਪਸ਼ਟ ਪ੍ਰਭਾਵ ਹੈ। ਦੇਸੀ ਸ਼ਬਦਾਵਲੀ ਦੀ ਵੀ ਸਾਖੀਕਾਰ ਨੇ ਖੁਲ੍ਹ ਕੇ ਵਰਤੋਂ ਕੀਤੀ ਹੈ। ਪੱਛਮੀ ਪੰਜਾਬ ਵਿੱਚ ਬੋਲੀਆਂ ਜਾਣ ਵਾਲੀਆਂ ਉਪਬੋਲੀਆਂ ਯਥਾ-ਪੋਠੋਹਾਰੀ, ਅਵਾਣਕਾਰੀ, ਝਾਂਗੀ ਮੁਲਤਾਨੀ ਆਦਿ ਵਿੱਚ ਅਧਿਕਤਰ ਸਮਾਨ ਰੂਪ ਵਿੱਚ ਵਰਤੀ ਹੋਈ ਮਿਲ ਜਾਂਦੀ ਹੈ। ਇਸ ਰਚਨਾ ਦੇ ਕਰਤਾ ਨੇ ਵੀ ਵਾਰਤਾਲਾਪੀ ਢੰਗ ਦੀ ਕਾਫ਼ੀ ਅਧਿਕ ਵਰਤੋਂ ਕੀਤੀ ਹੈ। ਹਰ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਤੇ ਹੋਰ ਕਿਸੇ ਨਾ ਕਿਸੇ ਪਾਤਰ ਦੀ ਗਲਬਾਤ ਵਿਖਾਈ ਗਈ ਹੈ।ਕਿਤੇ-ਕਿਤੇ ਗੱਲਬਾਤ ਕਾਫ਼ੀ ਰੋਚਕ ਬਣ ਜਾਂਦੀ ਹੈ।ਜੇ ਬਾਤਚੀਤ ਦੇ ਅੱਗੇ ਕੇਵਲ ਬੋਲਣ ਵਾਲੇ ਦਾ ਨਾਂ ਲਿਖੀਏ ਤਾਂ ਹੇਠ ਲਿਖੇ ਅਨਸਾਰ ਝਾਕੀ ਬਣ ਜਾਂਦੀ ਹੈ:-(ਮੋਦੀ ਦੀ ਕਾਰ ਤਿਆਰੀ ਵਾਲੀ ਸਾਖੀ)

ਲੋਕ- ਬਾਬਾ ਨਾਨਕ ਆਖਦਾ ਹੈ ਜੋ 'ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ' ਹੈ।

ਖਾਨ- ਇਸ਼ਕੇ ਖਿਆਲ ਨਾਹੀ ਪਾਉਣਾ, ਇਹ ਫ਼ਕੀਰ ਹੈ।

ਕਾਜੀ- ਖਾਨ ਜੀ ਅਜਬੁ ਹੈ, ਕਿਉਂ ਜੋ ਆਖਿਦਾ ਹੈ- ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ।

ਖਾਨ- ਜਾਇ ਕਰ ਨਾਨਕ ਫਕੀਰ ਤਾਂਈ ਲੈ ਆਵਹੁ।

ਆਦਮੀ- ਨਾਨਕ ਤੇਰੇ ਤਾਈਂ ਖਾਨ ਬੁਲਾਇੰਦਾ ਹੈ।

ਨਾਨਕ- ਮੈਂ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ। ਲੋਕ- ਇਹ ਕਮਲਾ ਦਿਵਾਨਾ ਹੋਆ ਹੈ। ਇਸ ਜਨਮਸਾਖੀ ਦੀ ਸ਼ੈਲੀ ਦਾ ਇੱਕ ਗੁਣ ਇਸ ਦਾ ਪਰਾਸਰੀਰਕ ਅੰਸ਼ ਹੈ। ਥਾਂ ਪਰ ਥਾਂ ਗੁਰੂ ਜੀ ਦੇ ਨਾਂ ਨਾਲ ਕਰਾਮਾਤਾਂ ਜੋੜ ਕੇ ਬਿਆਨ ਨੂੰ ਰੁਮਾਂਟਿਕ ਬਣਾ ਦਿੱਤਾ ਹੈ। ਕਿਤੇ ਕਿਤੇ ਮੋਇਆ ਹਾਥੀ ਜੀਉਂਦਾ ਹੁੰਦਾ ਵਿਖਾਇਆ ਹੈ, ਕਿਤੇ ਰਾਮ ਗਣਾ ਅਤੇ ਯਮ ਗਣਾ ਦਾ ਝਗੜਾ ਹੁੰਦਾ ਦਰਸਾਇਆ ਹੈ। ਕਿਤੇ ਮਰਦਾਨੇ ਨੂੰ ਮਿੱਡਾ ਬਣਦਾ ਅਤੇ ਕਾਵਰੂ ਦੇਸ਼ ਦੀ ਇੱਕ ਇਸਤਰੀ ਦੇ ਸਿਰ ਉੱਤੇ ਘੜਾ ਚਿਪਕਦਾ ਦਰਸਾਇਆ ਹੈ ਕਿਤੇ ਕਲਯੁਗ ਨੂੰ ਅਨੇਰੀ, ਅਗਨੀ, ਧੂਆਂ ਅਤੇ ਪਾਣੀ ਦਾ ਰੂਪ ਧਾਰਦੇ ਵਿਖਾਇਆ ਹੈ। ਮੱਕਾ ਘੁਜ਼ਮ ਜਾਂਦਾ ਹੈ ਅਤੇ ਅੰਤ ਕਰਤਾਰਪੁਰ ਬਾਬੇ ਦੀ ਮ੍ਰਿਤਕ ਦੇਹ ਹੀ ਅਲੋਪ ਹੋ ਜਾਂਦੀ ਹੈ ਕਰਾਮਾਤਾਂ ਨੇ ਸ਼ੈਲੀ ਨੂੰ ਬੋਧਿਕ ਦੀ ਥਾਂ ਰੁਮਾਚਿਕ ਬਣਾ ਦਿੱਤਾ ਹੈ। ਇਸ ਤਰ੍ਹਾਂ ਇਸ ਜਨਮਸਾਖੀ ਨੂੰ ਪੜ੍ਹ ਕੇ ਗੁਰੂ ਸਾਹਿਬ ਦੇ ਸਿੱਖਾਂ ਨੂੰ ਆਪਣੇ ਆਗੂ ਬਾਰੇ ਵੱਧ ਤੋਂ ਵੱਧ ਜਾਣਨ ਦੀ ਲਾਲਸਾ ਜਾਗੀ ਤੇ ਉਹਨਾਂ ਦੀ ਇਸ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਹਰ ਸਾਖੀਕਾਰ ਵੱਧ ਤੋਂ ਵੱਧ ਪ੍ਰਮਾਣਿਕ ਤੇ ਵਿਸ਼ਵਾਸਯੋਗ ਵਾਕਫ਼ੀ ਦੇਣ ਦਾ ਦਾਹਵਾ ਕਰਨ ਲੱਗਾ। ਇਹਨਾਂ ਵਿੱਚ ਇਤਿਹਾਸ ਘੱਟ ਤੇ ਲੋਕ-ਗਾਥਾ ਵਧੇਰੇ ਲੱਭੀ ਜਾ ਸਕਦੀ ਹੈ। ਇਹਨਾਂ ਸਾਖੀਆਂ ਦੀ ਉਤਪਤੀ ਬਾਰੇ ਉਹ ਲਿਖਦੇ ਹਨ ਕਿ ਇਹਨਾਂ ਸਾਖੀਆਂ ਦਾ ਜਨਮ ਮੁੱਖ ਤੌਰ ਤੇ ਸੰਤਾਂ ਤੇ ਗੁਰੂਆਂ ਦੇ ਮੁੱਖ ਵਾਕਾਂ ਨੂੰ ਇੰਨ-ਬਿਨ ਲੇਖਣੀ-ਵੱਸ ਕਰਨ, ਸਾਂਭਣ ਦੀ ਧਾਰਮਿਕ ਲੋੜ ਵਿਚੋਂ ਹੋਇਆ। ਮਗਰੋਂ ਉਹਨਾਂ ਦੇ ਪੈਰੋਕਾਰਾਂ ਦੀ ਅਗਵਾਈ ਅਤੇ ਲਾਭ ਹਿੱਤ ਆਪਣੇ ਵਿਛੜ ਚੁੱਕੇ ਆਗੂਆਂ ਨਾਲ ਸੰਬੰਧਿਤ ਕਾਰਜਾਂ, ਸਫਰਾਂ, ਮਿਲਣੀਆਂ, ਗੋਸ਼ਟਾਂ, ਬਹਿਸਾਂ, ਕਰਾਮਾਤਾਂ, ਉਹਨਾਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੰਪਰਕਾਂ ਅਤੇ ਸਾਹਿਤਿਕ ਕਿਰਤਾਂ ਦੀ ਸਾਜ-ਸੰਭਾਲ ਕੀਤੀ ਗਈ। ਇਹਨਾਂ ਬਾਰੇ ਪ੍ਰਾਪਤ ਹਰ ਛੋਟੇ ਜੀਵਨੀਪਰਕ ਜਾਂ ਸਾਹਿਤਿਕ ਵੇਰਵੇ ਨੂੰ ਹਾਰਦਿਕ ਪ੍ਰਸ਼ੰਸ਼ਾ, ਮੰਨਣਯੋਗਤਾ ਅਤੇ ਸ਼ਰਧਾ ਮਿਲਦੀ

ਸੀ। ਸਮਾ ਪਾ ਕੇ ਇਹ ਵੇਰਵੇ ਵਧੇਰੇ ਗੌਰਵਮਈ ਅਤੇ ਮੰਨਣੋਗ, ਲਿਖਤੀ ਜਾਂ ਜ਼ਬਾਨੀ ਵਿਸਤਾਰਾਂ ਦਾ ਮੂਲ ਆਧਾਰ ਬਣੇ। ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਮੋਢੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਤਾਂਘ ਤੇ ਜਿਗਿਆਸਾ ਰੱਖਣ ਲੱਗੀਆਂ।

ਡਾ. ਮੋਹਨ ਸਿੰਘ ਨੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਜਨਮਸਾਖੀਆਂ ਵਿਚੋਂ ਇਤਿਹਾਸ ਲੱਭਣਾ ਠੀਕ ਨਹੀਂ ਕਿਉਂਕਿ ਇਹਨਾਂ ਦਾ ਆਧਾਰ ਧਾਰਮਿਕ ਲੋੜ, ਸ਼ਰਧਾ ਅਤੇ ਲੋਕ ਵਿਰਸਾ ਹੈ।ਇਸ ਤਰ੍ਹਾਂ ਭਾਵੇ ਜਨਮਸਾਖੀ ਪਰੰਪਰਾ ਵਿੱਚ ਕਈ ਜਨਮਸਾਖੀਆਂ ਲਿਖੀਆਂ ਗਈਆਂ ਪਰ ਪੁਰਾਤਨ ਜਨਮਸਾਖੀ ਆਪਣੇ ਉਪਰ ਦੱਸੇ ਗਏ ਗੁਣਾ ਕਰਕੇ ਆਪਣੀ ਇੱਕ ਵੱਖਰੀ ਮਹੱਤਤਾ ਰੱਖਦੀ ਹੈ।ਇਸ ਜਨਮਸਾਖੀ ਰਾਹੀਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਵਿਸ਼ੇਸ਼ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਜਨਮਸਾਖੀ ਵਿੱਚ ਆਈਆਂ ਇਤਿਹਾਸਿਕ ਤੇ ਮਿਥਿਹਾਸਕ ਘਟਨਾਵਾਂ ਰਾਹੀਂ ਸਾਨੂੰ ਉਸ ਸਮੇਂ ਇਤਿਹਾਸਕ ਤੱਥਾਂ ਬਾਰੇ ਅਤੇ ਮਿਥਿਹਾਸਿਕ ਤੱਥਾਂ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਵਿੱਚ ਵਰਤੀ ਗਈ ਭਾਸ਼ਾ ਸਾਨੂੰ ਉਸ ਸਮੇਂ ਦੀ ਭਾਸ਼ਾ ਨੂੰ ਸਮਝਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ।ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੁਰਾਤਨ ਜਨਮਸਾਖੀ ਆਪਣੇ ਗੁਣਾ ਕਰਕੇ ਇੱਕ ਇਤਿਹਾਸਿਕ ਦਸਤਾਵੇਜ ਦੇ ਰੂਪ ਵਿੱਚ ਸਾਡੇ ਲਈ ਫਾਇਦੇਮੰਦ ਸਾਬਤ ਹੋ ਰਹੀ ਹੈ ਅਤੇ ਹਮੇਸ਼ਾ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਫਾਇਦੇਮੰਦ ਸਾਬਤ ਹੋਵੇਗੀ ਮਿਹਰਬਾਨ ਵਾਲੀ ਜਨਮਸਾਖੀ 'ਸੋਢੀ ਮਿਹਰਬਾਨ ਵਾਲੀ ਜਨਮਸਾਖੀਂ ਦੋ ਭਾਗਾਂ ਵਿੱਚ "ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀਂ ਦੇ ਸਿਰਲੇਖ ਅਧੀਨ ਖਾਲਸਾ ਕਾਲਜ ਅੰਮ੍ਰਿਤਸਰ ਵੱਲੋ ਪ੍ਰਕਾਸ਼ਿਤ ਹੋ ਚੁਕੀ ਹੈ। ਇਸ ਦੇ ਪਹਿਲੇ ਭਾਗ ਵਿੱਚ 'ਹਰਿ ਜੀਂ ਅਤੇ 'ਚਤੁਰਭੁਜ' ਪੋਥੀਆਂ ਸ਼ਾਮਿਲ ਕੀਤੀਆਂ ਹਨ।

ਇਸ ਦਾ ਪਹਿਲਾ ਭਾਗ ਡਾ.ਕਿਰਪਾਲ ਸਿੰਘ ਨੇ ਸ਼ਮਸ਼ੇਰ ਸਿੰਘ ਅਸ਼ੋਕ ਦੇ ਸਹਿਯੋਗ ਨਾਲ 1962 ਈ ਵਿੱਚ ਪ੍ਰਕਾਸ਼ਿਤ ਕੀਤਾ ਅਤੇ ਦੂਜਾ ਡਾ. ਬਲਬੀਰ ਸਿੰਘ ਨੇ ਭੂਮਿਕਾ ਲਿਖ ਕੇ 1969 ਈ ਵਿੱਚ ਛਾਪਿਆ । ਪਹਿਲੇ ਭਾਗ ਵਿੱਚ ਸਚਖੰਡ ਪੋਥੀ ਸੰਪਾਦਿਤ ਹੋਈ ਹੈ ਅਤੇ ਦੂਜੇ ਹਿਸੇ ਵਿੱਚ ਹਰਿ ਜੀ ਅਤੇ ਚਤੁਰਭੁਜ ਪੋਥੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਜਨਮਸਾਖੀ ਦਾ ਰਚੈਤਾ ਮਿਹਰਬਾਨ ਨੂੰ ਮੰਨਿਆ ਜਾਂਦਾ ਹੈ, ਉਸ ਦਾ ਪੂਰਾ ਨਾਂ ਮਨੋਹਰਦਾਸ ਹੈ ਜੋ ਕਿ ਚੌਥੇ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀਚੰਦ ਦੇ ਪੁੱਤਰ ਸੀ। ਪਰ ਕੁਝ ਵਿਦਵਾਨ ਉਨ੍ਹਾਂ ਦੇ ਪੁੱਤਰਾਂ 'ਹਰਿ ਜੀਂ ਤੇ 'ਚਤੁਰਭੁਜੱ ਨੂੰ ਇਸ ਦਾ ਲੇਖਕ ਮੰਨਦੇ ਹਨ। ਪਰ ਅਮਲ ਵਿੱਚ ਮਿਹਰਬਾਨ ਦੇ ਹੁਕਮ ਤੇ ਉਨ੍ਹਾਂ ਨੇ ਜਨਮਸਾਖੀ ਦੀ ਸੁਧਾਈ ਕੀਤੀ ਹੋਵੇਗੀ। ਇਸ ਜਨਮਸਾਖੀ ਦੇ ਰਚਨਾਕਾਲ ਸੰਬੰਧੀ ਕੋਈ ਪੁਖਤਾਂ ਪ੍ਰਮਾਣ ਨਹੀਂ ਮਿਲਦੇ ਪਰ, ਇਸ ਦਾ ਰਚਨਾਕਾਲ ਮਿਹਰਬਾਨ ਦੇ ਦੇਹਾਂਤ 1639 ਈ. ਤੋਂ ਪਹਿਲਾਂ ਮੰਨਿਆ ਜਾਂਦਾ ਅਤੇ ਇਸ ਦੀਆਂ ਦੋ ਪੋਥੀਆਂ ਦੀ ਸੁਧਾਈ ਦਾ ਕੰਮ 1650 ਤੋਂ 1651 ਈਂ ਵਿੱਚ ਹੋਇਆ। ਇਸਦੀ ਪਹਿਲੀ ਪੋਥੀ ਵਿੱਚ 167 ਗੋਸ਼ਟਾਂ ਜਿਨ੍ਹਾਂ ਵਿਚੋਂ 14 ਹੁਣ ਉਪਲੱਬਧ ਨਹੀਂ ਹਨ।

'ਹਰਿ ਜੀ ਪੋਥੀ' ਵਿੱਚ 61 ਗੋਸ਼ਟਾਂ 'ਚਤੁਰਭੁਜ ਪੋਥੀ' ਵਿੱਚ 74 ਗੋਸ਼ਟਾਂ ਮਿਲਦੀਆਂ ਹਨ। ਇਸ ਦੇ ਪਹਿਲੇ ਭਾਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿੱਚ ਰਹਿਣ ਤੋਂ ਪਹਿਲਾਂ ਦੇ ਜੀਵਨ ਦਾ ਬਿਰਤਾਂਤ ਮਿਲਦਾ ਹੈ ਅਤੇ ਦੂਜੇ ਭਾਗ ਵਿੱਚ ਕਰਤਾਰਪੁਰ ਵਿੱਚ ਬਿਤਾਏ ਜੀਵਨ ਦਾ ਵੇਰਵਾ ਮਿਲਦਾ ਹੈ। ਇਸ ਵਿੱਚ ਲਗਭਗ ਗੁਰਬਾਣੀ ਦੀ ਵਿਆਖਿਆ ਮਿਲਦੀ ਹੈ।ਗੁਰਚਰਨ ਸਿੰਘ ਅਨੁਸਾਰ, "ਭਾਸ਼ਾ ਦਾ ਸਮੁੱਚਾ ਸਰੂਪ 'ਸਾਧ ਭਾਸ਼ਾਂ' ਵਾਲਾ ਹੈ। ਜਿਸ ਵਿੱਚ ਪੰਜਾਬੀ ਦਾ ਅੰਸ਼ ਕਾਫੀ ਉਭਰਵਾਂ ਤੇ ਉਘੜਵਾਂ ਹੈ। ਰੁਚੀ ਵਿਯੋਗਾਤਮਕ ਪ੍ਰਗਟਾ ਵਲ ਵਧੇਰੀ ਹੈ।ਪਰ ਸਾਧ ਭਾਸ਼ਾ ਤੋਂ ਇਲਾਵਾ ਇਸ ਵਿੱਚ ਬ੍ਰਜ਼, ਹਿੰਦਵੀਂ, ਫ਼ਾਰਸੀ ਭਾਸ਼ਾ ਦੇ ਅੰਸ਼ ਵੀ ਮਿਲਦੇ ਹਨ।

### ਭਾਈ ਬਾਲੇ ਵਾਲੀ ਜਨਮਸਾਖੀ

ਭਾਈ ਬਾਲੇ ਵਾਲੀ ਜਨਮਸਾਖੀ 'ਜਨਮਸਾਖੀ ਪਰੰਪਰਾ' ਵਿੱਚ ਤੀਜਾ ਸਥਾਨ ਰੱਖਦੀ ਹੈ। ਇਸ ਜਨਮਸਾਖੀ ਦਾ ਡੇਰਿਆਂ, ਗੁਰਦੁਆਰਿਆਂ ਵਿੱਚ ਪਾਠ ਕੀਤਾ ਜਾਂਦਾ ਸੀ ਪਰ ਬਾਅਦ ਵਿੱਚ ਇਸ ਜਨਮ ਸਾਖੀ ਨੂੰ ਸਿੱਖਾਂ ਦੇ ਆਦਰਸ਼ਾਂ ਦੇ ਉੱਲਟ

ਸਮਝ ਕੇ ਇਸ ਨੂੰ ਅਪ੍ਰਮਾਣਿਕ ਮੰਨਿਆ ਗਿਆ। ਇਸ ਜਨਮਸਾਖੀ ਦੀ ਪਹਿਲੀ ਸ਼ਾਖਾ ਵਿੱਚ 75 ਤੋਂ 85 ਸਾਖੀਆ, ਦੂਜੀ ਵਿੱਚ 90, ਤੀਜੀ ਵਿੱਚ 100 ਤੋਂ ਲੈ ਕੇ 232 ਸਾਖੀਆਂ ਮਿਲਦੀਆਂ ਹਨ। ਪ੍ਰੋ: ਪਿਆਰ ਸਿੰਘ ਦੇ ਮਤ ਅਨੁਸਾਰ ਬਾਲਾ ਜਨਮਸਾਖੀ ਦੀਆਂ ਹੱਥ ਲਿਖਤ ਪੋਥੀਆ 3 ਪ੍ਰਮੁੱਖ ਸ਼ਾਖਾਵਾਂ ਜਾਂ ਪਾਠ-ਭੇਦਾਂ ਵਾਲੀਆਂ ਮਿਲਦੀਆਂ ਹਨ। ਇੱਕ ਉਹ ਸ਼ਾਖਾ ਹੈ, ਜਿਸ ਵਿੱਚ ਗੁਰੂ ਚਰਿਤ੍ਰ ਨੂੰ ਦੂਸ਼ਿਤ ਕਰਨ ਅਤੇ ਹੰਦਾਲ ਦੀ ਪ੍ਰਤਿਸ਼ਠਾ ਸੰਬੰਧੀ ਅਤਿ ਅਧਿਕ ਸਾਮਗ੍ਰੀ ਸ਼ਾਮਲ ਹੈ।ਦੁਜੀ ਸ਼ਾਖਾ ਵਿੱਚ ਬਹੁਤ ਸਾਰੀਆਂ ਮਿਹਰਬਾਨ ਸਾਖੀਆਂ ਤੋਂ ਲੈ ਕੇ ਇੱਕ ਨਵਾਂ ਜਿਹਾ ਰੂਪ ਦਿਤਾ ਗਿਆ ਹੈ।ਤੀਜੀ ਸ਼ਾਖਾ ਵਿੱਚ ਗੁਰੂ-ਚਰਿਤ੍ਰ ਨੂੰ ਕੱਢ ਕੇ ਬਾਕੀ ਅੰਸ਼ਾਂ ਨੂੰ ਨਵੀਂ ਤਰਤੀਬ ਦਿਤੀ ਗਈ ਹੈ।

ਇਸ ਜਨਮਸਾਖੀ ਦੇ ਰਚਨਾਕਾਲ ਤੇ ਰਚੈਤਾ ਬਾਰੇ ਵਿਦਵਾਨਾਂ ਵਿੱਚ ਆਪਸੀ ਮਤਭੇਦ ਹੈ। ਇਸ ਜਨਮਸਾਖੀ ਦਾ ਲੇਖਕ ਭਾਈ ਬਾਲੇ ਨੂੰ ਸਮਝਿਆ ਜਾਂਦਾ ਹੈ। ਕੁੱਝ ਇਤਿਹਾਸਕਾਰਾਂ ਅਨੁਸਾਰ ਇਸ ਦਾ ਰਚੈਤਾ 'ਪੈੜਾ ਮੋਖਾ' ਅਤੇ 'ਹੰਦਾਲ' ਨੂੰ ਮੰਨਿਆ ਹੈ। ਪਰ ਇਸ ਦੇ ਰਚੈਤਾ ਬਾਰੇ ਨਿਰਣਾ ਲੈਣਾ ਸਰਲ ਨਹੀਂ ਹੈ।ਇਸ ਵਿੱਚ ਅਰਬੀ ਅਤੇ ਫ਼ਾਰਸੀ ਦੀ ਵਰਤੋਂ ਕੀਤੀ ਗਈ ਹੈ, ਇਸ ਤੋਂ ਇਲਾਵਾ ਲਹਿੰਦੀ ਉਪਭਾਸ਼ਾ ਦੀ ਵਰਤੋਂ ਵੀ ਕੀਤੀ ਗਈ ਹੈ।ਆਦਿ ਸਾਖੀ ਬਾਬੇ ਕੀ ਇਸ ਜਨਮਸਾਖੀ ਨੂੰ 'ਸ਼ੰਭੂ ਨਾਥ ਵਾਲੀ' ਜਾਂ 'ਜਨਮਪਤ੍ਰੀ' ਬਾਬੇ ਕੀ ਵੀ ਕਿਹਾ ਜਾਂਦਾ ਹੈ। ਇਸ ਰਚਨਾ ਬਾਰੇ ਸਭ ਤੋਂ ਪਹਿਲਾਂ ਡਾ. ਮੋਹਨ ਸਿੰਘ ਦੀਵਾਨਾ ਨੇ 'ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਵਿੱਚ ਜ਼ਿਕਰ ਕੀਤਾ। ਡਾ. ਤਰਲੋਚਨ ਸਿੰਘ ਬੇਦੀ ਨੇ ਇਸ ਜਨਮਸਾਖੀ ਨੂੰ ਸਭ ਤੋਂ ਪੁਰਾਤਨ ਜਨਮਸਾਖੀ ਮੰਨਿਆ ਹੈ।

ਰਚਨਾਕਾਲ ਅਤੇ ਰਚਨਹਾਰ : ਕਈ ਵਿਦਵਾਨ ਇਸਦਾ ਰਚੈਤਾ 'ਸ਼ੰਭੂ ਨਾਥ' ਨੂੰ ਮੰਨਦੇ ਹਨ ਤੇ ਕਈ ਦਾ ਵਿਚਾਰ ਹੈ ਕਿ ਇਸ ਦਾ ਲੇਖਕ ਪੂਰਬੀ ਪੰਜਾਬ ਦਾ ਵਸਨੀਕ ਸੀ। ਪਰ ਮੰਨਿਆ ਜਾਂਦਾ ਹੈ ਕਿ ਇਸ ਦਾ ਰਚੈਤਾ ਪੂਰਬੀ ਇਲਾਕੇ ਦਾ ਵਿਅਕਤੀ ਸੀ। ਇਸ ਤਰ੍ਹਾਂ ਜਨਮਸਾਖੀ ਦੇ ਰਚੈਤਾ ਅਤੇ ਰਚਨਾਕਾਲ ਬਾਰੇ ਕੋਈ ਪ੍ਰਮੁੱਖ ਪ੍ਰਮਾਣ ਨਹੀਂ ਮਿਲਦੇ ਪਰ ਇਸ ਦਾ ਰਚਨਾਕਾਲ 1971 ਬਿ. (1934) ਵਧੇਰੇ ਮੰਨਿਆ ਗਿਆ ਹੈ। 'ਆਦਿ ਸਾਖੀਆਂ ਬਾਬੇ ਕੀਆਂ' ਵਿੱਚ ਵਰਤੀ ਗਈ ਸ਼ੈਲੀ ਵਧੇਰੇ ਪਰਿਪੱਕ ਅਤੇ ਸਪੱਸ਼ਟ ਹੈ। ਇਸ ਵਿੱਚ ਲਹਿੰਦੀ ਪ੍ਰਭਾਵ ਵਾਲੀ ਪੰਜਾਬੀ ਬੋਲੀ ਦਾ ਪ੍ਰਯੋਗ ਵਧੇਰੇ ਮਿਲਦਾ ਹੈ ਪਰ ਇਸ ਵਿੱਚ ਫ਼ਾਰਸੀ ਸ਼ਬਦਾਂ ਦੀ ਵਰਤੋਂ ਵੀ ਹੈ।

### ਗਿਆਨ ਰਤਨਾਵਲੀ

ਗਿਆਨ ਰਤਨਾਵਲੀ ਜਨਮਸਾਖੀ ਨੂੰ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਜਨਮਸਾਖੀ ਅਠਾਰ੍ਹਵੀ ਸਦੀ ਦੀ ਮਹੱਤਵਪੂਰਨ ਰਚਨਾ ਹੈ।ਕੁਝ ਵਿਦਵਾਨਾਂ ਨੇ ਇਸ ਦੇ ਲੇਖਕ ਭਾਈ ਮਨੀ ਸਿੰਘ ਨੂੰ ਮੰਨਿਆ ਹੈ ਪਰ ਕੁਝ ਇਸ ਮਤ ਨਾਲ ਸਹਿਮਤ ਨਹੀਂ ਹਨ। ਤਰਲੋਚਨ ਸਿੰਘ ਅਨੁਸਾਰ, " ਗਿਆਨ ਰਤਨਾਵਲੀ ਦਾ ਟੀਕਾ ਭਾਈ ਮਨੀ ਸਿੰਘ ਨੇ ਕਥਾ ਰੂਪ ਵਿੱਚ ਕੀਤਾ ਜਿਸ ਨੂੰ ਅੱਗੋਂ ਭਾਈ ਗੁਰਬਖ਼ਸ਼ ਸਿੰਘ ਪਾਸੋਂ ਸੁਣ ਕੇ ਭਾਈ ਸੂਰਤ ਸਿੰਘ ਨੇ ਵਾਰਤਕ ਵਿੱਚ ਲਿਖਿਆ। ਭਾਈ ਸੂਰਤ ਸਿੰਘ ਚਨੀਓਟ ਦਾ ਵਾਸੀ ਸੀ। ਇਸ ਦਾ ਰਚਨਾ ਕਾਲ 1730-35 ਮੰਨਿਆ ਹੈ।

ਇਹ ਜਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਤੇ ਆਧਾਰਿਤ ਮੰਨਿਆ ਹੈ। ਇਸ ਨੂੰ ਪਹਿਲੀ ਵਾਰ ਦਾ ਵਾਰਤਕ ਟੀਕਾ ਕਿਹਾ ਜਾਂਦਾ ਹੈ। ਪਰ ਇਹ ਇੱਕ ਸਿਰਾ ਟੀਕਾ ਨਹੀਂ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ।

### ਜਨਮਸਾਖੀ ਬਾਬੇ ਹੰਦਾਲ ਜੀ ਕੀ

ਜੰਡਿਆਲਾ ਨਿਵਾਸੀ ਬਾਬਾ ਰਾਮ ਦਾਸ ਨਿਰੰਜਨੀ ਪਾਸ ਸੁਰੱਖਿਅਤ 'ਜਨਮਸਾਖੀ ਬਾਬੇ ਹੰਦਾਲ ਜੀ ਕੀਂ ਇੱਕ ਗੱਦ-ਪਦ ਮਿਸ਼ਰਿਤ ਦੁਰਲਭ ਹੱਥ ਲਿਖਿਤ ਪੋਥੀ ਹੈ। 216 ਪਤਰੀਆਂ ਦੀ ਇਹ ਰਚਨਾ ਅੱਗੋਂ ਕਿਸੇ ਹੋਰ ਪੋਥੀ ਤੋਂ 1864 ਈ.

(1921 ਬਿ.) ਵਿੱਚ ਨਕਲ ਕੀਤੀ ਹੋਈ ਹੈ।ਇਸ ਜਨਮਸਾਖੀ ਦੇ ਰਚਨਾਕਾਲ ਅਤੇ ਲੇਖਕ ਬਾਰੇ ਕੋਈ ਪ੍ਰਮਾਣ ਨਹੀਂ ਮਿਲਦੇ। ਇਸ ਦੀ ਸ਼ੈਲੀ ਕੋਈ ਖ਼ਾਸ ਮਹੱਤਵ ਨਹੀਂ ਰੱਖਦੀ ਅਤੇ ਇਹ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀਆਂ ਬਾਕੀ ਜਨਮਸਾਖੀਆਂ ਨਾਲੋਂ ਘੱਟ ਮਹੱਤਵ ਰੱਖਦੀ ਹੈ।

### ਹੋਰ ਜਨਮਸਾਖੀਆਂ

ਇਹਨਾਂ ਜਨਮਸਾਖੀਆਂ ਤੋਂ ਇਲਾਵਾ ਹੋਰ ਜਨਮਸਾਖੀਆਂ ਵੀ ਪ੍ਰਸਿੱਧ ਹਨ, ਉਹ ਹਨ ਮਨੀ ਸਿੰਘ ਜਨਮਸਾਖੀ, ਮਿਸ਼ਰਿਤ ਜਨਮਸਾਖੀਆ,ਪੁਰਾਤਨ ਜਨਮਸਾਖੀ ਸ਼੍ਰੀ ਗੁਰੂ ਨਾਨਕ ਦੇਵ ਜੀ, ਪ੍ਰਚੀਨ ਜਨਮਸਾਖੀ, ਜਨਮਸਾਖੀ ਭਗਤ ਕਬੀਰ ਜੀ ,ਗੋਸ਼ਟਾਂ ਮਿਹਰਬਾਨ ਜੀ ਕੀਆਂ,ਆਦਿ ਜਨਮਸਾਖੀਆ ਮੋਜੂਦ ਹਨ।

ਸਾਖੀ ਮੱਧ ਕਾਲ ਚੇਤਨਾ ਵਿੱਚੋਂ ਉਗਮੀ ਲੋਕ ਤੱਤਾਂ ਨਾਲ ਮਿੱਸੀ ਇੱਕ ਅਜਿਹੀ ਰੂਪ ਰਚਨਾ ਹੈ। ਜਿਸ ਨੂੰ ਸਹਿਜੇ ਹੀ ਲੋਕ-ਮਨ ਦੀ ਬ੍ਰਿਤਾਂਤਕ ਅਭੀਵਿਅਕਤੀ ਮੰਨਿਆ ਜਾ ਸਕਦਾ ਹੈ।ਸਾਖੀ ਤੱਥ ਤੇ ਮਿੱਥ ਦਾ ਸੰਯੋਗ ਹੋਣ ਕਰਕੇ ਦੰਦ ਕਥਾ ਦੇ ਅੰਤਰਗਤ ਆਓਂਦੀ ਹੈ ਅਤੇ ਬੁਨਿਆਦੀ ਤੌਰ ਤੇ ਲੋਕਧਾਰਾ ਦੇ ਖੇਤਰ ਦੀ ਵਸਤੂ ਹੈ।ਦੰਦ ਕਥਾ ਕਦੇ ਵੀ ਸ਼ੁੱਧ ਇਤਿਹਾਸ ਨਹੀਂ ਹੁੰਦਾ ਇਹ ਵਿਸ਼ਵਾਸ਼ ਤੇ ਆਧਾਰਿਤ ਹੁੰਦਾ ਹੈ।ਇਸ ਦੀ ਰਚਨਾ ਸਾਖੀਕਾਰਾਂ ਨੇ ਨਹੀਂ ਕੀਤੀ ,ਜੋ ਕੁਝ ਲੋਕਾ ਵਿੱਚ ਪਹਿਲਾਂ ਪ੍ਰਚੱਲਤ ਸੀ ਉਸ ਨੂੰ ਕਲਮ ਵਿਚੋ ਲੰਘਾ ਕੇ ਆਪਣੀ ਸ਼ੈਲੀ ਵਿੱਚ ਅਮਰ ਕੀਤਾ ਹੈ।18ਵੀਂ ਸਦੀ ਵਿੱਚ ਇੱਕ ਖਾਸ ਪਰਿਵਰਤਨ ਆਇਆ। ਉਸ ਸਮੇ ਮਹਾਨ ਚਰਿੱਤਰ ਨਾਲ ਸਬੰਧਿਤ ਸਿੱਖ ਸਾਧਕਾ ਦੇ ਘਟਨਾ-ਪ੍ਰਸੰਗ ਵੀ ਸਾਖੀ ਰੂਪ ਵਿੱਚ ਲਿਖੇ ਜਾਣ ਲੱਗੇ ਸਨ ।ਇਸ ਲਈ ਇਸ ਸਦੀ ਵਿੱਚ ਜਿੱਥੇ ਮਨੀ ਸਿੰਘ ਦੀ ਜਨਮਸਾਖੀ ਲਿਖੀ ਗਈ ਉਥੇ ਨਾਲ ਹੀ ਕਈ ਸਾਖੀ-ਸੰਗ੍ਰਹਿ ਵੀ ਉਪਲਬਧ ਹੋਏ।

### ਸ੍ਰੀ ਸਤਿਗੁਰ ਜੀ ਦੇ ਮੂੰਹੈ ਦੀਆਂ ਸਾਖੀਆਂ

ਸੰਨ 1978 ਵਿਚ ਡਾ. ਨਰਿੰਦਰ ਕੋਰ ਭਾਟੀਆ ਦੁਆਰਾ ਇਨ੍ਹਾ ਸਾਖੀਆਂ ਦਾ ਸੰਪਾਦਨ ਕੀਤਾ ਗਿਆ ਇਸ ਸੰਗ੍ਰਹਿ ਵਿੱਚ ਕੁਲ 38 ਸਾਖੀਆਂ ਹਨ ਜਿਨ੍ਹਾ ਵਿਚੋਂ ਪਹਿਲੀਆ 33 ਸਾਖੀਆਂ ਦਾ ਸ੍ਰੋਤ ਬੀਬੀ ਰੂਪ ਕੌਰ ਵਾਲੀ ਪੋਥੀ ਹੈ ਅਤੇ ਬਾਕੀ ਪੰਜ ਸਾਖੀਆਂ ਵਿਚੋਂ 4 ਭਾਈ ਪੈਂਦੇ ਵਾਲੀ ਬੀੜ ਵਿਚੋਂ ਲਈਆਂ ਗਈਆਂ ਹਨ ਅਤੇ ਇੱਕ ਸਿੱਖ ਰੈਫ੍ਰੇਂਸ ਲਾਈਬ੍ਰੇਰੀ ਅੰਮ੍ਰਿਤਸਰ ਦੀ ਹੱਥ-ਲਿਖਿਤ 5660 ਵਿਚੋਂ ਉਤਾਰੀ ਗਈ ਹੈ।ਇਸ ਸੰਗ੍ਰਹਿ ਦੇ ਸਿਰਲੇਖ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਸਾਖੀਆਂ ਸਿੱਖਾ ਨੂੰ ਰਹਿਤ ਮਰਯਾਦਾ ਸੰਬੰਧੀ ਸਤਿਗੁਰ ਵੱਲੋਂ ਸਮੇਂ ਸਮੇਂ ਦਿੱਤੇ ਉਪਦੇਸ਼ਾਂ ਦਾ ਪ੍ਰੇਮੀ ਸੱਜਣਾਂ ਵੱਲੋਂ ਲਿਪੀ-ਬੱਧ ਕੀਤਾ ਰੂਪਾਕਾਰ ਹੈ।

ਰਤਨ ਸਿੰਘ ਜੱਗੀ ਅਨੁਸਾਰ, ਇਨ੍ਹਾਂ ਜਨਮਸਾਖੀਆਂ ਦੀ ਭਾਸ਼ਾ ਮੰਜੀ ਸੰਵਾਰੀ ਸਾਹਿਤਿਕ ਪੱਧਰ ਦੀ ਨਹੀਂ। ਇਨ੍ਹਾਂ ਵਿੱਚ ਆਮ ਬੋਲ-ਚਾਲ ਦੇ ਬਹੁਤ ਨੇੜੇ ਰਹਿ ਕੇ ਮਹਾਂਪੁਰਸ਼ਾਂ ਦੇ ਬੋਲਾਂ ਨੂੰ ਲਿਪੀਬੱਧ ਕੀਤਾ ਗਿਆ ਹੈ। ਵਚਨ/ਪ੍ਰਵਚਨ ਹੋਣ ਕਰਕੇ ਇਨ੍ਹਾਂ ਦਾ ਅਜਿਹੀ ਬੋਲਚਾਲ ਦੀ ਭਾਸ਼ਾ ਵਿੱਚ ਲਿਖਿਆ ਜਾਣਾ ਸੁਭਾਵਿਕ ਹੈ।ਇਸ ਵਿੱਚ ਲਹਿੰਦੀ ਪੰਜਾਬੀ ਦੀ ਵਰਤੋਂ ਵਧੇਰੇ ਕੀਤੀ ਗਈ ਹੈ।

### ਸਿੱਖਾਂ ਦੀ ਭਗਤਮਾਲਾ

ਇਸ ਦਾ ਇੱਕ ਨਾਮ ਭਗਤ ਰਤਨਾਵਲੀ ਹੈ।ਹੱਥ-ਲਿਖਿਤ ਪੋਥੀਆਂ ਤੋਂ ਇਲਾਵਾ ਇਸ ਦੇ ਭਾਈ ਵੀਰ ਸਿੰਘ ,ਡਾ.ਗੋਬਿੰਦ ਸਿੰਘ ਲਾਂਬਾ ਅਤੇ ਪ੍ਰੋ.ਧਰਮ ਚੰਦ ਦੁਆਰਾ ਸੰਪਾਦਿਤ ਸੰਸਕਰਣ ਵੀ ਉਪਲਬਧ ਹਨ।ਮਨੀ ਸਿੰਘ ਦੀ ਜਨਮਸਾਖੀ ਅਤੇ ਸਿੱਖਾਂ ਦੀ ਭਗਤ ਮਾਲਾ ਇਕੋ ਹੀ ਕਥਾ ਕਾਰ ਦੇ ਪ੍ਰਵਚਨ ਹਨ ਅਤੇ ਉਹ ਕਥਾ ਕਾਰ ਭਾਈ ਮਨੀ ਸਿੰਘ ਹਨ। ਇਨ੍ਹਾਂ ਨੂੰ ਲਿਖਤੀ ਰੂਪ ਦੇਣ ਵਾਲਾ ਵਿਅਕਤੀ ਗਿਆਨੀ ਸੂਰਤ ਸਿੰਘ ਹੈ। ਇਸ ਨੂੰ 18ਵੀਂ ਸਦੀ ਤੱਕ ਲਿਖਤੀ ਰੂਪ ਦਿੱਤਾ ਜਾ ਚੁਕਿਆ ਸੀ।

### ਸਾਖੀ ਪਾਤਸ਼ਾਹੀ ਦਸ਼ਵੀਂ ਕੀ

ਇਹ ਵਾਰਤਕ ਰਚਨਾ ਗੁਰੂ ਸਾਹਿਬਾਨ ਬਾਰੇ 50 ਸਾਖੀਆਂ ਦਾ ਸੰਗ੍ਰਹਿ ਹੈ। ਜਿਸ ਵਿੱਚ ਪਹਿਲੀਆਂ 8 ਸਾਖੀਆਂ ਪਹਿਲੇ 8 ਗੁਰੂਆਂ ਨਾਲ ਸਬੰਧਿਤ ਹਨ ਅਤੇ ਅਗਲੀਆਂ ਚਾਰ 9ਵੇਂ ਗੁਰੂ ਨਾਲ ਅਤੇ ਬਾਕੀ ਦੀਆਂ 38 ਦਾ ਸੰਬੰਧ 10ਵੇਂ ਗੁਰੂ ਨਾਲ ਹੈ।ਇਸ ਸਾਖੀ ਸੰਗ੍ਰਹਿ ਦੀ ਪ੍ਰਧਾਨਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ ਇਸ ਲਈ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਸਬੰਧਿਤ ਕਰ ਦਿੱਤਾ ਗਿਆ ਹੈ।

### ਪਰਚੀਆਂ ਭਾਈ ਘਨੱਈਆ ਜੀ

ਪਰਚੀਆਂ ਭਾਈ ਘਨੱਈਆ ਜੀ ਪੁਸਤਕ ਦਾ ਮੰਤਵ ਸੇਵਾ ਦੇ ਪੁੰਜ ਭਾਈ ਘਨੱਈਆ ਜੀ ਦੇ ਜੀਵਨ ਦੇ ਉਨਾਂ ਪੱਖਾਂ ਨੂੰ ਪੇਸ਼ ਕਰਨਾ ਹੈ ਜਿਨਾਂ ਰਾਹੀ ਉਨਾਂ ਦੀ ਨੈਤਿਕਤਾ ,ਅਧਿਆਤਮਿਕ, ਸਾਧਨਾ ਅਤੇ ਸੇਵਾ-ਭਾਵ ਉਘੜ ਕੇ ਸਾਹਮਣੇ ਆ ਸਕੇ ਭਾਈ ਸਹਿਜ ਰਾਮ ਦੀ ਰਚੀ॥ ਪੁਸਤਕ 20 ਕਾਂਡਾਂ ਜਾਂ ਕਥਾਵਾਂ ਵਿੱਚ ਵੰਡੀ ਹੈ।

### ਸਾਖੀਆਂ ਭਾਈ ਅੱਡਣ ਸ਼ਾਹ ਜੀ

ਇਸ ਪੁਸਤਕ ਦੇ ਨਾਂ ਤੋਂ ਇੰਜ ਪ੍ਰਤੀਤ ਹੁੰਦਾ ਹੈ,ਕਿ ਇਹ ਭਾਈ ਅੱਡਣ ਜੀ ਨਾਲ ਸੰਬੰਧਿਤ ਸਾਖੀਆਂ ਦਾ ਸੰਗ੍ਰਹਿ ਹੈ ਪਰ ਅਜਿਹਾ ਨਹੀਂ ਹੈ।ਇਸ ਵਿੱਚ ਬਹੁਤ ਸਾਰੇ ਪ੍ਰਸੰਗ ਗੁਰੂਆਂ ,ਸੰਤਾਂ,ਭਗਤਾਂ ਅਤੇ ਮਹਾਪੁਰਸ਼ਾਂ ਨਾਲ ਵੀ ਸਬੰਧ ਰਖਦੇ ਹਨ ਇੰਜ ਪ੍ਰਤੀਤ ਹੁੰਦਾ ਹੈਕਿ ਭਾਈ ਅੱਡਣ ਸ਼ਾਹ ਜੀ ਆਪਣੇ ਡੇਰੇ ਵਿੱਚ ਜਗਿਆਸੂਆਂ ਨੂੰ ਸੰਬੋਧਿਤ ਕਰਦੇ ਹੋਏ ਜੋ ਬਚਨ ਬਿਲਾਸ ਕਥਾ ਵਾਰਤਾ ਕਰਦੇ ਸਨ, ਉਨ੍ਹਾਂ ਨੂੰ ਹੀ ਕਿਸੇ ਸਿੱਖ ਸ਼ਰਧਾਲੂ ਨੇ ਲਿਖਿਤ ਰੂਪ ਦੇ ਕੇ ਸਾਖੀਆਂ ਭਾਈ ਅੱਡਣ ਸ਼ਾਹ ਜੀ ਦੇ ਨਾਂ ਅਧੀਨ ਪ੍ਰਸਿੱਧ ਕਰ ਦਿੱਤਾ।ਇਸ ਵਿੱਚ 83 ਸਾਖੀਆਂ ਸੰਕਲਿਤ ਹਨ।

### ਸੌ ਸਾਖੀ

ਇਸ ਦਾ ਮੂਲ ਨਾਂ ਗੁਰ ਰਤਨ ਮਾਲਾ ਹੈ, ਪਰ ਇਸ ਦਾ ਲੋਕ ਪ੍ਰਚਲਿਤ ਨਾਂ ਸੌ ਸਾਖੀ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿਤ੍ਰ ਅਤੇ ਨਾਇਕਤਵ ਨਾਲ ਸਬੰਧਿਤ ਲਗਭਗ 100 ਸਾਖੀਆਂ ਸੰਕਲਿਤ ਹਨ। ਉਪਰੋਕਤ ਵਿਚਾਰ ਚਰਚਾ ਅਤੇ ਵਿਸ਼ਲੇਸ਼ਣ ਤੋ ਸਪੱਸ਼ਟ ਹੈ ਕਿ ਜਨਮਸਾਖੀ ਅਤੇ ਸਾਖੀ ਸਾਹਿਤ ਪਰੰਪਰਾ ਮੱਧਕਾਲ ਵਿੱਚ ਗੁਰੂਆ ਦੇ ਸਮੇਂ ਲਿਖੀ ਜਾਂਦੀ ਸੀ।ਜਿਹੜਾ ਉਸ ਸਮੇਂ ਦਾ ਪ੍ਰਮੁੱਖ ਵਾਰਤਕ ਸਾਹਿਤ ਸੀ।

# ਮੱਧਕਾਲੀਨ ਪੰਜਾਬੀ ਵਾਰਤਕ :ਇਤਿਹਾਸ- ਭਾਗ 2

'ਮੱਧਕਾਲੀ ਪੰਜਾਬੀ ਵਾਰਤਕ' ਦਾ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਬਹੁਤ ਮਹੱਤਵ ਹੈ। ਜੇ ਵਾਰਤਕ ਨੂੰ ਦੇਖਿਆ ਜਾਏ ਤਾਂ ਕਵਿਤਾ ਤੇ ਵਾਰਤਕ ਸਾਹਿਤ ਦੇ ਦੋ ਮੁੱਖ ਰੂਪ ਹਨ ਜਿੱਥੇ ਕਵਿਤਾ ਲਈ ਛੰਦ ਤੇ ਤੁਕਾਂਤ ਆਵੱਸ਼ਕ ਹਨ; ਉੱਥੇ ਵਾਰਤਕ ਲਈ ਲੈਅ, ਤਾਲ ਤੇ ਵਾਕ-ਰਚਨਾ ਜਰੂਰੀ ਅੰਸ਼ ਹਨ। ਜਦੋਂ ਸਾਹਿਤਕਾਰ ਆਪਣੇ ਵਿਚਾਰ ਭਰੇ ਅਨੁਭਵ ਨੂੰ ਕਲਾਤਮਕ ਰੂਪ ਦੇ ਕੇ ਇੱਕ ਐਸੀ ਸ਼ਾਬਦਿਕ ਰਚਨਾ ਸਿਰਜਦਾ ਹੈ ਜੋ ਵਾਕ ਬਣਤਰ ਵਿੱਚ ਨਿਤਾਪ੍ਰਤੀ ਦੀ ਬੋਲਚਾਲ ਵਰਗੀ ਪਰੰਤੂ ਭਾਸ਼ਾ ਦੇ ਪੱਖੋਂ ਵਧੇਰੇ ਨਿੱਖਰੀ, ਮੰਤਵੀ ਹੋਈ ਤੇ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ, ਉਹ ਵਾਰਤਕ ਦਾ ਰੂਪ ਧਾਰ ਲੈਂਦੀ ਹੈ। ਇਸ ਵਿੱਚ ਵਾਰਤਕ-ਕਾਰ ਕਿਸੇ ਸਿੱਧਾਂਤ ਜਾਂ ਵਿਸ਼ੇ ਨੂੰ ਸੋਚ-ਵਿਚਾਰ ਕੇ, ਬੁੱਧੀ ਦੀ ਕਸੌਟੀ ਤੇ ਪਰਖ ਕੇ, ਤਰਕ ਤੇ ਦਲੀਲ ਦੀ ਵਰਤੋਂ ਕਰ ਕੇ ਐਸਾ ਰੂਪ ਸਿਰਜਦਾ ਹੈ, ਜੋ ਵਾਕਾਂ ਤੇ ਪੈਰਿਆਂ ਵਿੱਚ ਵੰਡਿਆ ਹੁੰਦਾ ਹੈ।

### (ੳ) ਜਨਮ ਸਾਖੀ ਸਾਹਿਤ

ਪ੍ਰਾਣ ਸੰਗਲੀ ਤੋਂ ਬਾਅਦ ਜਿਨ੍ਹਾਂ ਰਚਨਾਵਾਂ ਨੇ ਪੰਜਾਬੀ ਗੱਦ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ, ਉਹ ਜਨਮਸਾਖੀਆਂ ਹਨ। ਬਹੁਤੀਆਂ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੋਧਿਤ ਹਨ, ਭਾਵੇਂ ਕੁਝ ਭਗਤਾਂ ਬਾਰੇ ਵੀ ਜਨਮਸਾਖੀਆਂ ਮਿਲ ਜਾਂਦੀਆਂ ਹਨ। ਜਨਮਸਾਖੀਆਂ ਦੇ ਕੁਝ ਪ੍ਰਮੁਖ ਸਰੂਪ ਇਸ ਪ੍ਰਕਾਰ ਹਨ :

1. ਪੁਰਾਤਨ ਜਾਂ ਵਿਲਾਇਤ ਵਾਲੀ ਜਨਮਸਾਖੀ

2. ਸੋਢੀ ਮਿਹਰਬਾਨ ਵਾਲੀ ਜਨਮਸਾਖੀ

3. ਪੈੜੇ ਮੋਖੇ ਜਾਂ ਭਾਈ ਬਾਲੇ ਵਾਲੀ ਜਨਮਸਾਖੀ

4. ਬਿਧੀ ਚੰਦ ਜਾਂ ਹੈਦਾਲੀਆਂ ਵਾਲੀ ਜਨਮਸਾਖੀ

5. ਜਨਮਸਾਖੀ ਭਗਤ ਕਬੀਰ ਜੀ ਕੀ

6. ਜਨਮਸਾਖੀ ਸ੍ਰੀ ਮਿਹਰਬਾਨ ਜੀ ਕੀ

7. ਆਦਿ ਸਾਖੀਆਂ ਬਾਬੇ ਕੀਆਂ

8. ਸਤਿਗੁਰੂ ਜੀ ਕੇ ਮੁਹਿ ਦੀਆਂ ਸਾਖੀਆਂ।

### 1. ਪੁਰਾਤਨ ਸਾਖੀਆਂ

"ਵਿਲਾਇਤ ਵਾਲੀ ਪੁਰਾਤਨ ਜਨਮਸਾਖੀ" ਵਿਚ 57 ਸਾਖੀਆਂ ਅੰਕਿਤ ਹਨ। ਇਸ ਦਾ ਇਕ ਹੋਰ ਨਾਮ 'ਮੈਕਾਲਿਫ਼ ਵਾਲੀ ਜਨਮਸਾਖੀ" ਵੀ ਹੈ। ਪ੍ਰੋ. ਗੁਰਮੁਖ ਸਿੰਘ ਨੇ ਇਸ ਜਨਮਸਾਖੀ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਇਹ ਰਚਨਾ ਉਨੀਵੀਂ ਸਦੀ ਦੇ ਆਰੰਭ ਵਿਚ ਕੋਲਬਰੁਕ ਸਾਹਿਬ ਨੂੰ ਪ੍ਰਾਪਤ ਹੋਈ ਸੀ। ਫਿਰ ਇਹੀ ਜਨਮਸਾਖੀ ਅਰਨੈਸਟ ਟਰੰਪ ਨੇ 1877 ਵਿਚ ਅੰਗਰੇਜ਼ੀ ਵਿਚ ਅਨੁਵਾਦ ਕੀਤੇ ਆਦਿ ਗ੍ਰੰਥ ਦੇ ਮੁੱਢ ਵਿਚ ਛਾਪੀ ਸੀ। ਇਸ ਤੋਂ ਪਿੱਛੋਂ 1883 ਵਿਚ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਨੇ ਅਤੇ 1885 ਵਿਚ ਮਿ. ਆਰਥਰ ਮੈਕਾਲਿਫ਼, ਜੋ ਉਸ ਸਮੇਂ ਰਾਵਲਪਿੰਡੀ ਵਿਚ ਡਵੀਯਨਲ

ਜੱਜ ਸੀ, ਨੇ ਨਵੇਂ ਢੰਗ ਨਾਲ ਸੰਪਾਦਿਤ ਕਰਕੇ ਗੁਲਸ਼ਨਿ ਪੰਜਾਬ ਪ੍ਰੈਸ, ਰਾਵਲਪਿੰਡੀ ਤੋਂ ਪੱਥਰ ਦੇ ਛਾਪੇ ਨਾਲ ਪ੍ਰਕਾਸ਼ਿਤ ਕਰਵਾ ਕੇ ਤਕਸੀਮ ਕੀਤੀ ਸੀ। ਭਾਈ ਵੀਰ ਸਿੰਘ ਨੇ 1926 ਈ. ਵਿਚ ਇਸੇ ਜਨਮਸਾਖੀ ਨੂੰ ਪ੍ਰਕਾਸ਼ਿਤ ਕੀਤਾ ਅਤੇ ਇਸ ਦੇ ਹੁਣ ਤੱਕ ਕਈ ਐਡੀਸ਼ਨ ਵਿਕ ਚੁੱਕੇ ਹਨ। ਇਹ ਜਨਮਸਾਖੀ ਅਸਲ ਵਿਚ ਦੋ ਨੁਸਖਿਆਂ 'ਵਿਲਾਇਤ ਵਾਲੀ ਪੁਰਾਤਨ ਜਨਮਸਾਖੀ" ਅਤੇ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ" ਦਾ ਹੀ ਪ੍ਰਤਿਰੂਪ ਹੈ।

ਇਸ ਪੁਰਾਤਨ ਜਨਮਸਾਖੀ ਬਾਰੇ ਜਾਣਕਾਰੀ ਦਿੰਦਾ ਹੋਇਆ ਸ,. ਸ਼ਮਸ਼ੇਰ ਸਿੰਘ ਅਸ਼ੋਕ ਲਿਖਦਾ ਹੈ ਕਿ ਗੁਰੂ ਜੀ ਦੀਆਂ ਇਹ ਸਾਖੀਆਂ ਉਨ੍ਹਾਂ ਦੇ ਹਜ਼ੂਰੀ ਸਿੱਖਾਂ-ਭਾਈ ਸੈਦੋ, ਘੇਹੋ ਜੱਟ, ਸੀਹਾਂ ਛੀਂਬਾ ਅਤੇ ਹੱਸੂ ਲੁਹਾਰ ਦੀਆਂ ਲਿਖੀਆਂ ਹਨ ਜੋ ਭਾਈ ਮਰਦਾਨੇ ਵਾਂਗ ਗੁਰੂ ਜੀ ਦੇ ਸਦਾ ਅੰਗ-ਸੰਗ ਰਹਿੰਦੇ ਸਨ। ਇਸ ਜਨਮਸਾਖੀ ਵਿਚ ਗੁਰੂ ਜੀ ਦੇ 70 ਸਾਲਾ ਜੀਵਨ ਦੀਆਂ ਇਤਿਹਾਸਕ ਘਟਨਾਵਾਂ ਨੂੰ ਕ੍ਰਮਵਾਰ ਵਿਉਂਤਬੱਧ ਕਰਕੇ, ਵਾਧੂ ਕਲਪਨਾ, ਸ਼ਬਦਾਡੰਬਰ ਤੇ ਅਲੰਕਾਰਿਕ ਵਿੰਗ ਵਲੇਵਿਆਂ ਤੋਂ ਰਹਿਤ ਹੋ ਕੇ ਬੜੇ ਸਰਲ ਅਤੇ ਸਾਦਾ ਢੰਗ ਨਾਲ ਉਸ ਸਮੇ' ਦੀ ਆਮ ਫ਼ਹਿਮ ਪੰਜਾਬੀ ਬੋਲੀ ਵਿਚ ਲਿਖਿਆ ਗਿਆ ਹੈ। (ਖੋਜ ਪਤ੍ਰਿਕਾ, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਪੰਨਾ 123) ਇਹ ਰਚ ਪੰਜਾਬੀ ਗੱਦ ਦਾ ਅਤਿ ਉੱਤਮ ਨਮੂਨਾ ਹੈ। ਇਸ ਜਨਮਸਾਖੀ ਵਿਚ ਪੇਸ਼ ਗੱਦ-ਸ਼ੈਲੀ ਦਾ ਇਕ ਨਮੂਨਾ ਵੇਖੋ "ਜਬ ਬਾਬਾ ਬਰਸਾਂ ਸੱਤਾਂ ਦਾ ਹੋਇਆ, ਤਬ ਕਾਲੂ ਕਹਿਆ, "ਨਾਨਕ, ਤੂੰ ਪੜ੍ਹ।" ਤਬ ਗੁਰੂ ਨਾਨਕ ਪਾਧੇ ਪਾਸ ਲੈ ਗਇਆ, ਪਾਧੇ ਨੂੰ ਆਖਿਆ, "ਪਾਧਾ ! ਮਹੂਰਤ ਦੇਖ, ਨਾਨਕ ਕੋਂ ਤੇਰੇ ਪਾਸਿ ਪਾਇੰਦੇ ਹਾਂ ।" ਤਬ ਪਾਧੇ ਕਹਿਆ, "ਜੀ ਹੁਣਿ ਮਹੂਰਤ ਭਲਾ ਹੈ।" ਤਬ ਟਕਾ, ਚਾਵਲ, ਸੁਪਾਰੀ, ਦਖਣਾ ਘਰੋਂ ਅਣਾਇ ਲਈ। ਗੁਰੂ ਨਾਨਕ ਨੂੰ ਪਾਂਧੇ ਦੇ ਪਾਇਆ।

ਮੁਹਾਰਣੀ ਤਬ ਗੁਰੂ ਨਾਨਕ ਲਗਾ ਪੜਨ।ਭਾਈ ਵੀਰ ਸਿੰਘ ਨੇ ਪੁਰਾਤਨ ਜਨਮਸਾਖੀ ਲਿਖੇ ਜਾਣ ਦਾ ਸਮਾਂ 1635 ਈ. ਨਿਸ਼ਚਿਤ ਕੀਤਾ ਹੈ । ਪੰਰਤੂ ਇਤਿਹਾਸਕਾਰਾਂ ਅਨੁਸਾਰ 1635 ਇਸ ਜਨਮਸਾਖੀ ਦੇ ਕੀਤੇ ਇਕ ਉਤਾਰੇ ਦਾ ਸੰਨ ਹੈ। ਮੂਲ ਜਨਮਸਾਖੀ ਜ਼ਰੂਰ ਇਸ ਤੋਂ' ਕੁਝ ਸਮਾਂ ਪਹਿਲਾਂ ਲਿਖੀ ਗਈ ਹੋਵੇਗੀ। ਪੁਰਾਤਨ ਜਨਮਸਾਖੀ ਦੇ ਕਰਤਾ ਬਾਰੇ ਵੀ ਕੁਝ ਮਾਲੂਮ ਨਹੀਂ ਹੈ। ਪ੍ਰੋ ਗੁਰਮੁਖ ਸਿੰਘ ਉਸ ਨੂੰ ਰਾਵਲਪਿੰਡੀ ਦੇ ਨੇੜੇ ਕਿਸੇ ਪਿੰਡ ਦਾ ਅਤੇ ਪ੍ਰੋ. ਸਾਹਿਬ ਸਿੰਘ ਉਸਨੂੰ ਤੁਲੰਭਾ ਜ਼ਿਲਾ ਮੁਲਤਾਨ ਦਾ ਵਸਨੀਕ ਮੰਨਦਾ ਹੈ। ਪ੍ਰੋ. ਪ੍ਰੀਤਮ ਸਿੰਘ ਦੇ ਮਤਿ ਅਨੁਸਾਰ ਜਨਮਸਾਖੀ ਦਾ ਲੇਖਕ ਕੋਈ ਸਾਧੂ ਪ੍ਰਤੀਤ ਹੁੰਦਾ ਹੈ। ਇਸ ਜਨਮਸਾਖੀ ਦਾ ਭਾਸ਼ਾਈ-ਭੰਡਾਰ ਕਾਫ਼ੀ ਮਿਸ਼ਰਿਤ ਜਿਹਾ ਹੈ। ਇਸਦੇ ਮੂਲ ਵਿਚ ਲਹਿੰਦੀ ਭਾਸ਼ਾ ਹੈ ਅਤੇ ਉਪਰ-ਉਸਾਰੀ ਹਿੰਦਵੀ ਦੀ ਹੋਈ ਹੈ। ਪੁਰਾਤਨ ਜਨਮਸਾਖੀ ਵਿਚ ਲਹਿੰਦੀ ਦੇ ਕੁਝ ਕਿਰਿਆ-ਰੂਪ ਇਸ ਪ੍ਰਕਾਰ ਹਨ : ਆਖਿਓਸੁ, ਦਿਤੋਸੁ, ਚੁਮਿਓਸੁ, ਕੀਤੋਸੁ, ਡਿਠੋਸੁ, ਆਖਿਓਨੈ ਆਦਿਕ । ਇਸੇ ਤਰ੍ਹਾਂ ਭਵਿਖਵਾਚੀ ਕਿਰਿਆ-ਰੂਪਾਂ ਵਿਚ ਲਹਿੰਦੀ ਰੰਗ ਦਿਖਾਈ ਦਿੰਦਾ ਹੈ, ਜਿਵੇਂ : ਬਣਸੀ, ਜਾਸੀ, ਖਾਵਸੀ, ਆਖਸੀ, ਭਾਵਸੀ ਆਦਿਕ। ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਵੀ ਕਾਫ਼ੀ ਮਾਤਰਾ ਵਿਚ ਹੋਇਆ ਹੈ। ਦੇਖੋ : ਮੁਸਲਮਾਨ, ਖੁਦਾਇ, ਸਾਦਿਕ, ਬੰਦਗੀ, ਮਜਲਿਸ, ਖ਼ਾਕ-ਦਰ-ਖ਼ਾਕ, ਗੁਨਾਹ, ਸਲਾਮਤਿ, ਦਿਲਗੀਰ, ਦਿਵਾਨਾ, ਹੈਫ਼, ਕਿਤਾਬਤ, ਦਿਆਨਤਦਾਰ, ਸੁਖਨ, ਮਜਾਲ, ਦਰਗਾਹ, ਅਲੂਫ਼ਾ, ਦੀਦਾਰ, ਸਲਾਮ ਅਲੇਕੁਮ, ਮਦੱਬਰਖਾਨਾ, ਮੁਸੱਲਾ, ਪਿਆਦਾ, ਅਰਜ, ਸੁਪਾਰਸ, ਤਵਜਹ, ਪੇਸਕਸੀ, ਉਸੀਆਰ, ਆਦਿਕ।

### 2. ਸੋਢੀ ਮਿਹਰਬਾਨ ਵਾਲੀ ਜਨਮਸਾਖੀ

ਇਸ ਜਨਮਸਾਖੀ ਦਾ ਬਹੁਤ ਵਡੇ ਆਕਾਰ ਦਾ ਇਕ ਖਰੜਾ ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਇਸ ਵਿਚ 302 ਗੋਸ਼ਟਾਂ ਹਨ ਜਿਨ੍ਹਾਂ ਵਿਚ 167 ਗੋਸ਼ਟਾਂ ਮਿਹਰਬਾਨ ਦੀਆਂ ਹਨ ਅਤੇ ਬਾਕੀ 135 ਗੋਸ਼ਟਾਂ ਮਿਹਰਬਾਨ ਦੇ ਪੁੱਤਰਾਂ ਹਰਿ ਜੀ (63 ਗੋਸ਼ਟਾਂ) ਅਤੇ ਚਤੁਰਭੁਜ (74 ਗੋਸ਼ਟਾਂ) ਦੀਆਂ ਹਨ। ਡਾ. ਕਿਰਪਾਲ ਸਿੰਘ ਨੇ ਪਾਠ ਦੀ ਸੁਵਿਧਾ ਲਈ ਇਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ।-'ਸਚ ਖੰਡ ਪੋਥੀ" ਅਤੇ "ਪੋਥੀ ਹਰਿ ਜੀ"। 'ਸੋਢੀ ਮਿਹਰਬਾਨ ਵਾਲੀ ਜਨਮਸਾਖੀ" ਦੇ ਮੂਲ ਰੂਪ ਵਿਚ ਗੋਸ਼ਟਾਂ ਸਨ ਅਤੇ ਇਹ ਸਾਰੀਆਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੁਆਲੇ ਘੁੰਮਦੀਆਂ ਸਨ। ਇਸ ਜਨਮਸਾਖੀ ਦਾ ਆਧਾਰ 'ਪੁਰਾਤਨ ਜਨਮਸਾਖੀ" ਨੂੰ ਹੀ ਮੰਨਿਆ ਜਾਂਦਾ ਹੈ।

ਸਾਖੀਕਾਰ ਨੇ ਪੁਰਾਤਨ ਜਨਮਸਾਖੀ ਦੀ ਇੱਕ-ਇੱਕ ਸਾਖੀ ਨੂੰ ਕਈ ਸਾਖੀਆਂ ਵਿਚ ਵਿਸਤਾਰ ਕੇ ਪੇਸ਼ ਕਰ ਦਿੱਤਾ ਹੈ। ਇਸ ਜਨਮਸਾਖੀ ਦਾ ਮੰਤਵ ਉਤਨਾ ਬਾਬਾ ਨਾਨਕ ਦਾ ਜੀਵਨ-ਬ੍ਰਿਤਾਂਤ ਪੇਸ਼ ਕਰਨਾ ਨਹੀਂ, ਜਿਤਨਾ ਬਾਣੀ ਦੀ ਵਿਆਖਿਆ ਕਰਨਾ ਰਿਹਾ ਹੈ। ਇਸ ਜਨਮਸਾਖੀ ਦੀ ਗਦ-ਸ਼ੈਲੀ ਇਸ ਪ੍ਰਕਾਰ ਹੈ : ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਇੰਵ ਹੀ ਸੁਭਾਇ ਕਰਿ ਕਰਿ ਅਪਨੇ ਗ੍ਰਿਹਿ ਮਹਿ ਬੈਠਾ ਹੈ। ਤਬ ਗੁਰੂ ਬਾਬੇ ਕੀ ਇਸਤ੍ਰੀ ਮੂਲੇ ਦੀ ਧੀ ਚੋਣੀ ਤਿਸ ਕਉ ਗੁਰੂ ਬਾਬਾ ਦਿਸਟਿ ਪੜਿ ਗੋਆ। ਜਾ ਗੁਰੂ ਬਾਬਾ ਦੇਖੈ ਤਉ ਮਹਾ ਦੁਰਬਲ ਹੈ । ਦੇਹੀ ਬਹੁਤ ਖੀਣ ਹੋਇ ਗਈ ਹੈ। ਤਬ ਗੁਰੂ ਬਾਬੇ ਜੀ ਮਨ ਮਹਿ ਬੀਚਾਰਿਆ ਜਿ ਭਾਈ ਇਸ ਕਉ ਕਿਸ ਬਾਤ ਕਾ ਦੁਖੁ ਪਹੁੰਚਿਆ ਹੈ ਜਿ ਦੇਹ ਐਸੀ ਖੀਣ ਹੋਇ ਰਹੀ ਹੈ। ਗੌਸ਼ਟ ਗੁਰ ਬਾਬੇ ਨਾਨਕਾ ਜੀ ਕੀ ਇਸ ਜਨਮਸਾਖੀ ਦੇ ਭਾਸ਼ਾਈ ਅਧਿਐਨ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਵਾਰਤਕ ਹੌਲੀ-ਹੌਲੀ ਲਹਿੰਦੀ ਆਧਾਰ ਨੂੰ ਤਿਆਗ ਕੇ ਸਾਧ-ਭਾਖਾ ਵੱਲ ਵਧ ਰਹੀ ਸੀ। ਇਸ ਵਿਚੋਂ ਫ਼ਾਰਸੀ ਦਾ ਪ੍ਰਭਾਵ ਵੀ ਖ਼ਤਮ ਹੋ ਰਿਹਾ ਸੀ। ਵਾਰਤਾਲਾਪ ਦੀ ਵਿਧੀ ਤੋਂ ਵੀ ਸੰਕੋਚ ਹੋਣ ਲੱਗਾ ਸੀ ਬਲਕਿ ਇਸ ਦੀ ਜਗ੍ਹਾ ਵਸਤੂਮੁਖ-ਸ਼ੈਲੀ ਉਤੇ ਜ਼ੋਰ ਦਿੱਤਾ ਜਾਣ ਲੱਗਾ ਸੀ। ਇਹ ਜਨਮਸਾਖੀ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਬੜੇ ਪ੍ਰਮਾਣੀਕ ਢੰਗ ਨਾਲ ਪੇਸ਼ ਕਰਦੀ ਹੈ।

### 3. ਭਾਈ ਬਾਲੇ ਵਾਲੀ ਜਨਮਸਾਖੀ

ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚੋਂ ਸਭ ਤੋਂ ਵੱਧ ਪ੍ਰਸਿੱਧੀ ਭਾਈ ਬਾਲੇ ਜਾਂ ਪੈੜੇ ਮੋਖੇ ਵਾਲੀ ਜਨਮਸਾਖੀ ਨੂੰ ਪ੍ਰਾਪਤ ਹੋਈ ਹੈ । ਪੰਜਾਬ ਦੇ ਲੋਕ 'ਪੁਰਾਤਨ ਜਾਂ ਵਿਲਾਇਤ ਵਾਲੀ ਜਨਮਸਾਖੀ" ਦੇ ਬਾਰੇ ਵਿਚ ਬਹੁਤਾ ਕੁਝ ਨਹੀ ਜਾਣਦੇ। ਪਰ 'ਭਾਈ ਬਾਲੇ ਵਾਲੀ ਜਨਮਸਾਖੀ" ਦਾ ਪਾਠ ਪਿੰਡਾਂ ਅਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਰੋਜ਼ ਕੀਤਾ ਜਾਂਦਾ ਸੀ। ਇਸ ਜਨਮਸਾਖੀ ਦਾ ਲੇਖਕ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਬਾਲਾ ਨੂੰ ਮੰਨਿਆ ਜਾਂਦਾ ਹੈ। ਭਾਈ ਬਾਲੇ ਵਾਲੀ ਜਨਮਸਾਖੀ ਦੇ ਆਰੰਭ ਵਿਚ ਇਹ ਸ਼ਬਦ ਆਉਂਦੇ ਹਨ : ਸੰਮਤ 1582 ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜਾ ਮੋਖੇ ਸੁਲਤਾਨਪੁਰ ਕੇ ਵਸਨੀਕ । ਅਰੁ ਗੁਰੂ ਅੰਗਦ ਜੀ ਲਿਖਾਈ । ਮੁਖਾਸਤਿ ਭਾਈ ਬਾਲੇ ਜਟੇਟੇ ਕੀ। ਰਾਇ ਭੋਏ ਭਟੀ ਦੀ ਤਿਲਵੰਡੀਅਹੁ ਆਇਆ ਆਹਾ। ਗੁਰੂ ਅੰਗਦ ਜੀ ਨੂੰ ਢੂੰਢ ਲਧੋਸੁ। ਦੁਇ ਮਹੀਨੇ ਅਤੇ ਸਤਾਈ ਦਿਨ ਲਿਖਦਿਆ ਲਗੇ ਆਹੇ । ਜੋ ਹਕੀਕਤ ਆਹੀ ਜਿਥੇ ਜਿਥੇ ਗੁਰੂ ਨਾਨਕ ਫਿਰੇ ਆਹੇ । ਤਿਥੇ ਤਿਥੇ ਦੀ ਹਕੀਕਤ ਭਾਈ ਬਾਲੇ ਸਹਜਿ ਨਾਲ ਲਿਖਾਈ।

ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਜਨਮ ਸਾਖੀ ਦੀਆਂ ਕੁਝ ਅੰਦਰਲੀਆਂ ਗਵਾਹੀਆਂ ਦਾ ਵਿਸ਼ਲੇਸ਼ਣ ਕਰਕੇ ਇਸਦੀ ਪ੍ਰਮਾਣਿਕਤਾ ਨੂੰ ਰੱਦ ਕਰ ਦਿੱਤਾ ਹੈ। ਉਸ ਅਨੁਸਾਰ ਇਹ ਜਨਮਸਾਖੀ ਹੰਦਾਲੀਆਂ ਦੀ ਲਿਖਵਾਈ ਹੋਈ ਹੈ; ਭਾਈ ਬਾਲਾ ਨਾਮ ਦਾ ਕਦੇ ਕੋਈ ਸ਼ਖ਼ਸ ਨਹੀਂ ਹੋਇਆ, ਇਹ ਸਾਖੀਕਾਰ ਦੀ ਕਪੋਲ-ਕਲਪਣਾ ਹੈ; ਗੁਰੂ ਅੰਗਦ ਦੇਵ ਜੀ ਦਾ ਨਾਮ ਵੀ ਐਵੇਂ' ਹੀ ਇਸ ਸਾਖੀ ਦੇ ਨਾਲ ਜੋੜ ਲਿਆ ਗਿਆ ਹੈ। ਅਸਲ ਵਿਚ ਇਹ ਸਾਖੀ ਜੰਡਿਆਲਾ ਗੁਰੂ ਦੇ ਹੰਦਾਲੀਆਂ ਨੇ ਬਾਬਾ ਹੰਦਾਲ ਦੀ ਮਹਿਮਾ ਨੂੰ ਦਰਸਾਉਣ ਲਈ ਲਿਖਵਾਈ । (ਸ.ਸ. ਅਮੋਲ, ਖੋਜ ਪਤ੍ਰਿਕਾ : ਪੁਰਾਤਨ ਪੰਜਾਬੀ ਵਾਰਤਕ ਵਿਸ਼ੇਸ਼ ਅੰਕ, ਪੰਨੇ 225-227) ਇਸ ਜਨਮਸਾਖੀ ਦੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਕਈ ਮਤ ਪ੍ਰਚਲਿਤ ਹਨ। ਡਾ. ਰਤਨ ਸਿੰਘ ਜੱਗੀ ਨੇ ਇਸ ਜਨਮਸਾਖੀ ਦਾ ਰਚਨਾ-ਕਾਲ 1654 ਈ. ਤੋ ਪਹਿਲਾਂ ਦਾ ਸਿੱਧ ਕੀਤਾ ਹੈ। ਸ. ਅਸ਼ੋਕ ਅਨੁਸਾਰ ਇਹ ਜਨਮ-ਸਾਖੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਮੌਜੂਦ ਸੀ। ਸ. ਕਰਮ ਸਿੰਘ ਹਿਸਟੋਰੀਅਨ ਮੁਤਾਬਿਕ ਇਹ ਜਨਮਸਾਖੀ 1655 ਈ. ਤੋਂ ਬਾਅਦ ਵਿਚ ਲਿਖੀ ਗਈ । ਡਾ. ਗੁਰਬਚਨ ਕੌਰ ਨੇ ਭਾਈ ਬਿਧੀ ਚੰਦ ਦੇ ਪੁੱਤਰ ਬਾਲ ਚੰਦ ਨੂੰ ਇਸ ਜਨਮਸਾਖੀ ਦਾ ਰਚਣਹਾਰ ਕਿਆਸਦਿਆਂ ਲਿਖਿਆ ਹੈ ਕਿ ਸੰਭਵ ਹੈ ਇਸ ਸਾਖੀ ਵਿਚਲਾ ਪਾਤਰ "ਬਾਲਾ", ਅਸਲ ਵਿਚ ਬਾਲਚੰਦ ਹੀ ਹੋਵੇ । (ਆਲੋਚਨਾ, ਜੁਲਾਈ ਸਤੰਬਰ ਅੰਕ)ਇਸ ਜਨਮਸਾਖੀ ਵਿਚ ਪੇਸ਼ ਹੋਈ ਵਸਤੂ-ਸਾਮੱਗਰੀ ਪਿਛੇ ਇਕ ਲੁਕੇ ਹੋਏ ਮੰਤਵ ਸਬੰਧੀ ਸਾਰੇ ਪੁਰਾਤਨ ਅਤੇ ਨਵੀਨ ਵਿਦਵਾਨ ਇਸ ਗੱਲ ਉੱਪਰ ਸਹਿਮਤ ਹਨ ਕਿ ਇਸ ਜਨਮਸਾਖੀ ਕਾਰ ਦਾ ਮੰਤਵ ਗੁਰੂ ਨਾਨਕ ਦੇਵ ਜੀ ਨੂੰ ਕਈ ਪੱਖਾਂ

ਤੋਂ ਨੀਂਵਾਂ ਦਰਸਾਉਣਾ ਅਤੇ ਬਾਬਾ ਹੰਦਾਲ ਦੀ ਸਰਵੁੱਚਤਾ ਨੂੰ ਪ੍ਰਗਟ ਕਰਨਾ ਹੈ। ਸਿੱਖ ਇਤਿਹਾਸ ਵਿਚ ਬਾਬਾ ਹੰਦਾਲ ਗੁਰੂ ਅਮਰਦਾਸ ਜੀ ਦਾ ਇਕ ਸਿੱਖ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਗੁਰੂ-ਘਰ ਤੋਂ ਆਕੀ ਹੋ ਗਿਆ ਸੀ ਪਰੈਤੂ ਇਸ ਜਨਮਸਾਖੀ ਦੀ ਸਾਹਿਤਿਕਤਾ ਨਿਰਵਿਵਾਦ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦਾ ਚਰਿੱਤਰ-ਚਿਤ੍ਰਣ ਕਾਫ਼ੀ ਪ੍ਰੌਢ ਵਿਧੀ ਨਾਲ ਕੀਤਾ ਗਿਆ ਹੈ। ਜਨਮ ਸਾਖੀਕਾਰ ਨੇ ਗੁਰੂ ਸਾਹਿਬ ਨੂੰ ਇਕ ਅਣਥਕ ਯਾਤਰੀ, ਪੱਕੇ ਸੰਗੀਤਕਾਰ, ਮਹਾਨ ਕਵੀ, ਕਰੜੇ ਆਲੋਚਕ ਅਤੇ ਹੋਰ ਅਨੇਕ ਸ਼ਕਤੀਆਂ ਦੇ ਸੁਆਮੀ ਵਜੋਂ' ਰੂਪਮਾਨ ਕੀਤਾ ਹੈ। ਇਸ ਰਚਨਾ ਵਿਚ ਉਸ ਸਮੇਂ ਦੇ ਪੰਜਾਬ ਦਾ ਸਭਿਆਚਾਰਕ ਪਰਿਵੇਸ਼ ਵੀ ਬੜੇ ਵਿਸਤਾਰ ਨਾਲ ਪੇਸ਼ ਹੋਇਆ ਹੈ। ਜਨਮ ਤੇ ਵਿਆਹ ਸਮੇਂ ਦੇ ਰਸਮ ਰਿਵਾਜ, ਵਧਾਈਆਂ, ਸਿਰਵਾਰਨੇ, ਮਿਲਣੀਆਂ, ਇਸਤ੍ਰੀਆਂ ਦੇ ਗਾਉਣ, ਮੰਗਣੀ ਤੇ ਡੋਲੀ ਵੇਲੇ ਦੀਆਂ ਰਸਮਾਂ, ਨਾਈਆਂ ਅਤੇ ਬ੍ਰਾਹਮਣਾਂ ਦੀ ਭੂਮਿਕਾ, ਮਿਰਾਸੀਆਂ ਵੱਲੋਂ ਵਧਾਈਆਂ ਪੇਸ਼ ਕਰਨਾ ਆਦਿਕ ਰਸਮਾਂ-ਰੀਤਾਂ ਦਾ ਵਰਣਨ, ਇਸ ਰਚਨਾ ਨੂੰ ਇਕ ਬਹੁਮੁਲੇ ਸਭਿਆਚਾਰਕ ਦਸਤਾਵੇਜ਼ ਦੇ ਰੂਪ ਵਿਚ ਸਥਾਪਿਤ ਕਰ ਦਿੰਦਾ ਹੈ। ਇਸ ਪ੍ਰਸੰਗ ਵਿਚ ਇਕ ਪ੍ਰਸੰਗ ਦੇਖੋ। ਇਸ ਵਿਚ ਧੀਆਂ ਦੀ ਡੋਲੀ ਤੋਰਨ ਪਿੱਛੋਂ ਮੁੜ ਪੇਕੇ ਫੇਰਾ ਆਉਣ ਦਾ ਬ੍ਰਿਤਾਂਤ ਪੇਸ਼ ਹੋਇਆ ਹੈ : ਕਾਲੂ ਆਖੇ ਜਾਇ ਭੈਣ ਨੂੰ ਲੈ ਆਉ। ਫੇਰ ਤੁਸਾਂ ਨੂੰ ਅਸੀਂ ਉਥੇ ਹੀ ਸਉਪ ਛਡਾਂਗੇ । ਤਾਂ ਨਾਨਕ ਕਹਿਆ ਭਲਾ ਜੀ । ਤਾਂ ਫਿਰ ਨਾਨਕ ਜੀ ਜੋ ਕੁਛ ਰਾਹ ਸੀ ਸੋ ਲੈ ਕਰ ਨਾਲ ਬਾਲੇ ਸੰਧੂ ਨੂੰ ਲੈ ਗਇਆ। ਬਾਲੇ ਨਾਲ ਪਿਆਰ ਸੀ। ਜਾਇ ਕਰ ਕੁਛ ਦਿਨ ਰਹਿਆ ਅਤੇ ਵਿਦਿਆ ਮੰਗੀ। ਤਾਂ ਜੈ ਰਾਮ ਕਹਿਆ ਮੈਂ' ਤੁਸਾਂ ਨੂੰ ਵਿਦਿਆ ਨਹੀਂ ਕਰਦਾ। ਨਕ ਜੀ ਤੂੰ ਭੀ ਇਥੇ ਹੀ ਰਹੁ ਮੈਂ ਤੁਸਾਨੂੰ ਨਹੀਂ ਭੇਜਦਾ। ਤਾਂ ਨਾਨਕੀ ਜੀ ਜੈ ਰਾਮ ਨੂੰ ਆਖਿਆ ਜੀ ਤੂੰ ਇਸ ਵਾਰੀ ਮੈਨੂੰ ਭੇਜ। ਕਿਸ ਵਾਸਤੇ ਜੋ ਅੰਮਾ ਬੀਬੀ ਭੀ ਰਾਜੀ ਰਹਿਸੀ ਤੇ ਨਾਨਕ ਭੀ ਰਾਜੀ ਰਹਿਸੀ। (ਜਨਮਸਾਖੀ ਭਾਈ ਬਾਲਾ, ਪੰਨਾ 53) "ਭਾਈ ਬਾਲੇ ਵਾਲੀ ਜਨਮਸਾਖੀ" ਵਿਚ ਸੰਕਲਿਤ ਸਾਖੀਆਂ ਦੀ ਗਿਣਤੀ ਨਿਰੰਤਰ ਵਧਦੀ ਗਈ ਹੈ। ਅਸਲੀ ਤੇ ਵੱਡੀ ਜਨਮਸਾਖੀ ਸਿੱਧ ਕਰਨ ਦੀ ਕੋਸ਼ਿਸ਼ ਵਿਚ ਪ੍ਰਕਾਸ਼ਕ ਲੋਕ ਹਰ ਛਾਪ ਸਮੇਂ ਇਸ ਵਿਚ ਸਾਖੀਆਂ ਦੀ ਗਿਣਤੀ ਨੂੰ ਵਧਾਉਂਦੇ ਰਹੇ ਹਨ । ਪਹਿਲੀਆਂ ਪੋਥੀਆਂ ਵਿਚ ਸਾਖੀਆਂ ਦੀ ਸੰਖਿਆ 75 ਤੋਂ 88 ਹੈ। ਇਸ ਤੋਂ ਪਿਛਲੀਆਂ ਪੋਥੀਆਂ ਵਿਚ 90 ਤੋਂ ਉੱਪਰ ਹੈ ਅਤੇ ਕੁਝ ਨਵੀਨ ਸੰਸਕਰਣਾਂ ਵਿਚ ਇਹ ਗਿਣਤੀ 232 ਤੱਕ ਪਹੁੰਚ ਗਈ ਹੈ । ਇਸ ਜਨਮਸਾਖੀ ਦੀ ਇਕ ਵਿਸ਼ੇਸ਼ਤਾ ਗੁਰੂ ਨਾਨਕ ਦੇਵ ਜੀ ਦੇ ਸਾਕ-ਸੰਬੰਧਾਂ ਦੇ ਨਾਵਾਂ ਦੀ ਸੂਚੀ ਹੈ। ਜਿਵੇਂ ਦਾਦਾ ਸਿਉਰਾਮ ਬੇਦੀ, ਦਾਦੀ ਬਨਾਰਸੀ, ਨਾਨਾ ਰਾਮਾ ਝਿੰਗੜ, ਨਾਨੀ ਭਿਰਾਈ, ਚਾਚਾ ਲਾਲੂ, ਮਾਮੇ ਰਾਮਾ ਤੇ ਕਿਸਨਾ, ਸੱਸ ਚੰਦੋ ਰਾਣੀ, ਪਤਨੀ ਸੁਲੱਖਣੀ, ਭੈਣ ਨਾਨਕੀ ਤੇ ਲਾਲੂ ਦਾ ਪੁੱਤਰ ਪਰਸ ਰਾਮ। ਜਿਸ ਜਨਮਸਾਖੀ ਵਿਚ ਇਨ੍ਹਾਂ ਨਾਵਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ, ਉਸਨੂੰ ਭਾਈ ਬਾਲੇ ਵਾਲੀ ਜਨਮਸਾਖੀ ਹੀ ਸਮਝਣਾ ਚਾਹੀਦਾ ਹੈ। ਸਿੱਖ-ਖੇਤਰਾਂ ਵਿਚ ਇਸ ਜਨਮਸਾਖੀ ਦਾ ਬੜਾ ਵਿਆਪਕ ਪ੍ਰਭਾਵ ਰਿਹਾ ਹੈ।

### 4. ਹੰਦਾਲੀਆਂ ਜਾਂ ਬਿਧੀ ਚੰਦ ਵਾਲੀ ਜਨਮਸਾਖੀ

ਇਹ ਅਸਲ ਵਿਚ ਭਾਈ ਬਾਲੇ ਵਾਲੀ ਜਨਮਸਾਖੀ ਦੀ ਹੀ ਇਕ 'ਸ਼ਾਖਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਨੂੰ ਖੰਡਿਤ ਕਰਨ ਵਾਲੇ ਕਈ ਪ੍ਰਸੰਗ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਵੇਂ : ਗੁਰੂ ਨਾਨਕ ਦੇਵ ਜੀ ਨੇ ਖੁਆਜਾ ਖਿਜ਼ਰ ਨੂੰ ਆਪਣਾ ਪੀਰ ਧਾਰਿਆ, ਗੁਰੂ ਸਾਹਿਬ ਨੇ ਇਕ ਮੁਸਲਮਾਨ ਰੌਘੜ ਔਰਤ ਨਾਲ ਵਿਆਹ ਕੀਤਾ ਹੋਇਆ ਸੀ, ਬਾਬਾ ਹੰਦਾਲ ਅਤੇ ਗੁਰੂ ਨਾਨਕ ਗੁਰਭਾਈ ਸਨ ਇਤਿਆਦਿ। ਭਾਈ ਕਾਨ੍ਹ ਸਿੰਘ ਨੇ ਇਸ ਸਾਰੀ ਅਵੱਗਿਆ ਲਈ ਬਿਧੀ ਚੰਦ ਨੂੰ ਜ਼ਿੰਮੇਵਾਰ ਠਹਿਰਾਇਆ ਹੈ । ਭਾਈ ਬਾਲੇ ਵਾਲੀ ਅਤੇ ਭਾਈ ਬਿਧੀ ਚੰਦ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ 3, ਸੰਮਤ 1526 ਦੀ ਥਾਂ ਕਤਕ ਪੂਰਨਮਾਸ਼ੀ ਸੈਮਤ 1526 ਵਿਚ ਦੱਸਿਆ ਗਿਆ ਹੈ। ਸਿੱਖ ਸੰਗਤਾਂ ਵਿਚ ਅਜੇ ਤਕ ਇਹੀ ਮਿਤੀ ਪ੍ਰਚਲਿਤ ਹੈ।

## 5. ਜਨਮਸਾਖੀ ਭਗਤ ਕਬੀਰ ਜੀ

ਇਸ ਜਨਮਸਾਖੀ ਵਿਚ ਭਗਤ ਕਬੀਰ ਜੀ ਦੇ ਜੀਵਨ ਨਾਲ ਸੰਬੋਧਿਤ 25 ਕਥਾਵਾਂ ਦਰਜ ਹਨ। ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਵਿਚ ਇਸ ਜਨਮਸਾਖੀ ਦਾ 1683 ਈ. ਵਿਚ ਕੀਤਾ ਇਕ ਉਤਾਰਾ ਪਿਆ ਹੈ, ਜਿਥੋਂ ਸਿੱਧ ਹੁੰਦਾ ਹੈ ਕਿ ਮੂਲ ਜਨਮਸਾਖੀ ਇਸ ਤੋਂ ਕੁਝ ਸਮਾਂ ਪਹਿਲਾਂ ਲਿਖੀ ਗਈ ਹੋਵੇਗੀ। ਇਸ ਜਨਮਸਾਖੀ ਦੀ "ਦੂਸਰੀ ਕਥਾ" ਵਿਚ ਲਿਖਿਆ ਹੈ : ੧ਓਂ ਸਤਿਗੁਰ ਪ੍ਰਸਾਦਿ॥ ਗੁਸਾਈ ਕਬੀਰ ਜੀ ਜਨਮੇ ॥ ਬਾਲਿਕ ਜਿਉਂ ਰੋਤੇ ਹੂਏ ਕਹਿਤੇ ਹੈਂ ਊਆਂ ਊਆਂ ॥ ਤਿਉਂ ਗੁਸਾਈ ਕਬੀਰ ਕਹੇ ਰਾਮ ਰਾਮ ਰਾਮ ਰਾਮ ॥ ਫੇਰਿ ਮਾਤਾ ਕਬੀਰ ਜੀ ਕੀ ਕਹਨੇ ਲਾਗੀ ਹੇ ਖੁਦਾਇ ਇਸ ਬਾਲਿਕ ਕੀ ਭਾਖਾ ਕਿਛੁ ਅਵਰ ਹੈ ਅਰੁ ਹੋਰਨਾ ਬਾਲਿਕਾ ਕੀ ਭਾਖਾ ਹੋਰ ਹੋਤੀ ਹੈ । ਜੇਠਾਨੀ, ਦੇਰਾਨੀ, ਸਾਸੁ, ਨਨਦ ਬੁਲਾਈ ਸਭ ਪੂਛੀਆ ਰੀ ਤੂ ਸੁਨਤੀ ਹੈ ਏਸ ਬਾਲਿਕ ਕੀ ਭਾਖਾ ਕੈਸੀ ਹੈ। ਪਿਤਾ ਨੇ ਕਹਾ ਜਿ ਕੋਈ ਜੀਉ ਹੈ ਸਿ ਭਲਾ ਜੀਉ ਹੈ ਭਲੀ ਹੀ ਭਾਖਾ ਬੋਲਤਾ ਹੈ।

ਜੇ ਇਸ ਜਨਮਸਾਖੀ ਦੇ ਬਿਆਨ-ਢੰਗ ਨੂੰ "ਸ੍ਰੀ ਮਿਹਰਬਾਨ ਵਾਲੀ ਪੋਥੀ" ਨਾਲ ਮੇਲ ਕੇ ਵਾਚਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਜਨਮਸਾਖੀ ਵੀ ਮਿਹਰਬਾਨ ਦੀ ਹੀ ਲਿਖੀ ਜਾਂ ਲਿਖਵਾਈ ਹੋਈ ਹੈ । "ਜਨਮਸਾਖੀ ਕਬੀਰ ਜੀ" ਨਾਲ ਸੰਬੰਧਿਤ ਵੱਖ-ਵੱਖ ਖਰੜਿਆਂ ਵਿਚ ਕਬੀਰ ਜੀ ਦੀਆਂ 137 ਸਾਖੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਜਨਮਸਾਖੀ ਵਿਚ ਮਨੁੱਖੀ ਭਾਵਾਂ ਦਾ ਚਿਤ੍ਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਵਾਰਤਾਲਾਪ ਨੂੰ ਪਾਤਰਾਂ ਦੀ ਸਥਿਤੀ ਦੇ ਅਨੁਕੂਲ ਰੱਖਿਆ ਗਿਆ ਹੈ। ਇਸ ਰਚਨਾ ਦੀਆਂ ਸ਼ਬਦ-ਘਾੜਤਾਂ ਗੁਰਬਾਣੀ ਨਾਲ ਕਾਫ਼ੀ ਮਿਲਦੀਆਂ-ਜੁਲਦੀਆਂ ਹਨ। ਬ੍ਰਜੀ ਅਤੇ ਖੜੀ ਬੋਲੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਉੱਤਰੀ ਭਾਰਤ ਦੀਆਂ ਸਾਰੀਆਂ ਬੋਲੀਆਂ ਦੇ ਬੁਲਾਰੇ ਇਸ ਰਚਨਾ ਨੂੰ ਆਪਣੀ ਕਹਿ ਕੇ ਗੌਰਵ ਮਹਿਸੂਸ ਕਰਦੇ ਹਨ।

## 6. ਜਨਮਸਾਖੀ ਸ੍ਰੀ ਮਿਹਰਬਾਨ ਜੀ ਕੀ

ਇਸ ਜਨਮਸਾਖੀ ਦੀ ਇਕ ਪ੍ਰਤੀ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਸੁਰੱਖਿਅਤ ਹੈ। ਇਹ ਸੋਢੀ ਹਰਿ ਜੀ ਦੁਆਰਾ ਲਿਖੀ ਹੋਈ ਹੈ। ਇਸ ਰਚਨਾ ਦੀ ਸੱਤਵੀਂ ਸਾਖੀ ਵਿਚ ਸ੍ਰੀ ਮਿਹਰਬਾਨ ਅਤੇ ਉਨ੍ਹਾਂ ਦੇ ਪੁੱਤਰ ਸੋਢੀ ਹਰਿ ਜੀ ਬਾਰੇ ਉਲੇਖ ਹੋਇਆ ਹੈ। ਦੇਖੋ : ਤਬ ਗੁਰੂ ਮਿਹਰਬਾਨ ਜੰਗਲ ਮਹਿ ਰਹਤਾ ਥਾ। ਤਬ ਏਕ ਸਮੇ ਹਰਿ ਜੀ ਸੇਵਕੁ ਕਉ ਹੁਕਮੁ ਹੋਇਆ ਜੇ ਬੱਚਾ ਤੂੰ ਦੇਹਰੇ ਜਾਇ ਕੋਟਿ ਕੇ ਅੰਦਰ ਜੋ ਤਲਾਓ ਹੈ ਤਿਸੁ ਨੋ ਥੋੜਿਆ ਦਿਨਾਂ ਮਹਿ ਪਕਾ ਕਰ ਕੈ ਉਸਾਰ ਲੋਓ, ਤੁਝ ਕਉ ਖੁਸੀ ਹੋਇਗੀ । ਤਬ ਆਗਿਆ ਸ੍ਰੀ ਸਤਿਗੁਰੂ ਜੀ ਕੀ ਮਾਨਿ ਕਰਿ ਏਹੁ ਸੇਵਕੁ ਵਿਦਾ ਭੈਆ। ਤਬ - ਦੇਹਰੇ ਆਇ ਕਰ ਪਕੇ ਸਰ ਕਾ ਆਰੰਭ ਕੀਆ।ਮੀਣਾ ਗੁਰੂ ਹਰਿ ਜੀ ਦੇ ਜੀਵਨ ਬਾਰੇ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ । ਏਨਾ ਹੀ ਪਤਾ ਚਲਦਾ ਹੈ ਕਿ ਆਪ ਸੋਢੀ ਮਿਹਰਬਾਨ ਦੇ ਪੁੱਤਰ ਅਤੇ ਉਨ੍ਹਾਂ ਵਾਂਗ ਹੀ ਗੁਣੀ-ਗਿਆਨੀ ਸਨ, ਜੋ ਆਪਣੇ- ਆਪ ਨੂੰ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਛੇਵੇਂ ਗੁਰੂ ਕਹਿੰਦੇ ਸਨ । ਇਸ ਤਰ੍ਹਾਂ ਸੀ ਮਿਹਰਬਾਨ ਨੇ ਸੱਤਵੇਂ ਅਤੇ ਹਰਿ ਜੀ ਨੇ ਅੱਠਵੇਂ ਗੁਰੂ ਹੋਣ ਦਾ ਦਾਅਵਾ ਕੀਤਾ । ਹਰਿ ਜੀ ਦੁਆਰਾ ਲਿਖੀ ਇਸ ਜਨਮਸਾਖੀ ਵਿਚ ਸ੍ਰੀ ਮਿਹਰਬਾਨ ਜੀ ਦੇ ਜੀਵਨ ਬਾਰੇ 47 ਗੋਸ਼ਟੀਆਂ ਮਿਲਦੀਆਂ ਹਨ। ਇਸ ਜਨਮਸਾਖੀ ਦੀ ਭਾਸ਼ਾ ਉਤੇ ਬ੍ਰਜ-ਭਾਸ਼ਾ ਦਾ ਪ੍ਰਭਾਵ ਬਹੁਤ ਸਪਸ਼ਟ ਅਤੇ ਉੱਘੜਵਾਂ ਹੈ। ਤਾਂ ਵੀ ਇਸ ਬੋਲੀ ਦਾ ਪ੍ਰਭਾਵ ਬੜਾ ਮਧੁਰ ਹੈ ਅਤੇ ਇਕ ਵਿਸ਼ੇਸ਼ ਪ੍ਰਕਾਰ ਦੇ ਰਸ ਦਾ ਉਤਪਾਦਕ ਹੈ। ਦੇਖੋ : ਰੇ ਭਾਈ ਸੰਤਹੁ । ਸ੍ਰੀ ਗੁਰੂ ਮਿਹਰਵਾਨ ਜੀ ਕੇ ਚਰਨ ਕਮਲ ਜਿਤਿ ਸ੍ਰੀ ਮਾਨ ਸੀ ਕ੍ਰਿਸਨ ਚੰਦ ਜੀ ਕੇ ਚਰਨ ਕਮਲ ਹੋਤੇ ਹੈ ਤੈਸੇ ਗੁਰੂ ਮਿਹਰਵਾਨ ਜੀ ਕੇ ਚਰਨ ਕਮਲ ਹੈਂ । ਅਰ ਕੋਮਲ ਹੈਂ । ਜੈਸੇ ਕਮਲਾ ਕੀ ਸੁਬਾਸੁ ਕਉ ਭਉਰ ਬਨ ਕਉ ਤਿਆਗ ਕਰਿ ਆਇ ਲੋਤੇ ਹੈਂ ਤੈਸੇ ਹੀ ਗੁਰੂ ਮਿਹਰਵਾਨ ਜੀ ਕੇ ਚਰਨ ਕਮਲ ਦੀ ਸੁਬਾਸੁ ਜੁ ਹੈ ਚਰਨਾ ਕਾ ਜਸੁ।

## 7. ਆਦਿ ਸਾਖੀਆਂ ਬਾਬੇ ਕੀਆਂ

"ਆਦਿ ਸਾਖੀਆਂ" ਦੇ ਮਿਲਦੇ ਉਤਾਰਿਆਂ ਵਿਚੋਂ' ਸਭ ਤੋਂ' ਪੁਰਾਣਾ 1701 ਈ. ਦਾ ਹੈ। ਸਪਸ਼ਟ ਹੈ ਕਿ ਇਹ ਰਚਨਾ ਉਕਤ ਸਮੇਂ ਤੋਂ ਪਹਿਲਾਂ ਰਚੀ ਜਾ ਚੁਕੀ ਸੀ। ਇਸ ਸੰਗ੍ਰਹਿ ਦਾ ਅਸਲ ਨਾਮ "ਜਨਮ ਪਤਰੀ ਬਾਬੇ ਜੀ ਕੀ" ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਪਹਿਲੀ ਵਾਰ ਆਪਣੀ ਪੁਸਤਕ ਵਿਚ ਇਸ ਦਾ ਨਾਮ "ਆਦਿ ਸਾਖੀਆਂ" ਰੱਖਿਆ ਸੀ। ਫਿਰ ਇਹੀ ਨਾਮ ਪ੍ਰਚਲਿਤ ਹੋ ਗਿਆ। ਡਾ. ਪਿਆਰ ਸਿੰਘ ਨੇ 1969 ਵਿਚ ਇਸ ਜਨਮਸਾਖੀ ਦਾ ਸੰਪਾਦਨ ਕੀਤਾ । "ਆਦਿ ਸਾਖੀਆਂ" ਵਿਚ ਸੰਕਲਿਤ ਸਾਖੀਆਂ ਦੀ ਗਿਣਤੀ ਸਾਖੀਕਾਰ ਵਲੋਂ 30 ਦਿੱਤੀ ਹੋਈ ਹੈ, ਪਰ ਕਈ ਸਾਖੀਆਂ ਵਿਚ ਇਕ ਤੋਂ ਵਧੀਕ ਸਾਖੀਆਂ ਦਾ ਉਲੇਖ ਹੋਇਆ ਹੈ, ਜਿਸ ਕਾਰਨ ਸਾਖੀਆਂ ਦੀ ਕੁਲ ਗਿਣਤੀ 51 ਬਣ ਜਾਂਦੀ ਹੈ। ਇਸ ਤਰ੍ਹਾਂ ਇਸ ਜਨਮਸਾਖੀ ਵਿਚ ਸਭ ਤੋਂ ਘੱਟ ਸਾਖੀਆਂ ਦਾ ਉਲੇਖ ਹੋਇਆ ਹੈ। ਇਸ ਤੱਥ ਤੋਂ ਡਾ. ਤਰਲੋਚਨ ਸਿੰਘ ਬੇਦੀ ਨੇ ਅਨੁਮਾਨ ਲਗਾਇਆ ਹੈ ਕਿ ਇਹ ਜਨਮਸਾਖੀ ਸਭ ਤੋਂ ਪੁਰਾਤਨ ਵੀ ਹੋ ਸਕਦੀ ਹੈ। "ਮਿਹਰਬਾਨ ਵਾਲੀ ਜਨਮਸਾਖੀ" ਉਤੇ ਵੀ "ਆਦਿ ਸਾਖੀਆਂ" ਦਾ ਪ੍ਰਭਾਵ ਸਪਸ਼ਟ ਤੌਰ 'ਤੇ ਨਜ਼ਰ ਆ ਜਾਂਦਾ ਹੈ। 'ਪੁਰਾਤਨ ਜਨਮਸਾਖੀ" ਵਿਚ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ, ਕੱਚੀ ਬਾਣੀ ਦੇ 20 ਕੁ ਸ਼ਬਦ ਵਰਤੇ ਗਏ ਹਨ ਪੰਰਤੂ "ਆਦਿ ਸਾਖੀਆਂ" ਵਿਚ ਕੇਵਲ 30 ਕੁ ਸਤਰਾਂ ਕੱਚੀ ਬਾਣੀ ਦੀਆਂ ਆਈਆਂ ਹਨ। ਇਸ ਜਨਮਸਾਖੀ ਵਿਚ ਵਰਤੀ ਗਈ ਸ਼ੈਲੀ ਦਾ ਸਰੂਪ ਇਸ ਪ੍ਰਕਾਰ ਹੈ : ਬਾਬਾ ਜੀਉ ਦਰਿਆਉ ਨਾਵਣ ਜਾਦਾ ਇਕ ਨਫਰਿ ਨਾਲ ਹੋਵੈ। ਉਹ ਕਪੜੇ ਲੈ ਖੜੋਦਾ ਬਾਬੇ ਕੇ! ਇਕ ਦਿਨ ਜੁ ਬਾਬੇ ਟੁਬੀ ਮਾਰੀ ਤਾ ਫਿਰਿ ਨਾ ਨਿਕਲਿਆ।ਦਰਿਆਉ ਵਿਚਹੁ ਕਰਤੇ ਪੁਰਖੁ ਕੀ ਆਗਿਆ ਪਾਇ ਕਰ ਬਾਬੇ ਨੋ ਲੈ ਗਏ। (ਆਦਿ ਸਾਖੀਆਂ, ਪੰਨਾ 767) ਬੋਲੀ ਦੇ ਪੱਖੋਂ "ਪੁਰਾਤਨ ਜਨਮਸਾਖੀ" ਤੇ "ਆਦਿ ਸਾਖੀਆਂ" ਵਿਚ ਕਾਫ਼ੀ ਭਿੰਨਤਾ ਹੈ। "ਪੁਰਾਤਨ ਜਨਮਸਾਖੀ" ਦੀ ਬੋਲੀ ਦਾ ਪਿੰਡਾ ਲਹਿੰਦੀ ਹੈ, ਜਿਸ ਉਤੇ ਫ਼ਾਰਸੀ ਦੀ ਪਾਣ ਚੜ੍ਹੀ ਹੋਈ ਹੈ। ਕਿਧਰੇ-ਕਿਧਰੇ ਫ਼ਾਰਸੀ ਦੇ ਲੰਮੇ ਵਾਕ ਵੀ ਵਰਤੇ ਹੋਏ ਹਨ। ਪਰੰਤੂ "ਆਦਿ ਸਾਖੀਆਂ" ਵਿਚ ਫ਼ਾਰਸੀ ਦਾ ਪ੍ਰਯੋਗ ਬਹੁਤ ਘੱਟ ਹੋਇਆ ਹੈ। ਲਹਿੰਦੀ ਸ਼ਬਦਾਵਲੀ ਵੀ ਵਧੇਰੇ ਮਾਤਰਾ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਇਸ "ਜਨਮਸਾਖੀ" ਦੀ ਰਚਨਾ, ਕਿਸੇ ਸ਼ੋਭੂ ਜਾਂ ਸ਼ੰਭੂ ਨਾਥ ਬ੍ਰਾਹਮਣ ਨੇ 1703 ਈ. ਵਿਚ ਕੀਤੀ ਪਰ ਉਹ ਇਸ ਨੂੰ ਮੌਲਿਕ ਕ੍ਰਿਤ ਨਹੀਂ ਸਗੋਂ ਕਿਸੇ ਮੁਢਲੀ ਪੋਥੀ ਦਾ ਉਤਾਰਾ ਮੰਨਦਾ ਹੈ। ਮੁਢਲੀ ਪੋਥੀ ਨਿਸ਼ਚੇ ਹੀ ਪਹਿਲਾਂ ਲਿਖੀ ਗਈ ਹੋਵੇਗੀ।

## 8. ਸਤਿਗੁਰੂ ਜੀ ਕੇ ਮੂੰਹੈ ਦੀਆਂ ਸਾਖੀਆਂ

ਡਾ. ਸੁਰਿੰਦਰ ਸਿੰਘ ਕੋਹਲੀ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ" ਵਿਚ 32 ਸਾਖੀਆਂ ਦੀ ਇਕ ਪੁਰਾਤਨ ਹਥ ਲਿਖਤ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਹਰਿਰਾਏ ਸਾਹਿਬ ਦੀ ਸਪੁਤਰੀ ਬੀਬੀ ਰੂਪ ਕੌਰ ਨੇ ਕਿਸੇ ਨੁਸਖੇ ਤੋਂ ਆਪਣੀ ਪੋਥੀ ਵਿਚ ਉਤਾਰੀਆਂ। ਡਾ. ਪਿਆਰ ਸਿੰਘ ਅਨੁਸਾਰ ਇਨ੍ਹਾਂ ਸਾਖੀਆਂ ਦੀ ਗਿਣਤੀ 33 ਹੈ। (ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਪੰਨਾ 736) ਇਸ ਦੀ ਬੋਲੀ ਹਿੰਦਵੀ ਨਾਲੋਂ ਠੇਠ ਪੰਜਾਬੀ ਦੇ ਵਧੇਰੇ ਨੇੜੇ ਹੈ। ਲਿਖਣ ਢੰਗ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਨਾਲ ਰਲਦਾ-ਮਿਲਦਾ ਹੈ। ਇਸ ਵਿਚ ਕੁਝ ਪ੍ਰਸੰਗ ਗੁਰੂ ਅਰਜਨ ਦੇਵ ਜੀ ਦੇ ਬਾਰੇ ਵੀ ਹਨ।

## (ਅ) ਟੀਕੇ (ਪਰਮਾਰਥ)

ਪੁਰਾਤਨ ਪੰਜਾਬੀ ਵਾਰਤਕ ਦੀ ਇਕ ਹੋਰ ਪ੍ਰਮੁੱਖ ਪਰੰਪਰਾ "ਟੀਕਿਆਂ" ਅਤੇ "ਪਰਮਾਰਥਾਂ" ਨਾਲ ਜੁੜੀ ਹੋਈ ਹੈ। ਇਸ ਪਰੰਪਰਾ ਦਾ ਆਰੰਭ ਮੀਣੇ ਗੁਰੂਆਂ ਸ੍ਰੀ ਮਿਹਰਬਾਨ ਅਤੇ ਹਰਿ ਜੀ ਨੇ ਕੀਤਾ। ਇਸ ਕਾਲ ਵਿਚ ਰਚੇ ਗਏ ਬਹੁਤੇ ਟੀਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸੰਬੰਧਿਤ ਹਨ । ਮੀਣੇ ਗੁਰੂਆਂ ਦੀ ਆਪਣੀ ਬਾਣੀ ਦੇ ਵੀ ਕੁਝ ਟੀਕੇ ਪ੍ਰਾਪਤ ਹੁੰਦੇ ਹਨ।

ਕੁਝ ਇਕ ਪ੍ਰਮੁੱਖ ਟੀਕੇ ਇਹ ਹਨ :

1. ਜਪੁ ਪਰਮਾਰਥ, ਕ੍ਰਿਤ ਸੋਢੀ ਮਿਹਰਬਾਨ

2. ਟੀਕਾ ਸਿਧ ਗੋਸ਼ਟਿ, ਕ੍ਰਿਤ ਸੋਢੀ ਮਿਹਰਬਾਨ

ਟੀਕਾ ਦਖਣੀ ਓਅੰਕਾਰ, ਹਰਿ ਜੀ ਦੀ ਪੋਥੀ ਵਿਚ ਸੰਕਲਿਤ ਟੀਕਾ ਪੱਟੀ ਤੇ ਬਾਰਹਮਾਹਾ ਤੁਖਾਰੀ, ਪੋਥੀ ਮਿਹਰਬਾਨ ਵਿਚ ਸੰਕਲਿਤ, ਸੁਖਮਨੀ ਸਹੰਸਾਰ ਨਾਮਾ, ਸੋਢੀ ਮਿਹਰਬਾਨ ਦੀ ਬਾਣੀ ਦਾ ਟੀਕਾ ਟੀਕਾ ਜਪੁਜੀ, ਭਾਈ ਮਨੀ ਸਿੰਘ (ਗਿਆਨ ਰਤਨਾਵਲੀ) ਟੀਕਾ ਆਸਾ ਦੀ ਵਾਰ, ਭਾਈ ਮਨੀ ਸਿੰਘ (ਗਿਆਨ ਰਤਨਾਵਲੀ) ਟੀਕਾ ਸਿਧ ਗੋਸ਼ਟਿ, ਭਾਈ ਮਨੀ ਸਿੰਘ (ਗਿਆਨ ਰਤਨਾਵਲੀ) ਟੀਕਾ ਪੱਟੀ, ਆਸਾ ਮਹਲਾ ਪਹਿਲਾ, (ਗਿਆਨ ਰਤਨਾਵਲੀ)

10. ਟੀਕਾ ਸਲੋਕ ਸਹਸਕ੍ਰਿਤੀ ਮਹਲਾ ਪਹਿਲਾ, (ਗਿਆਨ ਰਤਨਾਵਲੀ)

11. ਟੀਕਾ ਵਿਵੇਕ ਦੀਪਕਾ, ਸਵਾਮੀ ਰਾਮ ਕ੍ਰਿਸ਼ਨ ।

### ਗੋਸ਼ਟਿ ਪਰੰਪਰਾ

ਪੰਜਾਬੀ ਗੋਸ਼ਟਿ ਪਰੰਪਰਾ ਦਾ ਆਰੰਭ ਨਾਥਾਂ-ਜੋਗੀਆਂ ਦੀਆਂ ਗੋਸ਼ਟਾਂ ਦੁਆਰਾ ਹੋਇਆ। ਇਨ੍ਹਾਂ ਤੋਂ ਪਿਛੋਂ ਤੇਰ੍ਹਵੀਂ-ਚੌਦਵੀਂ ਸਦੀ ਵਿਚ 'ਏਕਾਦਸ਼ੀ ਮਹਾਤਮ'' ਨਾਮ ਦੀ ਰਚਨਾ ਸਾਹਮਣੇ ਆਈ। ਇਸ ਵਿਚ ਸ੍ਰੀ ਕ੍ਰਿਸ਼ਨ ਦੇ ਯੁਧਿਸ਼ਟਰ ਅਤੇ ਅਰਜਨ ਨਾਲ ਤੇ ਬ੍ਰਹਮਾ ਜੀ ਦੇ ਨਾਰਦ ਨਾਲ ਸੰਬਾਦ ਅੰਕਿਤ ਕੀਤੇ ਗਏ ਹਨ। ਸਤਾਰ੍ਹਵੀਂ ਸਦੀ ਦੀ ਇਕ ਹੋਰ 'ਗੋਸ਼ਟਿ ਸ੍ਰੀ ਕ੍ਰਿਸ਼ਨ ਜੀ ਅਰ ਊਧੋ ਕੀ'' ਵੀ ਸਾਹਮਣੇ ਆਈ ਹੈ। ਇਸੇ ਕਾਲ ਦੀ ਇਕ ਹੋਰ ਰਚਨਾ ''ਗੋਸ਼ਟਿ ਸਰੀ ਰਾਮਚੰਦਰ ਤੇ ਲਛਮਣ ਜੀ ਕੀ? ਵੀ ਕਾਫ਼ੀ ਪ੍ਰਸਿੱਧ ਰਹੀ ਹੈ। ਡਾ. ਤਰਲੋਚਨ ਸਿੰਘ ਬੇਦੀ ਨੇ ''ਗਰਭ ਗੀਤਾ'' ਨਾਮ ਦੀ ਇਕ ਗੋਸ਼ਟਿ ਦਾ ਜ਼ਿਕਰ ਕੀਤਾ ਹੈ। ''ਗਰਭ ਗੀਤਾ'' ਤੋਂ ਬਿਨਾਂ 'ਰਾਮ ਗੀਤਾ'' ਅਤੇ 'ਸਾਰ ਗੀਤਾ'' ਦਾ ਸਬੰਧ ਭਾਰਤ ਦੀਆਂ ਦਾਰਸ਼ਨਿਕ ਪੁਸਤਕਾਂ ਨਾਲ ਹੈ। ਇਹ ਗੋਸ਼ਟਾਂ ਸਤਾਰ੍ਹਵੀਂ ਸਦੀ ਦੇ ਅੰਤ ਅਤੇ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਲਿਖੀਆਂ ਪ੍ਰਤੀਤ ਹੁੰਦੀਆਂ ਹਨ। ਸੋਢੀ ਮਿਹਰਬਾਨ ਜੀ ਦੀ ''ਪੋਥੀ ਸੱਚਖੰਡ'' ਵਿਚ ਬਹੁਤ ਸਾਰੇ ਭਗਤਾਂ-ਸੰਤਾਂ ਦੀਆਂ ਗੋਸ਼ਟਾਂ ਸੰਕਲਿਤ ਹਨ। ਹਰਿ ਜੀ ਰਚਿਤ 'ਗੋਸ਼ਟਿਾਂ ਮਿਹਰਬਾਨ ਜੀ'' ਦੀ ਬਿਆਲੀਵੀਂ ਗੋਸ਼ਟ ਵਿਚ 'ਹਰਿ' ਜੀ ਲਿਖਦੇ ਹਨ : ਸਭਨਾਂ ਭਗਤਾਂ ਦੀਆਂ ਗੋਸ਼ਟਾਂ ਗੁਰੂ ਸਾਹਿਬ ਸਲਾਮਤ ਹੋਦੇ ਹੀ ਹੋਈਆਂ ਥੀਆਂ, ਅਰ ਨੰਗਲ ਸਹਰੁ ਸਾਡੇ ਧਉਲੇ ਵਿਚਿ, ਚਉਬਾਰੇ ਕੇ ਉਪਰਿ ਗੋਸ਼ਟੀ ਕਾ ਆਰੈਭ ਹੋਇਆ ਥਾ। ਤਦ ਆਦਿ ਹੀ ਕਬੀਰ ਗੁਸਾਈ ਕੀਆਂ ਗੋਸ਼ਟਾਂ ਭਈਆਂ, ਤਿਸੁ ਪੀਛੇ ਅਉਰੁ ਸਭੁ ਗੋਸ਼ਟੀ ਹੋਈਆਂ।

ਇਨ੍ਹਾਂ ਗੋਸ਼ਟਾਂ ਵਿਚ ਜ਼ਾਤ-ਪਾਤ ਦੀ ਨਿਖੇਧੀ, ਉੱਚੀਆਂ ਜਾਤਾਂ ਵਾਲਿਆਂ ਦੇ ਮਿਥਿਆ ਅਭਿਮਾਨ, ਭਗਤੀ-ਭਾਵਨਾ ਦਾ ਸਤਿਕਾਰ ਆਦਿਕ ਵਿਸ਼ੇ ਪੇਸ਼ ਹੋਏ ਹਨ। ਕਬੀਰ ਜੀ ਨਾਲ ਸੰਬੰਧਿਤ ਬਹੁਤ ਸਾਰੀਆਂ ਗੋਸ਼ਟਿਾਂ ਤੋਂ ਬਿਨਾ ਸਧਨਾ, ਧੰਨਾ, ਕਾਨ੍ਹਾ, ਨਾਮਦੇਵ, ਰਵਿਦਾਸ, 'ਬੇਣੀ ਅਤੇ ਤ੍ਰਿਲੋਚਨ ਆਦਿਕ ਭਗਤਾਂ ਬਾਰੇ ਵੀ ਗੋਸ਼ਟਿਾਂ ਰਚੀਆਂ ਗਈਆਂ ਹਨ । ਬਾਬਾ ਲਾਲ ਦੀਆਂ ਗੋਸ਼ਟਿਾਂ ਪੰਜਾਬੀ ਵਾਰਤਕ ਸਾਹਿੱਤ ਦੀ ਇਕ ਹੋਰ ਲੜੀ ਹੈ। ਕਈ ਆਲੋਚਕ ਇਨ੍ਹਾਂ ਗੋਸ਼ਟਾਂ ਨੂੰ ''ਬਚਨ' ਜਾਂ 'ਸੁਖਨਾਂ'' ਦੀ ਪਰੰਪਰਾ ਵਿਚ ਰੱਖਦੇ ਹਨ । ਪਰੰਤੂ ਪ੍ਰਸ਼ਨੋਤਰੀ ਢੰਗ ਵਿਚ ਰਚੀ ਗਈ ਹੋਣ ਕਰਕੇ ਇਸ ਰਚਨਾ ਨੂੰ ਵੀ ਗੋਸ਼ਟਿਾਂ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾਣਾ ਚਾਹੀਦਾ ਹੈ।

''ਗੋਸ਼ਟਿ ਮੱਕੇ ਮਦੀਨੇ ਕੀ'' ਇਸ ਪਰੰਪਰਾ ਦੀ ਇਕ ਹੋਰ ਪ੍ਰਸਿੱਧ ਰਚਨਾ ਹੈ। ਸਰਦਾਰ ਜੀ.ਬੀ. ਸਿੰਘ ਇਸ ਨੂੰ ਇਕ ਪੁਰਾਣੀ ਗੋਸ਼ਟਿ ਮੰਨਦਾ ਹੈ ਅਤੇ ਉਸ ਅਨੁਸਾਰ ਇਸ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ' ਤਕ ਹੋ ਚੁੱਕੀ ਸੀ। ਇਸ ਗੋਸ਼ਟਿ ਦਾ ਕਥਾ-ਵਸਤੂ ''ਭਾਈ ਗੁਰਦਾਸ ਦੀ ਪਹਿਲੀ ਵਾਰ'' ਦੀਆਂ 32 ਤੋਂ 34 ਪਉੜੀਆਂ ਉਪਰ ਆਧਾਰਿਤ

ਹੈ। ਇਸ ਗੋਸ਼ਟਿ ਦੀ "ਪੁਰਾਤਨ ਜਨਮਸਾਖੀ" ਨਾਲ ਸਾਂਝ ਪ੍ਰਤੱਖ ਹੈ। ਸ਼ਾਹ ਸ਼ਰਫ਼, ਮੱਕੇ ਦੀ ਸਾਖੀ ਅਤੇ ਕਾਜ਼ੀ ਰੁਕਨਦੀਨ ਨਾਲ ਗੋਸ਼ਟਿ ਬੀਜ ਰੂਪ ਵਿਚ 'ਪੁਰਾਤਨ ਜਨਮਸਾਖੀ" ਵਿਚ ਮੌਜੂਦ ਹਨ। ਇਸ ਗੋਸ਼ਟਿ ਵਿਚ ਗੁਰਬਾਣੀ ਦਾ ਪ੍ਰਯੋਗ ਵੀ ਹੋਇਆ ਹੈ। ਇਸ ਰਚਨਾ ਦਾ ਲੇਖਕ ਇਸਲਾਮ, ਹਿੰਦੂ ਅਤੇ ਸਿੱਖ ਧਰਮ ਤੋਂ' ਚੰਗੀ ਤਰ੍ਹਾਂ ਜਾਣੂ ਪ੍ਰਤੀਤ ਹੁੰਦਾ ਹੈ । ਵਾਰਤਕ ਦਾ ਮੁਹਾਂਦਰਾ ਧਾਰਮਿਕ ਅਤੇ ਉਪਦੇਸ਼ਾਤਮਕ ਹੈ। ਬੋਲੀ ਉਤੇ ਸਾਧ-ਭਾਖਾ ਦਾ ਪ੍ਰਭਾਵ ਹੈ। ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਵੀ ਚੋਖਾ ਪ੍ਰਯੋਗ ਕੀਤਾ ਗਿਆ ਹੈ। ਇਹ ਗੋਸ਼ਟਿ ਪੰਜਾਬੀ ਵਾਰਤਕ ਦੀ ਬਹੁਪੱਖਤਾ ਅਤੇ ਪ੍ਰਾਚੀਨਤਾ ਦਾ ਪ੍ਰਭਾਵ ਪੇਸ਼ ਕਰਦੀ ਹੈ। 'ਮੱਕੇ ਦੀ ਗੋਸ਼ਟਿ" ਤੋਂ ਬਿਨਾਂ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਸਬੰਧਿਤ ਕੁਝ ਹੋਰ ਗੋਸ਼ਟਾਂ ਵੀ ਮਿਲਦੀਆਂ ਹਨ, ਜਿਵੇਂ : ਗੋਸ਼ਟਿ ਅਜਿਤੇ ਰੰਧਾਵੇ ਨਾਲ, ਨਿਰੰਕਾਰ ਨਾਲ ਗੋਸ਼ਟਿ, ਕਲਿਜੁਗ ਨਾਲ ਗੋਸ਼ਟਿ। ਬੁੱਢਣ ਨਾਲ ਗੋਸ਼ਟਿ, ਕਾਰੂੰ ਨਾਲ ਗੋਸ਼ਟਿ ਅਤੇ ਗੋਰਖ ਨਾਲ ਗੋਸ਼ਟਿ ਇਤਿ ਆਦਿ।

**(ਸ) ਬਚਨ, ਸੁਖ਼ਨ, ਕੌਲ**

ਬਚਨ, ਸੁਖ਼ਨ ਅਤੇ ਕੌਲ ਵੀ ਅਠਾਰ੍ਹਵੀਂ ਸਦੀ ਦੀ ਵਾਰਤਕ ਦੀ ਇਕ ਪ੍ਰਮੁਖ ਵੰਨਗੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ "ਸੈਤ ਬਚਨਾਵਲੀ" ਵਿਚ ਚਾਰ ਪ੍ਰਕਾਰ ਦੇ ਬਚਨ ਗਿਣਵਾਏ ਹਨ :

1. ਬਚਨ ਗੋਬਿੰਦ ਲੌਕਾਂ ਕੇ

2. ਬਚਨ ਗੁਰਮੁਖਾਂ ਕੇ

3. ਸੁਖ਼ਨ ਫ਼ਕੀਰਾਂ ਕੇ

4. ਅਹਿਵਾਲਿ ਸੁਖਨ ਸਾਈਂ ਲੋਕਾਂ ਕੇ।

ਇਸ ਵਾਰਤਕ ਪਰੰਪਰਾ ਦੇ ਨਿਰਮਾਣ ਅਤੇ ਵਿਕਾਸ ਵਿਚ ਸੇਵਾ ਪੰਥੀ ਸੰਪਰਦਾਇ ਦਾ ਕਾਫ਼ੀ ਯੋਗਦਾਨ ਰਿਹਾ ਹੈ। ਸੰਤ ਅੱਡਣ ਸ਼ਾਹ ਨੇ ਮਸਨਵੀ ਮੌਲਾਨਾ ਰੂਮ ਦੇ ਪਹਿਲੇ ਦਫ਼ਤਰ ਦਾ ਅਨੁਵਾਦ ਵੀ ਸਾਧ-ਭਾਖਾ ਵਿਚ ਕਰਵਾਇਆ ਸੀ। ਇਹ ਬਚਨ ਸਾਖੀਆਂ, ਪਰਚੀਆਂ, ਪਰਮਾਰਥਾਂ ਅਤੇ ਗੋਸ਼ਟਾਂ ਵਿਚ ਵੀ ਆਉਂਦੇ ਹਨ। ਇਨ੍ਹਾਂ ਵਿਚ ਸਿਧਾਂਤਿਕ ਪਰਿਭਾਸ਼ਾਵਾਂ ਦੀ ਸੂਤਰਬੱਧ ਵਿਆਖਿਆ ਕੀਤੀ ਜਾਂਦੀ ਹੈ। ਵੱਡੀਆਂ-ਵੱਡੀਆਂ ਅਟਲ ਸੱਚਾਈਆਂ ਨਿੱਕੇ- ਨਿੱਕੇ ਵਾਕਾਂ ਦੁਆਰਾ ਰੂਪਮਾਨ ਕੀਤੀਆਂ ਜਾਂਦੀਆਂ ਹਨ। ਵੇਖੋ :

ਗੁਰੂ ਜੀ ਕਾ ਆਪਣਾ ਹੈ, ਅੰਨੁ ਬਹੁਤ ਭੁਖੈ ਲਗੀ ਜੇਵਣਾ, ਭਰੇ ਉਤੇ ਨਾ ਹੀ ਭਰਣਾ, ਅੰਨੁ ਨਹੀਂ ਛੱਡਣਾ। ਸਵਣਾ ਤਾਂ ਜਾਂ ਬਹੁਤ ਨੀਂਦ ਆਵੈ । ਨੀਂਦ ਬਗੈਰ ਸਵਣਾ ਨਹੀਂ । ਗਾਫ਼ਲ ਹੋਇ ਕੈ ਦੇਹੀ ਨੂੰ ਦੁਖ ਨਾਹੀ ਦੇਵਣਾ, ਬੋਲਣਾ ਬਹੁਤ ਨਾਹੀਂ। ਅਕੈ ਬਾਣੀ ਅਕੈ ਗੁਰੂ ਜੀ ਦੀ ਗੱਲ ਬੋਲਣਾ। ਅਕਾਰਥ ਬੋਲਣਾ ਨਾਹੀਂ। (ਬਚਨ ਗਙੰਦ ਲੱਕਾਂ ਕੇ? "ਬਚਨ ਗੁਰਮੁਖਾਂ ਕੇ" ਇਕ ਫੁਟਕਲ ਰਚਨਾ ਹੈ। ਇਸ ਵਿਚ ਸੇਵਾਪੰਥੀ ਸੰਤਾਂ ਦੇ ਮੁਖ- ਬਚਨ ਸੰਕਲਿਤ ਹਨ। ਇਹ "ਸਾਖੀਆਂ ਭਾਈ ਅੱਡਣ ਸ਼ਾਹ" ਵਿਚੋਂ ਲਏ ਗਏ ਹਨ। ਇਸ ਵਿਚ 14 ਬਚਨ ਦਿੱਤੇ ਗਏ ਹਨ।

'ਸੁਖ਼ਨ ਫ਼ਕੀਰਾਂ ਕੇ" ਕਿਸੇ ਫ਼ਾਰਸੀ ਪੁਸਤਕ ਦਾ ਅਨੁਵਾਦ ਹੈ। ਇਸ ਵਿਚ 35 ਸੁਖ਼ਨ ਦਰਜ ਹਨ । "ਅਹਿਵਾਲਿ ਸੁਖਨ ਸਾਈਂ ਲੋਕਾਂ ਕੇ" ਵਿਚ ਸੂਫ਼ੀ ਦਰਵੇਸ਼ਾਂ ਦੀਆਂ ਕਥਾਵਾਂ ਦੇ ਨਾਲ 27 ਸੁਖਨ ਪੇਸ਼ ਕੀਤੇ ਗਏ ਹਨ। ਪੰਜਾਬੀ ਵਾਰਤਕ ਵਿਚ ਇਸ ਵੰਨਗੀ ਦੇ ਸਾਹਿੱਤ ਦਾ ਇਕ ਨਮੂਨਾ "ਭਾਈ ਪੈਂਹਦਾ ਵਾਲੀ ਬੀੜ" ਵਿਚ ਸੁਰੱਖਿਅਤ ਹੈ। ਇਸ ਵੰਨਗੀ ਨੂੰ 'ਸਾਖੀ ਗੁਰੂ ਅਮਰਦਾਸ ਜੀ" ਦੇ ਸਿਰਲੇਖ ਹੇਠ ਅੰਕਿਤ ਕੀਤਾ ਗਿਆ ਹੈ। ਇਹ ਇਕ ਤਰ੍ਹਾਂ ਨਾਲ ਸਿੱਖਾਂ ਦਾ ਰਹਿਤਨਾਮਾ ਹੈ। ਇਸ ਵੰਨਗੀ ਦਾ ਇਕ ਨਮੂਨਾ ਵੇਖੋ :

ਸ੍ਰੀ ਸਤਿਗੁਰੂ ਬੋਲਿਆ ਜੁ ਪੰਜਿ ਕੰਮ ਨ ਕਰੈ ਅਤੇ ਪੰਜਿ ਕੰਮ ਕਰੈ ਜੇ ਗੁਰੂ ਕਰਾਵੈ ।

ਨਾ ਕਰੈ ਪੰਜਿ ਕੰਮ। ਪਰ ਦਰਬੁ ਨ ਹਿਰੈ। ਪਰ ਇਸਤ੍ਰੀ ਨ ਰਵੈ। ਪਰ ਨਿੰਦਾ ਨ ਕਰੈ। ਜੂਆ ਨ ਖੇਲੈ। ਮਦੁ ਮਾਸੁ ਨ ਖਾਇ। ਪੰਜਿ ਕੰਮ ਕਰੈ ਸੁ ਜੀਵਨ ਮੁਕਤੁ ਹੈ। ਸੰਗਤਿ ਨਿਤ ਜਾਇ ਕਿਛੁ ਮੁਹਿ ਪਾਵਣੈ ਨੌ ਲੈ ਜਾਇ। ਅਤੇ ਆਰਤੀ ਕੀਰਤਨ ਸੁਣਿ ਸਵੈ । ਅਰਥੀ ਤੇ ਦੁਖੀਐ ਨਿਮਾਣੈ ਕੋ ਮਾਣੁ ਦੇਇ ਪਰਉਪਕਾਰ ਕਰਾਵੈ ਲੋਚੈ । ਜਿਸ ਨੌ ਕੁੜਮਾਈ ਕੋਈ ਨ ਕਰੈ ਤਿਸ ਨੌ ਪੁਨ ਅਰਥ ਲੋਚਿ ਕਰਿ ਕਰਾਵੈ ਅਕੈ ਆਪਿ ਕਰੈ। ਸਭਨਾ ਜੀਆ ਕਾ ਭਲਾ ਮਨਾਵੈ ਕੋਈ ਦੁਖੈ ਨਾਹੀ ਆਤਮਾ ਬ੍ਰਹਮ ਪਛਾਣੈ। ਵਡੀ ਪੂਜਾ ਏਹਾ ਹੈ।

### (ਹ) ਹੁਕਮਨਾਮੇ

ਸਤਾਰ੍ਹਵੀਂ ਸਦੀ ਦੀ ਵਾਰਤਕ-ਰਚਨਾ ਦਾ ਇਕ ਭੇਦ ਹੁਕਮਨਾਮਾ-ਸਾਹਿੱਤ ਵੀ ਹੈ। ਇਨ੍ਹਾਂ ਦਾ ਸਾਹਿਤਿਕ ਮਹੱਤਵ ਤਾਂ ਵਿਸ਼ੇਸ਼ ਨਹੀਂ ਹੈ ਪਰੰਤੂ ਇਨ੍ਹਾਂ ਵਿਚ ਵਰਤੀ ਗਈ ਭਾਸ਼ਾ ਦੇ ਵਿਸ਼ਲੇਸ਼ਣ ਦੁਆਰਾ ਅਸੀਂ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਜ਼ਰੂਰ ਬਹੁਮੁੱਲੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ । "ਹੁਕਮਨਾਮੇ" ਅਸਲ ਵਿਚ ਗੁਰੂ ਸਾਹਿਬਾਨ ਵੱਲੋਂ ਦੂਰ-ਦੁਰੇਡੇ ਵੱਸਣ ਵਾਲੀਆਂ ਸਿੱਖ-ਸੰਗਤਾਂ ਦੇ ਨਾਮ ਭੇਜੇ ਗਏ ਲਿਖਤੀ ਪੈਗ਼ਾਮ ਸਨ। ਇਨ੍ਹਾਂ ਹੁਕਮਨਾਮਿਆਂ ਦੀ ਬਣਤਰ ਸ਼ਾਹੀ ਫੁਰਮਾਨਾਂ ਵਰਗੀ ਹੁੰਦੀ ਸੀ ਅਤੇ ਮੋਹਰ ਦੀ ਥਾਂ ਇਨ੍ਹਾਂ ਉਪਰ ਗੁਰੂ ਜੀ ਦੇ ਹਸਤਾਖਰ ਜਾਂ ਨਿਸ਼ਾਨ ਅੰਕਿਤ ਹੁੰਦੇ ਸਨ। ਆਰੰਭ ਵਿਚ ਗੁਰੂ-ਘਰ ਵਲੋਂ ਅਸੀਸ ਹੁੰਦੀ ਸੀ। ਜਿਵੇਂ : ਗੁਰੂ ਰਖੇਗਾ, ਗੁਰੂ ਗੁਰੂ ਜਪਣਾ, ਜਨਮ ਸਉਰੇਗਾ, ਤੁਸੀਂ ਮੇਰਾ ਖਾਲਸਾ ਹੋ। ਗੁਰੂ ਗੋਬਿੰਦ ਸਿੰਘ ਮਿਤੀਬੱਧ ਹੋਣ ਕਰਕੇ ਇਹ ਹੁਕਮਨਾਮੇ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਅਨੇਕ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਵਿਚ ਸਹਾਇਤਾ ਕਰਦੇ ਹਨ। ਇਸ ਵਕਤ ਸਾਡੇ ਕੋਲ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਬੰਦਾ ਬਹਾਦਰ ਤਕ ਲਗਪਗ ਇਕ ਸੌ ਸਾਲ ਦੇ ਇਤਿਹਾਸ ਨੂੰ ਖੋਲ੍ਹਣ ਲਈ ਕਈ ਹੁਕਮਨਾਮੇ ਮੌਜੂਦ ਹਨ। ਇਨ੍ਹਾਂ ਵਿਚੋਂ ਤਿੰਨ ਗੁਰੂ ਹਰਿਗੋਬਿੰਦ ਸਾਹਿਬ, ਇਕ ਗੁਰੂ ਹਰਿਕ੍ਰਿਸ਼ਨ ਸਾਹਿਬ, ਕੁਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹੁਤੇ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧ ਰੱਖਦੇ ਹਨ । ਇਨ੍ਹਾਂ ਹੁਕਮਨਾਮਿਆਂ ਦੀ ਭਾਸ਼ਾ ਹਿੰਦੀ ਰਲੀ ਪੰਜਾਬੀ ਹੈ। ਇਨ੍ਹਾਂ ਤੋਂ ਅਸੀਂ ਗੁਰਮੁਖੀ ਲਿਪੀ ਦੇ ਭਿੰਨ-ਭਿੰਨ ਵਿਕਾਸ ਪੜਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲਿਖੇ ਗਏ ਇਕ ਹੁਕਮਨਾਮੇ ਦਾ ਰੂਪ ਦੇਖੋ :

ਭਾਈ ਜਾਪੂ ਭਾਈ ਗੁਰਦਾਸ ਭਾਈ ਮੁਹਰਿ ਭਾਈ ਦਿਆਲ ਗੁਰੂ ਗੁਰੂ ਜਪਣਾ ॥ ਜਨਮ ਸਵਰੇ ॥ ਸੰਗਤ ਕੀ ਕਾਮਨਾ ਪੂਰੀ ਹੋਗ ॥ ਸੰਗਤ ਦਾ ਰੁਜਗਾਰ ਹੋਗ ॥ ਗੁਰੂ ਦੀ ਆਗਿਆ ਹੈਇ ਕੀਰਤਨ ਕਰਣਾ॥ ਭਲੀ ਜੁਗਤਿ ਰਹਣਾ॥ ਮਾਸੁ ਮਛੀ ਦੇ ਨੇੜੇ ਨਹਿ ਆਵਣਾ॥ ਪੂਰਬਿ ਦੀ ਸੰਗਤ ਗੁਰੂ ਦਾ ਖਾਲਸਾ ਹੈਇ॥ ਓਪਰੇਤਿ ਗੁਰੂ ਦੀ ਆਗਿਆ ਹੈਇ ਰੁਪਏ ਸਤਿ ਸਇ ਦੀ ਹੁੰਡੀ ਕਰ ਭੇਜਣੀ ॥ ਪਦਰਾਂ ਜੋੜੇ ਮੈਨੂੰ ਸਵਾਇ ਭੇਜਣੇ ॥ ਪੰਦਰਾਂ ਬਾਬੇ ਜੀਓ ਨੂੰ ਸਵਾਇ ਭੇਜਣੇ ॥ ਕੂ ਕੂ ਖਰੇ ਭਲੇ ਬਹੁਤ

ਦਮ ਪਕੜਦੇ ਹੈਨ॥ ਉਹ ਭੀ ਲੈ ਕੇ ਭੇਜਣੇ ॥

### (ਕ) ਭਾਈ ਮਨੀ ਸਿੰਘ

ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦਾ ਇਕ ਪ੍ਰਮੁੱਖ ਲੇਖਕ ਭਾਈ ਮਨੀ ਸਿੰਘ (1669- 1737 ਈ.) ਹੋਇਆ ਹੈ। ਉਸਨੇ 1699 ਈ. ਵਿਚ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਅਤੇ ਇਸ ਤੋਂ' ਪਿਛੋਂ' ਗੁਰੂ ਜੀ ਦੇ ਹੁਕਮ ਨਾਲ ਇਕ ਟਕਸਾਲ ਸ਼ੁਰੂ ਕੀਤੀ ਜਿਥੇ ਗੁਰਬਾਣੀ ਦੀ ਵਿਆਖਿਆ ਅਤੇ ਗੁਰ ਇਤਿਹਾਸ ਬਾਰੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਸੀ। ਗੁਰੂ ਜੀ ਨੇ ਆਪ ਨੂੰ 'ਗਿਆਨੀ" ਦੀ ਉਪਾਧੀ ਪ੍ਰਦਾਨ ਕੀਤੀ, ਜਿਥੋਂ ਗਿਆਨੀ ਸੰਪਰਦਾਇ ਦਾ ਆਰੰਭ ਹੋਇਆ। ਆਨੰਦਪੁਰ ਦਾ ਕਿਲ੍ਹਾ ਛੱਡਣ ਪਿਛੋਂ' ਗੁਰੂ ਜੀ ਨੇ ਆਪ ਪਾਸੋਂ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ । ਇਸੇ ਬੀੜ ਨੂੰ 1708 ਈ. ਵਿਚ ਗੁਰਿਆਈ ਦਿੱਤੀ ਗਈ । ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਆਪ ਨੇ "ਦਸਮ ਗ੍ਰੰਥ" ਦੀ ਸੰਪਾਦਨਾ ਕੀਤੀ। ਭਾਈ ਸਾਹਿਬ ਇਕ ਉੱਘੇ ਲਿਖਾਰੀ, ਸਾਖੀਕਾਰ ਅਤੇ ਟੀਕਾਕਾਰ ਸਨ। ਆਪ ਨੇ ਜਪੁਜੀ, ਸਿਧ ਗੋਸ਼ਟਿ ਅਤੇ ਓਅੰਕਾਰ ਆਦਿ ਬਾਣੀਆਂ ਦੀ ਟੀਕੇ ਵੀ ਕੀਤੇ । "ਗਿਆਨ ਰਤਨਾਵਲੀ" ਅਤੇ "ਭਗਤ ਰਤਨਾਵਲੀ" ਆਪ ਦੀਆਂ ਪ੍ਰਸਿੱਧ ਵਾਰਤਕ-ਰਚਨਾਵਾਂ ਹਨ। "ਗਿਆਨ ਰਤਨਾਵਲੀ" ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਹੈ, ਜੋ ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਦੀ "ਪਹਿਲੀ ਵਾਰ" ਦੇ ਆਧਾਰ 'ਤੇ ਲਿਖੀ ਹੈ। ਇਸ ਜਨਮਸਾਖੀ ਦੇ 225 ਪ੍ਰਸੰਗ ਹਨ, ਜਿਨ੍ਹਾਂ ਵਿਚੋਂ 7 ਪਿਛਲੇ ਗੁਰੂ ਸਾਹਿਬਾਨ ਨਾਲ ਸੰਬਧਿਤ ਹਨ ਅਤੇ ਬਾਕੀ ਸਭ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਪੇਸ਼ ਕਰਦੇ ਹਨ। ਸ਼ੈਲੀ ਦੇ ਪੱਖੋਂ ਇਹ ਕੋਈ ਕਲਾਤਮਕ ਰਚਨਾ ਨਹੀਂ ਕਹੀ ਜਾ ਸਕਦੀ । ਇਸ ਵਿਚ ਵਾਰਤਾਲਾਪੀ ਸ਼ੈਲੀ ਦਾ ਅਭਾਵ ਹੈ। ਇਸ ਰਚਨਾ ਦਾ ਭਾਸ਼ਾਈ ਜਗਤ ਬੜਾ ਵੰਨ-ਸੁਵੰਨਾ ਹੈ। ਵਿਸ਼ੇ ਦੇ ਬਦਲਣ ਨਾਲ ਬੋਲੀ ਦਾ ਰੰਗ ਵੀ ਬਦਲ ਜਾਂਦਾ ਹੈ। ਗੂੜ੍ਹ-ਗਿਆਨ ਦੇ ਪ੍ਰਗਟਾਵੇ ਸਮੇ' ਬੋਲੀ ਵੀ ਸੰਕਲਪਗਤ ਬਣ ਜਾਂਦੀ ਹੈ ਪਰ ਸਾਧਾਰਨ ਬ੍ਰਿਤਾਂਤ ਸਮੇਂ' ਬੋਲੀ ਸਰਲ ਅਤੇ ਠੇਠ ਹੋ ਜਾਂਦੀ ਹੈ। ਇਕ ਉਦਾਹਰਣ ਦੇਖੋ :

ਤਬ ਬਾਬਾ ਤੇ ਮਰਦਾਨਾ ਉਸ ਤੋਂ ਅਗੇ ਟੁਰੇ ਅਗੇ ਤਰਿਆ ਰਾਜ ਵਿਚ ਜਾਇ
ਪ੍ਰਾਪਤ ਭਏ । ਸੋ ਓਥੇ ਸਭ ਤਿਰੀਆਂ ਦਾ ਹੀ ਰਾਜ ਸੀ ਅਰ ਮਰਦਾਨਾ ਨਗਰੀ ਦੇ
ਦੇਖਣ ਨੂੰ ਗਇਆ ਤਾ ਅਗੇ ਇਕ ਇਸਤ੍ਰੀ ਨੇ ਮਰਦਾਨੇ ਨੂੰ ਛਤ੍ਰਾ ਬਨਾ ਕੇ ਬੰਨ੍
ਰਖਿਆ ਸੋ ਜਦ ਤੀਸਰਾ ਪਹਿਰ ਹੋਇਆ ਤਾ ਬਾਬਾ ਜੀ ਨੇ ਵਿਚਾਰਿਆ ਕਿ ਹੁਣ
ਤੀਕ ਮਰਦਾਨਾ ਨਹੀਂ ਆਇਆ ਸੋ ਮਰਦਾਨੇ ਨੂੰ ਦੇਖੀਏ ਤਾਂ ਬਾਬਾ ਜੀ ਦੇਖਣ ਤੋ
ਇਕ ਇਸਤੀ ਨੇ ਛਤ੍ਰਾ ਬੈਨ੍ਹ ਰਖਿਆ ਹੈ ਤਾਂ ਬਾਬੇ ਕਹਿਆ ਕਿ ਇਸ ਇਸਤ੍ਰੀ ਦੇ
ਸਿਰ ਸਾਥ ਦੇਗਚਾ ਚਮੜ ਜਾਵੈ ਸੋ ਉਸ ਦੇ ਸਿਰ ਸਾਥ ਦੇਗਚਾ ਚਮੜ ਗਇਆ
ਤਾਂ ਬਾਬੇ ਕਹਿਆ ਕਿ ਜੇ ਸਾਡੇ ਮਰਦਾਨੇ ਨੂੰ ਲਿਆਵੋਗੇ ਤਾਂ ਦੇਗਚਾ ਤੁਸਾਡੇ ਸਿਰੋਂ
ਉਤਰੇਗਾ।

"ਭਗਤ ਰਤਨਾਵਲੀ" ਜਾਂ "ਸਿੱਖਾਂ ਦੀ ਭਗਤ ਮਾਲਾ" ਭਾਈ ਮਨੀ ਸਿੰਘ ਦੀ ਦੂਜੀ ਕਿਰਤ ਹੈ। ਇਹ ਭਾਈ ਗੁਰਦਾਸ ਜੀ ਦੀ "ਗਿਆਰ੍ਹਵੀਂ ਵਾਰ" ਵਿਚ ਪੇਸ਼ ਪਹਿਲੇ ਛੇ ਗੁਰੂ ਸਾਹਿਬਾਨ ਦੇ ਲਗਪਗ 313 ਸਿੱਖਾਂ ਦੇ ਚਰਿਤਰ ਨੂੰ ਬਿਆਨ

ਕਰਨ ਵਾਲੀ ਰਚਨਾ ਹੈ। ਇਸ ਰਚਨਾ ਨੂੰ ਪਹਿਲੀ ਵਾਰ ਭਾਈ ਵੀਰ ਸਿੰਘ ਨੇ 1912 ਈ. ਵਿਚ ਪ੍ਰਕਾਸ਼ਿਤ ਕਰਵਾਇਆ ਸੀ। ਇਸ ਦੀਆਂ ਪਹਿਲੀਆਂ 120 ਸਾਖੀਆਂ ਵਿਚ ਭਾਈ ਗੁਰਦਾਸ ਦੀਆਂ 31 ਪਉੜੀਆਂ ਦਾ ਟੀਕਾ ਹੈ। ਇਸ ਤੋ' ਅੱਗੇ 10 ਸਾਖੀਆਂ ਹੋਰ ਵੀ ਮਿਲਦੀਆਂ ਹਨ। "ਭਗਤ ਰਤਨਾਵਲੀ" ਨੂੰ ਜੇ ਪੰਜਾਬੀ ਦਾ ਪਹਿਲਾ ਜੀਵਨੀ ਸੰਗ੍ਰਹਿ ਕਹਿ ਦਿੱਤਾ ਜਾਵੇ ਤਾਂ ਅਨੁਚਿਤ ਨਹੀਂ ਹੋਵੇਗਾ। (ਦੇਖੋ ਧਰਮ ਚੰਦਰ ਵਾਤਿਸ਼, "ਸਿੱਖਾਂ ਦੀ ਭਗਤਮਾਲਾ ਦਾ ਸਾਹਿਤਿਕ ਗੌਰਵ', ਖੋਜ ਪਤ੍ਰਿਕਾ, ਉਕਤ ਕਥਿਤ, ਪੰਨਾ 412) ਸਿੱਖਾਂ ਦੀ ਭਗਤਮਾਲਾ' ਦੇ ਰੂਪਾਕਾਰ ਸਬੰਧੀ ਚਰਚਾ ਕਰਦਾ ਹੋਇਆ ਡਾ. ਵਾਤਿਸ਼ ਲਿਖਦਾ ਹੈ ਕਿ ਇਹ ਰਚਨਾ ਇਕੋਂ ਸਮੇਂ' ਸਾਖੀ, ਪਰਮਾਰਥ ਜਾਂ ਟੀਕਾ, ਗੋਸ਼ਟਿ, ਰਹਿਤਨਾਮਾ, ਬਚਨ ਅਤੇ ਜੀਵਨੀ ਸਾਹਿੱਤ ਦੀ ਸਤਰੰਗੀ ਭਾਅ ਮਾਰਦੀ ਹੈ। ਇਹ ਰੂਪਕ ਪੱਖੋਂ ਆਪਣੀ ਮਿਸਾਲ ਆਪ ਹੈ। ਲੇਖਕ ਨੇ ਇਸ ਰਚਨਾ ਵਿਚ ਭਾਵ-ਪ੍ਰਕਾਸ਼ਨੀ, ਉਪਦੇਸ਼ਾਤਮਕ, ਗੋਸ਼ਟਿ, ਮਨੋਵਿਗਿਆਨਕ, ਦਾਰਸ਼ਨਿਕ ਅਤੇ ਮਿਥਿਹਾਸਕ ਆਦਿਕ ਬਹੁਤ ਸਾਰੀਆਂ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। (ਉਹੀ, ਪੰਨੇ 416-421) ਇਸ ਰਚਨਾ ਵਿਚ ਗਦ-ਸ਼ੈਲੀ ਵਧੇਰੇ ਕਲਾਤਮਕ ਗੁਣ-ਲੱਛਣ ਅਖ਼ਤਿਆਰ ਕਰ ਗਈ ਹੈ। ਮਰਦਾਨੇ ਦਾ ਉਦਾਸੀਆਂ 'ਤੇ ਜਾਣ ਸਮੇਂ ਗੁਰੂ ਜੀ ਨਾਲ ਕੀਤਾ ਬਚਨ-ਬਿਲਾਸ ਇਸ ਪ੍ਰਕਾਰ ਪੇਸ਼ ਹੋਇਆ ਹੈ :

ਜੀ ਅਸੀਂ ਧਨੀ ਲੋਕਾਂ ਨੂੰ ਰਾਗੁ ਸੁਣਾਇਕੇ ਚਾਰ ਪੈਸੇ ਲਿਆਵਦੇ ਹਾਂ। ਆਪਣੇ

ਪੁਤ ਧੀਆ ਵਿਚ ਬੈਠਿ ਕੇ ਦੁਨੀਆਂ ਦੀ ਗੁਜਰਾਨ ਕਰਦੇ ਹਾਂ ਤੇ ਪੰਜ ਵੇਲੇਂ ਨਿਮਾਜ

ਪੜਦੇ ਹਾਂ, ਤੇ ਤੀਹ ਰੋਜੇ ਅਜਾਨ ਰਖਦੇ ਹਾਂ, ਅਸਾਡਾ ਦੀਨ ਦਾ ਭਲਾ ਹੁੰਦਾ ਹੈ

ਅਤੇ ਤੂੰ ਤਾਂ ਉਦਾਸੀ ਕੀਤੀ ਚਾਹਿਨਾ ਹੈਂ'। ਅਸੀ ਜੇ ਤੇਰੇ ਨਾਲਿ ਲਗਾਂਗੇ ਤਾਂ

ਦੁਨੀਆ ਦੇ ਜੋ ਕੁਟੰਬੀ ਲੋਗ ਹੈਨ ਸੋ ਤਾ ਸਭ ਭੁਖ ਨਾਲਿ ਮਰ ਜਾਵਨਗੇ ਤੇ ਅਗੋ

ਨਿਮਾਜ ਰੋਜਾ ਭੀ ਨਾ ਹੋਵੇਗਾ। ਦੀਨ ਭੀ ਤੇ ਦੁਨੀਆ ਭੀ ਅਸਾਡੇ ਏਵੈ ਜਾਵੇਗਾ। (ਸਿੱਖਾਂ ਦੀ ਭਗਤਮ਼ਾਲਾ, ਪੰਨਾ 224-25)

### (ਖ) ਸੇਵਾਪੰਥੀ ਸੰਪਰਦਾਇ

ਸੇਵਾਪੰਥੀ ਸੰਪਰਦਾਇ ਦੀ ਸਥਾਪਨਾ ਦਾ ਇਤਿਹਾਸ ਨੌਵੇਂ ਅਤੇ ਦਸਵੇਂ ਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਨਾਲ ਵਰੋਸਾਏ ਭਾਈ ਕਨ੍ਹਈਆ ਜੀ ਤੋਂ ਸ਼ੁਰੂ ਹੁੰਦਾ ਹੈ। ਉਨ੍ਹਾਂ ਤੋਂ ਪਿਛੋਂ ਭਾਈ ਸੇਵਾ ਰਾਮ, ਭਾਈ ਅੱਡਣ ਸ਼ਾਹ ਅਤੇ ਭਾਈ ਸਹਿਜ ਰਾਮ ਜਿਹੇ ਤਪੱਸਵੀ ਅਤੇ ਨਿਸ਼ਠਾਵਾਨ ਸੰਤਾਂ ਨੇ ਸੇਵਾ ਪੰਥ ਦੀ ਰਹਿਣੀ-ਬਹਿਣੀ ਅਤੇ ਮਰਯਾਦਾ ਦੀ ਪਰੰਪਰਾ ਨਿਸ਼ਚਿਤ ਕੀਤੀ । ਸੇਵਾ ਪੰਥ ਨੇ ਸਾਹਿੱਤ ਦੇ ਖੇਤਰ ਵਿਚ ਵੀ ਬਹੁਮੁੱਲਾ ਯੋਗਦਾਨ ਪਾਇਆ। ਪਰਚੀਆਂ ਭਾਈ ਘਨ੍ਹੱਈਆ ਜੀ, ਸਾਖੀਆਂ ਭਾਈ ਅੱਡਣ ਜੀ ਕੀਆਂ ਅਤੇ ਪਰਚੀਆਂ ਭਾਈ ਸੇਵਾ ਦਾਸ, ਜੀਵਨੀ ਸਾਹਿੱਤ ਦੇ ਬੜੇ ਸੁੰਦਰ ਨਮੂਨੇ ਪੇਸ਼ ਕਰਨ ਵਾਲੀਆਂ ਰਚਨਾਵਾਂ ਹਨ। "ਪਰਚੀਆਂ ਭਾਈ ਘਨ੍ਹੱਈਆ ਜੀ" ਦੀ ਰਚਨਾ ਭਾਈ ਸਹਿਜ ਰਾਮ (1673-1768 ਈ.) ਨੇ ਕੀਤੀ । "ਪਰਚੀ ਭਾਈ ਸੇਵਾ ਦਾਸ" ਅਤੇ 'ਆਸਾਵਰੀਆਂ" ਦੀ ਰਚਨਾ ਆਪਨੇ 1739 ਤੋਂ 1752 ਦੇ ਵਿਚਕਾਰ ਕੀਤੀ । "ਸਾਖੀਆਂ ਅੱਡਣ ਜੀ ਕੀਆਂ" ਦੀ ਰਚਨਾ 1754 ਈ. ਵਿਚ ਕੀਤੀ। ਭਾਈ ਸਹਿਜ ਰਾਮ ਜੀ ਦੀਆਂ ਲਿਖਤਾਂ ਸੇਵਾਪੰਥੀ ਸੰਪਰਦਾਇ ਦੀਆਂ ਪ੍ਰਮਾਣੀਕ ਰਚਨਾਵਾਂ ਹਨ। ਇਕ ਉਦਾਹਰਣ ਦੇਖੋ :

ਭਾਈ ਘਨ੍ਹੱਈਆ ਜੀ ਅਧਿਕ ਪ੍ਰੇਮ ਕਰਿ ਕੇ ਗੁਰੂ ਜੀ ਕੇ ਚਰਨ ਜਾਇ ਚੁੰਮੇ। ਅਰੁ

ਉਸਤਤਿ ਕਰੀ । ਜੋ ਤੁਮ ਤ੍ਰਿਕਾਲ ਦਰਸੀ ਹੋ । ਅਰੁ ਤੈਗੁਨ ਅਤੀਤ ਹੋ । ਅਰੁ ਸੁਖੀ

ਲੋਗ ਹੋ। ਅਰੁ ਨਿਰੰਕਾਰ ਅਕਾਰ ਹੋ ਅਰੁ ਜੀਤ ਨਾਥ ਹੋ। ਅਰੁ ਸੈਤ ਅਵਤਾਰ ਹੋ। (ਪਰਚੀ ਭਾਈਂ ਕਨ੍ਹਈਆ ਜੀ?

ਸੰਤ ਅੱਡਣ ਸ਼ਾਹ ਦਾ ਜਨਮ 1680 ਈ. ਵਿਚ ਹੋਇਆ। ਮੁੱਢਲੀ ਵਿੱਦਿਆ ਇਕ ਉਦਾਸੀ ਸਾਧੂ ਤੋਂ ਪ੍ਰਾਪਤ ਕੀਤੀ। ਭਾਈ ਸੇਵਾ ਦਾਸ ਦੀ ਪ੍ਰੇਰਨਾ ਨਾਲ ਆਪ ਨੇ ਸੇਵਾਪੰਥ ਧਾਰਨ ਕਰ ਲਿਆ। ਭਾਈ ਅੱਡਣ ਸ਼ਾਹ ਨੇ ਆਪਣੇ ਪਿੰਡ ਲਊ (ਜ਼ਿਲ੍ਹਾ ਝੰਗ) ਸ਼ਾਹਪੁਰ ਅਤੇ ਸ਼ਾਹ ਜੀਵਣੇ ਦੇ ਇਲਾਕੇ ਵਿਚ ਆਪਣੇ ਪ੍ਰਚਾਰ ਕੇਂਦਰ ਬਣਾਏ। ਆਪ ਨੇ ਬੜੀ ਦਲੇਰੀ ਨਾਲ ਗੁਰਮਤਿ ਦਾ ਪ੍ਰਚਾਰ ਜਾਰੀ ਰੱਖਿਆ ਭਾਵੇਂ ਉਸ ਸਮੇ' ਮੁਗ਼ਲ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਦਾ ਮੁੱਲ ਪਾ ਰੱਖਿਆ ਸੀ। ਆਪ ਜੰਮੂ ਵਿਖੇ 26 ਅਪ੍ਰੈਲ 1757 ਈ. ਨੂੰ ਅੰਤਿਮ ਚਲਾਣਾ ਕਰ ਗਏ। ਆਪ ਨੇ ਪੰਜਾਬੀ ਵਾਰਤਕ ਵਿਚ ਲਿਖੀ ਗਈ ਪ੍ਰਸਿੱਧ ਰਚਨਾ "ਪਾਰਸ ਭਾਗ" ਦੀ ਰਚਨਾ ਕੀਤੀ । ਇਹ ਪੁਸਤਕ ਅਲ-ਗ਼ਜ਼ਾਲੀ ਦੇ ਜਗਤ ਪ੍ਰਸਿੱਧ ਗ੍ਰੰਥ "ਕੀਮਿਆਏ ਸਆਦਤ" ਦਾ ਖੁੱਲ੍ਹਾ ਅਨੁਵਾਦ ਹੈ। ਇਸ ਵਿਚ ਵੇਦਾਂਤ, ਸੂਫ਼ੀ ਮਤਿ, ਭਗਤੀ ਅਤੇ ਸੇਵਾ ਦੇ ਭਾਵ ਦਰਸਾਏ ਗਏ ਹਨ। ਕੁਝ ਵਿਦਵਾਨ ਭਾਈ ਅੱਡਣ ਸ਼ਾਹ ਦੀ ਬਜਾਇ ਭਾਈ ਸਹਿਜ ਰਾਮ ਨੂੰ ਇਸ ਗ੍ਰੰਥ ਦਾ ਰਚਇਤਾ ਮੰਨਦੇ ਹਨ। "ਸੰਤ ਮਾਲ" ਕ੍ਰਿਤ ਭਾਈ ਸੋਭਾ ਰਾਮ ਵਿਚ ਲਿਖਿਆ ਹੈ :

ਪਾਰਸ ਭਾਗ ਤੇ ਆਦਿ ਲੈ ਬਹੁ ਗ੍ਰੰਥਨ ਲੈ ਸਾਰ।

ਗ੍ਰੰਥ ਬਨਾਇਆ ਅਦਭੁਤ ਪਢੈ ਸੁਨੈ ਭਵ ਪਾਰ।

"ਪਾਰਸ ਭਾਗ" ਸਰਗਾਂ ਵਿਚ ਵੰਡੀ ਹੋਈ ਰਚਨਾ ਹੈ, ਜਿਨ੍ਹਾਂ ਵਿਚੋਂ ਕੁਝ ਸਰਗ ਇਹ ਹਨ : ਸੁੰਨੀ ਲੋਕਾਂ ਦੇ ਵਿਸ਼ਵਾਸ, ਪਵਿੱਤਰਤਾ ਬਾਰੇ, ਰਾਤ ਦੀ ਨਿਮਾਜ਼ ਬਾਰੇ, ਵਰਤ ਰੱਖਣ ਬਾਰੇ, ਜੱਨਤ ਬਾਰੇ, ਇਕਾਂਤ ਬਾਰੇ ਇਤਿਆਦਿ। ਇਹ ਜੀਵਨ-ਜਾਚ ਦੀ ਉੱਤਮ ਪੁਸਤਕ ਹੈ। ਇਸਦੀ ਸ਼ੈਲੀ ਦਾਰਸ਼ਨਿਕ ਅਤੇ ਵਿਆਖਿਆਤਮਕ ਹੈ। ਵਿਸ਼ਾ ਅਧਿਆਤਮਕ ਅਤੇ ਰਹੱਸਵਾਦੀ ਹੈ। ਅਲੰਕਾਰਾਂ, ਦ੍ਰਿਸ਼ਟਾਂਤਾਂ, ਰੂਪਕਾਂ ਅਤੇ ਮਿਸਾਲਾਂ ਦਾ ਬੜਾ ਸੁੰਦਰ ਪ੍ਰਯੋਗ ਹੋਇਆ ਹੈ। ਬੋਲੀ ਸੰਤ-ਭਾਖਾ ਹੈ ਅਤੇ ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਬਹੁਤ ਘੱਟ ਕੀਤਾ ਗਿਆ ਹੈ। ਦੇਖੋ :

ਤਾਂ ਤੇ ਜਾਣ ਤੂੰ ਜੋ ਸੰਤ ਜਨਹੁ ਕੇ ਵਚਨਾਂ ਵਿਖੇ ਇਹੁ ਵਚਨੁ ਪ੍ਰਸਿੱਧ ਹੈ

ਅਰੁ ਉਨਹੁ ਨੇ ਇਹੀ ਉਪਦੇਸ਼ ਕੀਆ ਹੈ ਜੋ ਹੇ ਭਾਈ ਪ੍ਰਥਮੇ ਜਬ ਤੂੰ ਆਪ ਕਉ

ਪਛਾਣਹਿ ਤਬ ਨਿਰਸੰਦੇਹ ਭਗਵੰਤ ਕਉ ਪਛਾਣਹਿਗਾ। ਇਸੀ ਪਰ ਭਗਵੰਤ ਕੀ

ਕਥਾ ਹੈ ਜੋ ਜਿਸ ਨੇ ਆਪਣੇ ਮਨ ਕਉ ਪਛਾਣਿਆ ਹੈ ਸੋ ਤਿਸ ਨੇ ਭਗਵੰਤ ਕਉ

ਪਛਾਣਿਆ ਹੈ। ਅਰੁ ਇਸ ਕੀ ਜੁਗਤਿ ਇਹੁ ਹੈ ਜੋ ਇਸ ਮਨੁੱਖ ਕਾ ਰਿਦਾ ਦਰਪਣ

ਕੀ ਨਿਆਈ ਹੈ ਤਾਂ ਤੇ ਜੋ ਪੁਰਖੁ ਇਸ ਵਿਖੇ ਬੁਧਿ ਕੀ ਦ੍ਰਿਸਟਿ ਕਰ ਦੇਖਤਾ ਹੈ

ਤਬ ਉਸ ਕਉ ਭਗਵੰਤ ਕਾ ਦਰਸਨੁ ਪ੍ਰਤਖਿ ਭਾਸਤਾ ਹੈ। (ਪਾਰਸ ਭਾਗ, ਦੂਸਰਾ ਅਧਿਆਇ, ਸਰਗ ਪਹਿਲਾ)

ਪੀਤਮ ਸਿੰਘ ਨੇ "ਪਾਰਸ ਭਾਗ" (ਸੰਪਾਦਿਤ) ਵਿਚ ਸੇਵਾ ਪੰਥੀਆਂ ਅਤੇ ਅੱਡਣਸ਼ਾਹੀ ਪਰੰਪਰਾ ਦੁਆਰਾ ਲਿਖੀਆਂ ਹੋਈਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ :

ਪਰਚੀਆਂ ਭਾਈ ਘਨ੍ਹੱਈਆ

ਪਰਚੀਆਂ ਭਾਈ ਸੇਵਾ ਦਾਸ

ਆਸਾਵਰੀਆਂ ਭਾਈ ਸੇਵਾ ਦਾਸ

ਪਰਚੀ ਭਾਈ ਅੱਡਣ ਜੀ ਕ੍ਰਿਤ ਭਾਈ ਸਹਿਜ ਰਾਮ ਜੀ

ਸਾਖੀਆਂ ਅੱਡਣ ਜੀ ਕੀਆਂ

ਵਿਵੇਕ ਸਾਰ (ਭਾਈ ਦਇਆ ਰਾਮ-ਅੱਡਣ ਸ਼ਾਹ ਪ੍ਰਸ਼ਨੌਤਰੀ)

ਪਾਰਸ ਭਾਗ

ਇਤਿਹਾਸ ਸੇਵਾ ਪੰਥ : ਭਾਈ ਸੋਭਾ ਰਾਮ ਜੀ (ਕਾਵਿ ਬੱਧ)

ਸਾਧੂ ਸਦਾ ਨੰਦ ਕ੍ਰਿਤ 10 ਟੀਕੇ ਅਤੇ ਅਨੁਵਾਦ।

**(ਗ) ਰਹਿਤਨਾਮੇ**

ਰਹਿਤਨਾਮਿਆਂ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ । ਇਨ੍ਹਾਂ ਰਹਿਤਨਾਮਿਆਂ ਰਾਹੀਂ ਸਿੱਖਾਂ ਨੂੰ ਅਧਿਆਤਮਕ ਅਤੇ ਸਮਾਜਿਕ ਮਰਯਾਦਾ ਦੇ ਨਿਯਮ ਦ੍ਰਿੜ੍ਹ ਕਰਵਾਏ ਗਏ ਹਨ। ਸਿੱਖ ਧਰਮ ਵਿਚ ਭਾਈ ਨੰਦ ਲਾਲ, ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ ਅਤੇ ਭਾਈ ਦਯਾ ਸਿੰਘ ਦੇ ਰਹਿਤਨਾਮੇ ਕਾਫ਼ੀ ਪ੍ਰਸਿੱਧ ਹਨ। ਇਨ੍ਹਾਂ ਵਿਚ ਸਿੱਧੀ ਅਤੇ ਸਪਸ਼ਟ ਭਾਸ਼ਾ ਰਾਹੀਂ ਗੁਰਸਿੱਖਾਂ ਨੂੰ ਕੁਝ ਆਦੇਸ਼ ਦਿਤੇ ਗਏ ਹਨ । ਦੇਖੋ :

(3) ਗੁਰੂ ਕਾ ਸਿੱਖ ਜੰਞੂ, ਟਿੱਕੇ ਦੀ ਕਾਣ ਨਾ ਕਰੇ। (2) ਗੁਰੂ ਕਾ ਸਿੱਖ ਮੜ੍ਹੀ, ਸਤੀ, ਮਸੀਤ, ਕਾਜ਼ੀ, ਮੁੱਲਾਂ, ਬ੍ਰਾਹਮਣ ਆਦਿਕ ਨੂੰ ਕਦੀ ਨਾ ਮੰਨੇ, ਪੂਜੇ। (ਰਹਿਤਨਾਮਾ ਭਾਈ ਚੌਪਾ ਸਿੰਘ)

(3) ਗੁਰੂ ਕਾ ਸਿੱਖ ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਕਿਤੇ ਵੱਲ ਚਿੱਤ ਦੇਵੇ ਨਾਹੀਂ। (ਗਹਿਤਨਾਸ਼ਾ ਭਾਈ ਦਯਾ ਸੰਘ) ਪ੍ਰੇਮ ਸੁਮਾਰਗ ਗ੍ਰੰਥ-ਰਹਿਤਨਾਮਿਆਂ ਦੀ ਲੜੀ ਵਿਚ 'ਪ੍ਰੇਮ ਸੁਮਾਰਗ ਗ੍ਰੰਥ" ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਗ੍ਰੰਥ ਨੂੰ ਪਿਛਲੇ ਮੁਗ਼ਲ ਕਾਲ ਦੀ ਰਚਨਾ ਮੰਨਿਆ ਹੈ। ਭਾਈ ਰਣਧੀਰ ਸਿੰਘ ਦੀ ਖੋਜ ਵੀ ਇਸ ਨੂੰ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੀ ਰਚਨਾ ਸਿੱਧ ਕਰਦੀ ਹੈ। ਇਸ ਰਚਨਾ ਦਾ ਸਾਰਾ ਪਾਠ ਦਸ ਅਧਿਆਵਾਂ ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦਾ

ਸੰਖੇਪ ਵੇਰਵਾ ਇਸ ਪ੍ਰਕਾਰ ਹੈ :

1. ਪ੍ਰਿਥਮ ਧਿਆਉ : ਪ੍ਰਾਣੀ ਦੀ ਨਿਤ-ਕਿਰਿਆ ਤੇ ਰਹਿਤ

2. ਧਿਆਉ ਦੁਤੀਆ : ਅੰਮ੍ਰਿਤ ਛਕਣ-ਛਕਾਣ ਦੀ ਵਿਧੀ

3. ਧਿਆਉ ਤ੍ਰਿਤੀਆ : ਜਨਮ ਸੰਸਕਾਰ ਵਿਧੀ

4. ਧਿਆਉ ਚਤੁਰਥ : ਆਨੰਦ ਵਿਆਹ, ਸੰਤਾਨ ਬਾਰੇ

5. ਧਿਆਉ ਪੰਚਮ : ਲੰਗਰ-ਪ੍ਰਸਾਦਿ ਆਦਿ ਦੀ ਵਿਧੀ

6. ਧਿਆਉ ਛੱਠਮ : ਨਿੱਤ ਦੀ ਕਿਰਿਆ ਤੇ ਕਾਰ-ਵਿਹਾਰ

7. ਧਿਆਉ ਸਪਤਮ : ਮ੍ਰਿਤਿਕ ਸੰਸਕਾਰ

8. ਧਿਆਉ ਅਸ਼ਟਮ : ਖ਼ਾਲਸਾ ਰਾਜ-ਵਿਧਾਨ

9. ਧਿਆਉ ਨਾਵਾਂ : ਸਿੱਖਾਂ ਦੀ ਕਿਰਤ ਕਮਾਈ ਦੀ ਵੰਡ ਤੇ

10. ਧਿਆਉ ਦਸਮ : ਸਹਜ-ਜੋਗ ਮਾਰਗ ।

ਇਸ ਗ੍ਰੰਥ ਦੇ ਲੇਖਕ ਦਾ ਕੋਈ ਨਾਮ-ਪਤਾ ਮਾਲੂਮ ਨਹੀਂ ਹੋਇਆ। ਭਾਈ ਰਣਧੀਰ ਸਿੰਘ ਦਾ ਅਨੁਮਾਨ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਕੋਈ ਨਿਕਟਵਰਤੀ ਸਿੱਖ ਹੋਵੇਗਾ। ਉਹ ਫ਼ਾਰਸੀ ਭਾਸ਼ਾ ਦਾ ਵੀ ਚੰਗਾ ਗਿਆਤਾ ਹੈ। ਇਹ ਰਚਨਾ ਹਿੰਦੀ ਰੰਗਣ ਤੋਂ ਕਾਫ਼ੀ ਮੁਕਤ ਹੈ। ਵਾਕ ਛੋਟੇ-ਛੋਟੇ, ਸਰਲ ਅਤੇ ਸਪੱਸ਼ਟ ਹਨ ।ਇਹ ਸਾਦੀ ਪਰ ਭਾਵਪੂਰਤ ਸ਼ੈਲੀ ਦਾ ਇਕ ਸੁੰਦਰ ਨਮੂਨਾ ਹੈ। ਦੇਖੋ :

ਇਸ ਪ੍ਰਾਨੀ ਕੇ ਉਧਾਰ ਕਰਨਿ ਕਾ ਸੁਨੁ : ਤਾਂ ਆਗਿਆ ਸ੍ਰੀ ਅਕਾਲ ਪੁਰਖੁ ਜੀ

ਕੀ ਹੋਈ ਹੈ, ਜੋ ਇਸ ਪ੍ਰਾਨੀ ਕਉ ਇਹੁ ਚਾਹੀਦਾ ਹੈ, ਜੋ ਪਹਰ ਰਾਤਿ ਪਿਛਲੀ

ਰਹੈ ਤਾਂ ਅੰਮ੍ਰਿਤ ਵੇਲੇ ਉਠਿ ਕਰਿ ਤਾਜੇ ਪਾਣੀ ਨਾਲਿ ਇਸਨਾਨੁ ਕਰੇ। ਅਰੁ ਜਉ

ਜਾਣੈ ਜੇ ਕਦਾਂਚ ਦੇਹੀ ਨੂੰ ਤਾਜਾ ਪਾਣੀ ਮਾਫਕ ਨਾ ਹੋਇ ਤਾਂ ਗਰਮ ਕਰਿ ਕੈ ਪਾਣੀ

ਕੇ ਸਾਥ ਨ੍ਹਾਵੈ, ਸਿਰ ਪਾਣੀ ਪਾਵੈ। (ਪਹਿਲਾ ਬਚਨ ਰਚੇਤਾ ਕਾ)

**(ਘ) ਅਨੁਵਾਦ**

ਇਸ ਕਾਲ ਵਿਚ ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੇ ਬਹੁਤ ਸਾਰੇ ਗ੍ਰੰਥਾਂ ਦਾ ਅਨੁਵਾਦ ਵੀ ਹੁੰਦਾ ਰਿਹਾ ਹੈ। ਕੁਝ ਇਕ ਪ੍ਰਮੁੱਖ ਗ੍ਰੰਥਾਂ ਦੇ ਅਨੁਵਾਦਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਬਿੰਦੂ ਸਾਰ-ਸ਼ੰਕਰਾਚਾਰਯ ਦੀ ਪ੍ਰਸਿੱਧ ਪੁਸਤਕ "ਅਪ੍ਰੌਖ ਅਨੁਭਵ" ਦਾ ਅਨੁਵਾਦ ਹੈ। ਇਹ ਰਚਨਾ ਵੇਦਾਂਤ ਦੀਆਂ ਘੁੰਡੀਆਂ ਨੂੰ ਖੋਲ੍ਹਦੀ ਹੈ। ਡਾ. ਮੋਹਨ ਸਿੰਘ ਇਸ ਨੂੰ ਕਾਮਯਾਬ ਅਤੇ ਕਿਫ਼ਾਇਤ ਵਾਲਾ ਅਨੁਵਾਦ ਮੰਨਦਾ ਹੈ। ਗੂੜ੍ਹ ਦਾਰਸ਼ਨਿਕ-ਗਿਆਨ ਨਾਲ ਸਬੰਧਿਤ ਹੋਣ ਕਾਰਨ ਇਸ ਰਚਨਾ ਦੀ ਭਾਸ਼ਾ ਕੁਝ ਔਖੀ ਹੋ ਗਈ ਹੈ।

(2) ਟੀਕਾ ਵੇਦਾਂਤ ਸਾਰ-ਇਹ ਪੋਥੀ ਵੀ ਸ਼ੰਕਰਾਚਾਰਯ ਦੀ ਇਕ ਰਚਨਾ "ਵੇਦਾਂਤ- ਸਾਰ" ਦਾ ਅਨੁਵਾਦ ਹੈ। ਵਿਸ਼ੇ ਦੇ ਅਨੁਰੂਪ ਸ਼ੈਲੀ ਕੁਝ ਕਠਿਨ ਹੋ ਗਈ ਹੈ।

(3) ਗੀਤਾ ਮਹਾਤਮ--ਇਹ ਅਨੁਵਾਦ ਛੱਜੂ ਭਗਤ ਦੇ ਨਾਮ ਨਾਲ ਸੰਬੰਧਿਤ ਹੈ । ਡਾ. ਮੋਹਨ ਸਿੰਘ ਨੇ ਇਸ ਨੂੰ ਇਕ ਸੁਆਦਲਾ ਉਲੱਥਾ ਮੰਨਿਆ ਹੈ।

(4) ਆਦਿ ਰਾਮਾਇਣ-ਸੋਢੀ ਮਿਹਰਬਾਨ ਦੁਆਰਾ ਅਨੁਵਾਦਿਤ ਇਹ ਰਚਨਾ ਮੀਣਾ ਸੰਪਰਦਾਇ ਨਾਲ ਸੰਬੰਧਿਤ ਹੈ। ਇਸ ਵਿਚ ਰਾਮਾਇਣ ਦੀਆਂ 18 ਕਥਾਵਾਂ ਦਿੱਤੀਆਂ ਹੋਈਆਂ ਹਨ।

(5) ਪੌਰਾਣਿਕ ਸਾਹਿਤ ਅਤੇ ਉਪਨਿਸ਼ਦ-ਵਿਸ਼ਨੂੰ ਪੁਰਾਣ, ਭਗਵਤ ਗੀਤਾ, ਭਾਗਵਤ ਮਹਾਂਪੁਰਾਣ ਆਦਿਕ ਪੌਰਾਣਿਕ ਸਾਹਿੱਤ ਦੇ ਅਨੁਵਾਦ ਵੀ ਕੀਤੇ ਗਏ। ਇਸੇ ਤਰ੍ਹਾਂ ਪ੍ਰਲਾਦ ਨੇ ਬਹੁਤ ਸਾਰੇ ਉਪਨਿਸ਼ਦਾਂ ਦਾ ਅਨੁਵਾਦ ਕੀਤਾ, ਜੋ 1719 ਈ. ਵਿਚ ਖ਼ਤਮ ਹੋਇਆ। ਡਾ. ਮੋਹਨ ਸਿੰਘ ਨੇ ਵਿਚ ਇਸ ਅਨੁਵਾਦ-ਕਾਰਜ ਦਾ ਉੱਲੇਖ ਕੀਤਾ ਹੈ।

(6) ਮਸਨਵੀ ਮੌਲਾਨਾ ਰੂਮੀ-"ਮਸਨਵੀ ਮੌਲਾਨਾ ਰੂਮੀ" ਕਾਵਿ ਰਚਨਾ ਹੈ ਪਰੰਤੂ ਇਸਦਾ ਅਨੁਵਾਦ ਵਾਰਤਕ ਵਿਚ ਹੈ । "ਪਾਰਸ ਭਾਗ" ਵਾਂਗ ਇਸ ਅਨੁਵਾਦ ਦੀ ਬੋਲੀ ਹਿੰਦੀ ਦੇ ਵਧੇਰੇ ਨੇੜੇ ਹੈ। ਇਸ 'ਮਸਨਵੀ" ਵਿਚ ਸੂਫ਼ੀ ਮਤਿ ਦੇ ਸਿੱਧਾਂਤਾਂ ਨੂੰ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਅਤੇ ਕੁਰਾਨ ਦੇ ਹਵਾਲੇ ਨਾਲ ਖੋਲ੍ਹਿਆ ਗਿਆ ਹੈ। ਇਸ ਨੂੰ "ਫ਼ਾਰਸੀ ਵਿਚ ਕੁਰਾਨ" ਦਾ ਰੁਤਬਾ ਦਿੱਤਾ ਗਿਆ ਹੈ। ਇਸ ਅਨੁਵਾਦ ਦੀ ਇਕ ਉਦਾਹਰਣ ਦੇਖੋ ਅਬ ਮਸਨਵੀ ਭਾਖਾ ਲਿਖਯਤੇ। ਸੁਨ ਬੰਸਰੀ ਜੋ ਕਿਆ ਕਥਾ ਕਰਤ ਹੈ। ਅਰੁ ਵਿਛੋੜੇ ਦੁਖੁ ਕਾ ਵਖਿਆਨ ਕਹਤੀ ਹੈ। ਅਰੁ ਕਰਤੀ ਹੈ ਕਿ ਜਬ ਕਾ ਬਨਿ ਸਿਉ ਕਾਟਿਆ ਹੈ। ਅਰੁ ਮੁਝ ਕਉ ਜੁਦਾ ਕੀਆ ਹੈ। ਤਬ ਤੇ ਹਮਾਰੀ ਪੁਕਾਰਿ ਸੁਨਿ ਇਸਤ੍ਰੀਆਂ ਅਰ ਪੁਰਖ ਰੁਦਨ ਕਰਤੇ ਹੈਂ । ਪਰ ਮੈਂ ਵੁਹ ਛਾਤੀ ਚਾਹਤੀ ਹੌਂ ਜੋ ਵਿਛੋੜੇ ਕੇ ਦਰਦ ਸੋਂ ਖੋਡ ਖੋਡ ਹੋਈ ਹੋਵੇ !

(7) ਸੁਖਨ ਫ਼ਕੀਰਾਂ ਦੇ-- ਮੁਸਲਮਾਨਾਂ ਵਿਚ ਪੀਰਾਂ, ਪੈਗ਼ੰਬਰਾਂ, ਵਲੀਆਂ, ਸੂਫ਼ੀਆਂ, ਦਰਵੇਸ਼ਾਂ ਅਤੇ ਫ਼ਕੀਰਾਂ ਦੇ ਅਕਵਾਲ ਜਾਂ ਅਲਫ਼ੂਜ਼ਾਤ ਸੰਭਾਲਣ ਦਾ ਬੜਾ ਰਿਵਾਜ ਹੈ। ਇਸ ਤਰ੍ਹਾਂ ਦੇ ਅਨੇਕਾਂ ਹੀ ਸੁਖਨ ਅਰਬੀ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਤੋਂ ਉਲਥਾਏ ਮਿਲਦੇ ਹਨ। ਅਜਿਹੇ ਸੁਖਨਾਂ ਦਾ ਇਕ ਬਹੁਤ ਵੱਡਾ ਖਜ਼ਾਨਾ ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ ਅਤੇ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਪਿਆ ਹੈ। ਇਨ੍ਹਾਂ ਸੁਖਨਾਂ ਵਿਚੋਂ ਇਕ ਪ੍ਰਮਾਣ ਵੇਖੋ : ਵਾਰਤਾ ਹੋਰ। ਮੌਲਾਨਾ ਰੂਮੀ ਨੇ ਕਹਿਆ ਹੈ, ਵੈਰਾਗ ਨ ਉਹ ਹੈ ਜੋ ਕਿਸੇ ਦਾ ਦੁਖਾਇਆ ਹੋਇਆ ਦੁਖੇ ਨਹੀਂ ਤੋ ਬਡੇ ਪੁਰਖਾਰਥ ਵਾਲਾ ਉਹ ਹੈ ਜਿਹੜਾ ਲਾਇਕ ਦੁਖ ਦੇਣ ਦੇ ਹੋਵੈ ਉਸ ਨੂੰ ਭੀ ਦੁਖ ਨਾ ਦੇਵੈ।

(8). ਪਾਰਸ ਭਾਗ-ਇਹ ਰਚਨਾ ਇਮਾਮ ਗ਼ਜ਼ਾਲੀ "ਇਹਯਾ-ਉਲ-ਉਲੂਮ" ਦਾ ਤਰਜਮਾ ਨਹੀਂ ਹੈ ਬਲਕਿ ਉਸ ਦੀ ਇਕ ਹੋਰ ਰਚਨਾ "ਕੀਮਿਆ- ਏ-ਸਆਦਤ" ਦਾ ਪੰਜਾਬੀ ਰੂਪ ਹੈ। ਇਸ ਪੁਸਤਕ ਦਾ ਪੰਜਾਬੀ ਅਨੁਵਾਦ ਪ੍ਰੋ. ਪ੍ਰੀਤਮ ਸਿੰਘ ਨੇ ਕੀਤਾ ਹੈ।

(9) ਯੋਗ ਵਿਸ਼ਿਸ਼ਟ- ਸੇਵਾਪੰਥੀ ਸਾਧੂ ਸੰਤਾਂ ਵੱਲੋਂ ਬਹੁਤ ਸਾਰੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਵੀ ਕੀਤੇ ਗਏ । "ਯੋਗ ਵਿਸ਼ਿਸ਼ਟ' ਦਾ ਅਨੁਵਾਦ ਭਾਈ ਅੱਡਣ ਸ਼ਾਹ ਜੀ ਨੇ ਕੀਤਾ। "ਯੋਗ ਵਿਸ਼ਿਸ਼ਟ' ਵੀ "ਪਾਰਸ ਭਾਗ" ਵਾਂਗ ਇਕ ਵੱਡ-ਆਕਾਰੀ ਰਚਨਾ ਹੈ। ਇਸ ਪੁਸਤਕ ਦੇ ਬਹੁਤ ਸਾਰੇ ਪ੍ਰਕਰਣ ਹਨ। ਹਰ ਪ੍ਰਕਰਣ ਅਗੋਂ ਕਈ ਸਰਗਾਂ ਵਿਚ ਵੰਡਿਆ ਹੋਇਆ ਹੈ। ਮੂਲ ਰੂਪ ਵਿਚ ਇਹ ਵੀ ਇਕ ਪ੍ਰਸ਼ਨੋਤਰੀ ਹੈ ਜਿਸ ਵਿਚ ਬ੍ਰਹਮ ਗਿਆਨ ਦੀਆਂ ਰਮਜ਼ਾਂ ਨੰ ਖੋਲ੍ਹਿਆ ਗਿਆ ਹੈ।ਇਸ ਅਨੁਵਾਦ ਦੀ ਭਾਸ਼ਾ ਹਿੰਦੀ ਦੇ ਬਹੁਤ ਨੇੜੇ ਹੈ। ਦੇਖੋ :-

ਹੇ ਭਗਵਾਨ ! ਜੀਵਨ ਮੁਕਤਿ ਕੀ ਸਥਿਤੀ ਕੈਸੀ ਹੈ ? ਅਰੁ ਰਾਮ ਜੀ ਕੈਸੇ ਜੀਵਨ ਮੁਕਤਿ ਹੂਏ ਹੈਂ ? ਸੋ ਆਦਿ ਤੇ ਲੇ ਕਰ ਅੰਤ ਪਰਯੰਤੁ ਸਭ ਕਹੌ। ਬਾਲਮੀਕ ਉਵਾਚ-ਹੇ ਪੁਤਰ ਯਹ ਜਗਤੁ ਜੋ ਭਾਸਤਾ ਹੈ। ਵਿਚਾਰ ਕਿਯੇ ਤੇ ਨਵਿਰਤ ਹੋ ਜਾਤਾ ਹੈ ਜੈਸੇ ਅਕਾਸ ਮੇਂ ਨੀਲਤਾ ਭਾਸਤੀ ਹੈ। ਸੋ ਭ੍ਰਮ ਕਰਕੇ ਹੈ।

(10) ਸਿੰਘਾਸਣ ਬਤੀਸੀ-ਇਹ 32 ਕਥਾਵਾਂ ਦਾ ਸੰਗ੍ਰਹਿ ਹੈ। ਇਨ੍ਹਾਂ ਕਥਾਵਾਂ ਦਾ ਅਨੁਵਾਦ ਸੋਢੀ ਹਰਿਜੀ ਨੇ ਕੀਤਾ ਹੈ। ਇਸ ਵਿਚ 32 ਪੁਤਲੀਆਂ ਰਾਜਾ ਭੋਜ ਨੂੰ ਸਿੰਘਾਸਣ ਤੇ ਬੈਠਣ ਸਮੇਂ ਰਾਜਾ ਬਿਕਰਮਾਜੀਤ ਦੀ ਨੇਕੀ, ਬੀਰਤਾ, ਬਲੀਦਾਨ, ਅਤੇ ਨਿਆਇ ਦੀਆਂ ਕਥਾਵਾਂ ਸੁਣਾਉਂਦੀਆਂ ਹਨ। ਇਨ੍ਹਾਂ ਕਥਾਵਾਂ ਵਿਚ ਰਾਜ-ਧਰਮ ਦੀ ਵਿਆਖਿਆ ਕੀਤੀ ਗਈ ਹੈ ।

# ਮੱਧਕਾਲੀਨ ਪੰਜਾਬੀ ਵਾਰਤਕ : ਪ੍ਰਵਿਰਤੀਆਂ

ਪੰਜਾਬੀ ਸਾਹਿਤ ਦਾ ਆਰੰਭ ਆਮ ਤੌਰ ਤੇ ਅੱਠਵੀਂ - ਨੌਵੀਂ ਸਦੀ ਤੋਂ ਮੰਨਿਆਂ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਨੇ 8 ਵੀਂ, 9 ਵੀਂ ਸਦੀ ਤੋਂ 1500 ਤੱਕ ਦੇ ਸਮੇਂ ਨੂੰ ਆਦਿ ਕਾਲ ਮੰਨਿਆ ਹੈ, ਪੰਰਤੂ 1501 ਤੋਂ 1850 ਈ. ਤੱਕ ਦੇ ਸਾਹਿਤ ਨੂੰ ਇੱਕ ਵੱਖਰੇ ਭਾਗ ਵਜੋਂ ਅੰਕਿਤ ਕੀਤਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਉਹਨਾਂ ਦੇ ਸਹਿਯੋਗੀਆਂ ਨੇ 983 ਈ. ਤੋਂ ਲੈ ਕੇ 1849 ਈ. ਤੱਕ ਦੇ ਸਮੇਂ ਨੂੰ ਮੱਧਕਾਲ ਆਖਿਆ ਹੈ। ਮੱਧਕਾਲੀ ਪੰਜਾਬੀ ਸਾਹਿਤ ਨੂੰ ਸਮੁੱਚੇ ਇਤਿਹਾਸ ਦਾ ਇੱਕ ਗੌਰਵਮਈ ਭਾਗ ਮੰਨਿਆ ਜਾਂਦਾ ਹੈ।ਇਸ ਕਾਲ ਵਿੱਚ ਸਾਹਿਤ ਦੀਆ ਭਿੰਨ-ਭਿੰਨ ਪ੍ਰਵਿਰਤੀਆਂ ਅਤੇ ਧਾਰਾਵਾਂ ਨੇ ਆਪਣੇ ਵਿਕਾਸ ਦੀਆਂ ਸਿਖਰਾਂ ਨੂੰ ਛੋਹ ਲਿਆ।ਇਸੇ ਕਰਕੇ ਮੱਧਕਾਲੀਨ ਪੰਜਾਬੀ ਸਾਹਿਤ ਨੂੰ 'ਸੁਨਹਿਰੀ ਕਾਲ' ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਸੂਫੀ ਕਾਵਿ ਅਤੇ ਭਗਤੀ ਧਾਰਾ ਦੀਆਂ ਪ੍ਰਵਿਰਤੀਆਂ ਤਾਂ ਆਦਿ ਕਾਲ ਵਿੱਚ ਹੀ ਪੈਦਾ ਹੋ ਗਈਆਂ ਸਨ ਪਰੰਤੂ ਉਨ੍ਹਾਂ ਨੇ ਮੱਧਕਾਲ ਵਿੱਚ ਪਹੁੰਚ ਕੇ ਹੀ ਪ੍ਰਗਤੀ ਕੀਤੀ। ਭਗਤੀ ਲਹਿਰ ਦੁਆਰਾ ਪੈਦਾ ਹੋਈ ਅਧਿਆਤਮਕ ਅਤੇ ਨਿਰਗੁਣ ਕਾਵਿ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਅਦ ਦੇ ਸਿੱਖ ਗੁਰੂ ਸਾਹਿਬਾਨ ਨੇ ਵਧੇਰੇ ਵਿਆਪਕ ਅਤੇ ਸਰਬਪੱਖੀ ਪਰਿਪੇਖ ਪ੍ਰਦਾਨ ਕੀਤਾ। ਸ਼ੇਖ ਫ਼ਰੀਦ ਜੀ ਦੁਆਰਾ ਸ਼ੁਰੂ ਕੀਤੀ ਸੂਫੀ ਕਾਵਿ ਦੀ ਪਰੰਪਰਾ ਨੂੰ ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਬੁਲ੍ਹੇ ਸ਼ਾਹ ਵਰਗੇ ਕਵੀਆਂ ਨੇ ਨਵੀਂ ਗਤੀਸ਼ੀਲਤਾ ਅਤੇ ਊਰਜਾ ਪ੍ਰਦਾਨ ਕੀਤੀ। ਲੌਕਿਕ ਪ੍ਰੇਮ, ਦੇ ਅਨੁਭਵ ਨੂੰ ਪ੍ਰਮਾਣਿਕ ਦੱਸ ਕੇ ਇੱਕ ਨਵੀਂ ਵਿਧਾ ਕਿੱਸਾ ਕਾਵਿ ਨੇ ਜਨਮ ਲਿਆ, ਜਿਸ ਨੇ ਪਰਮਾਤਮਾ ਅਤੇ ਵਿਅਕਤੀ ਦੇ ਅਧਿਆਤਮਕ ਪ੍ਰੇਮ ਦੇ ਸਮਾਨਾਂਤਰ ਪੁਰਸ਼ ਅਤੇ ਇਸਤਰੀ ਦੇ ਪ੍ਰੇਮ ਨੂੰ ਕਾਵਿ-ਬੱਧ ਕੀਤਾ। ਇਸ ਕਾਲ ਵਿੱਚ ਬੀਰਤਾ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਸਤੇ ਲੌਕਿਕ ਵਾਰਾਂ ਦੇ ਨਾਲ-ਨਾਲ ਅਧਿਆਤਮਕ ਵਾਰਾਂ ਵੀ ਰਚੀਆਂ ਜਾਂਦੀਆ ਰਹੀਆਂ। ਇਸ ਪ੍ਰਸੰਗ ਵਿੱਚ ਭਾਈ ਗੁਰਦਾਸ ਦੀਆਂ 39 ਵਾਰਾਂ ਉਲੇਖਯੋਗ ਹਨ। ਵਾਰਤਕ ਸਾਹਿਤ ਵਿੱਚ ਗੋਸ਼ਟੀ ਪਰੰਪਰਾ ਦੇ ਨਾਲ-ਨਾਲ ਜਨਮਸਾਖੀ ਸਾਹਿਤ, ਟੀਕੇ, ਰਹਿਤਨਾਮੇ ਅਤੇ ਹੁਕਮਨਾਮੇ ਆਦਿ ਨਵੇਂ ਰੂਪ ਹੋਂਦ ਵਿੱਚ ਆਏ। ਇਸ ਤਰ੍ਹਾਂ ਮੱਧਕਾਲੀਨ ਪੰਜਾਬੀ ਸਾਹਿਤ ਨੇ ਵਸਤੂ- ਸਮੱਗਰੀ ਅਤੇ ਰੂਪ-ਵਿਧਾ ਦੀ ਦ੍ਰਿਸ਼ਟੀ ਤੋਂ ਬਹੁਤ ਪ੍ਰਗਤੀ ਕੀਤੀ।

ਪੰਜਾਬੀ ਸਾਹਿਤ ਦੇ ਮੱਧਕਾਲ ਵਿੱਚ ਸੋਲਵੀਂ ਸ਼ਤਾਬਦੀ ਨੂੰ ਪੰਜਾਬੀ ਸਾਹਿਤ ਦਾ 'ਸਵਰਨ ਯੁੱਗ' ਮੰਨਿਆ ਜਾਂਦਾ ਹੈ। ਇਸ ਕਾਲ ਨੂੰ ਮੁਗਲ ਕਾਲ ਦੇ ਰੂਪ ਵਿੱਚ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਕਾਲ ਵਿੱਚ ਪੰਜਾਬ ਅਤੇ ਸਮੁੱਚਾ ਭਾਰਤ ਮੁਗਲਾਂ ਦੇ ਅਧੀਨ ਰਿਹਾ। ਉਸ ਸਮੇਂ ਦੇ ਲੋਕਾਂ ਦੀ ਸਮਾਜਿਕ, ਆਰਥਿਕ ਜਾਂ ਰਾਜਸੀ ਹਾਲਤ ਕੁੱਝ ਜਿਆਦਾ ਵਧੀਆ ਨਹੀਂ ਸੀ। ਮੱਧਕਾਲ ਦੇ ਸਾਹਿਤ ਵਿੱਚ ਬਾਕੀ ਸਾਹਿਤਕਾਰਾਂ ਨਾਲੋਂ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਸ਼੍ਰੇਸ਼ਟ ਪਦਵੀਂ ਹੈ। ਇਸ ਕਰਕੇ ਇਸ ਕਾਲ ਨੂੰ ਗੁਰੂ ਨਾਨਕ ਕਾਲ ਵੀ ਕਿਹਾ ਜਾਂਦਾ ਹੈ।ਮੱਧਕਾਲ ਦੇ ਪੰਜਾਬੀ ਸਾਹਿਤ ਦਾ ਕੋਈ ਵੀ ਵਿਸ਼ਾ ਰੂਪ ਵੰਨਗੀ ਜਾਂ ਪ੍ਰਵਿਰਤੀ ਅਜਿਹੀ ਨਹੀਂ ਸੀ ਜਿਸ ਦੇ ਚਿੰਨ੍ਹ ਜਾਂ ਪ੍ਰਮਾਣ ਸਾਨੂੰ ਇਸ ਕਾਲ ਦੇ ਪ੍ਰਾਪਤ ਸਾਹਿਤ ਵਿਚੋਂ ਦਿਖਾਈ ਨਾ ਦੇਣ। ਇਸ ਕਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1601 ਤੋਂ 1604 ਈ. ਤੱਕ ਹੋਇਆ। ਇਸ ਤਰ੍ਹਾਂ ਮੱਧਕਾਲੀਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਨਵੇਂ ਸਿਖਰਾਂ ਨੂੰ ਛੋਂਹਦਾ ਹੈ। 'ਗੁਰੂ ਨਾਨਕ ਕਾਲ ਤੋਂ ਮੁਗ਼ਲ ਕਾਲ ਦਾ ਸਮਾਂ ਲਗਭਗ ਇੱਕ ਹੀ ਹੈ। ਪਹਿਲੀ ਵਾਰ ਇੱਕ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਇਸ ਦੇਸ਼ ਵਿੱਚ ਰਾਜਸੀ ਸਥਿਰਤਾ ਕਾਇਮ ਹੋ ਗਈ।

ਬਾਬਰ ਨੇ ਮੁਗਲ ਰਾਜ ਦੀ ਨੀਂਹ ਰੱਖੀ ਸੀ। ਉਸ ਦੇ ਹਮਲਿਆਂ ਸਮੇਂ ਦੀ ਪੰਜਾਬ ਦੀ ਸਥਿਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਰਾਹੀਂ ਰੂਪਮਾਨ ਕੀਤਾ ਹੈ। ਬਾਬਰ ਆਪਣੇ ਜੀਵਨ ਦੇ ਆਰੰਭ ਤੋਂ ਹੀ ਹਿੰਦੁਸਤਾਨ ਨੂੰ ਜਿੱਤਣ ਦਾ ਇਰਾਦਾ ਰੱਖਦਾ ਸੀ। ਉਸ ਨੇ ਹਿੰਦੁਸਤਾਨ ਉੱਪਰ ਕਈ ਹਮਲੇ ਕੀਤੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਬਾਬਰ ਇੱਕ ਨਿਪੁੰਨ ਸੈਨਾਪਤੀ ਸੀ ਅਤੇ ਨਿਰਾਸ ਨਹੀਂ ਹੁੰਦਾ ਸੀ। ਉਸ ਨੇ ਆਪਣੇ ਰਾਜਕਾਲ ਵਿੱਚ ਬਹੁਤ ਸਾਰੇ ਮਹੱਲ ਬਣਾਏ।

ਉਹ ਇੱਕ ਬਹੁਤ ਚੰਗਾ ਲੇਖਕ ਵੀ ਸੀ। ਉਸ ਨੂੰ ਵਿਦਵਾਨਾਂ ਅਤੇ ਲੇਖਕਾਂ ਦੀ ਸੰਗਤ ਬਹੁਤ ਪਸੰਦ ਸੀ, ਉਹ ਬੜੇ ਧਿਆਨ ਨਾਲ ਉਹਨਾਂ ਦੀਆਂ ਗੱਲਾਂ ਸੁਣਦਾ ਸੀ। ਬਾਬਰ ਨੇ ਹਿੰਦੁਸਤਾਨੀ ਬਾਜੀਗਰਾਂ ਦੀ ਬਹੁਤ ਸਿਫਤ ਕੀਤੀ ਹੈ। ਬਾਬਰ ਤੋਂ ਬਾਅਦ ਹਮਾਯੂੰ ਜੋ ਬਾਬਰ ਦਾ ਪੁੱਤਰ ਸੀ, ਉਸ ਨੇ ਦਿੱਲੀ ਦੀ ਸੱਤਾ ਸੰਭਾਲੀ। ਹਮਾਯੂੰ ਦੇ ਸਮੇਂ ਹੋਰ ਵੀ ਕਬੀਲੇ ਬਗਾਵਤ ਕਰਦੇ ਰਹੇ ਪਰ ਉਹ ਉਹਨਾਂ ਨੂੰ ਦਬਾ ਨਾ ਸਕਿਆ। ਹਮਾਯੂੰ ਤੋਂ ਬਾਅਦ ਸ਼ੇਰਸ਼ਾਹ ਸੂਰੀ (1540-45) ਵਿੱਚ ਦਿੱਲੀ ਦੇ ਤਖਤ ਤੇ ਬੈਠਾ। ਉਸ ਨੇ ਪੰਜਾਬ, ਬੰਗਾਲ ਤੇ ਮਾਲਵੇ ਦੇ ਖੇਤਰਾਂ ਉੱਪਰ ਕਬਜਾ ਕੀਤਾ। ਸ਼ੇਰ ਸ਼ਾਹ ਸੂਰੀ ਤੋਂ ਬਾਅਦ ਉਸਦੇ ਪੁੱਤਰ ਨੇ ਸੱਤਾ ਸੰਭਾਲੀ ਪਰ ਉਹ ਯੋਗ ਸਾਸਕ ਨਹੀਂ ਸੀ। ਇਸ ਕਾਰਨ ਕਰਕੇ ਹਮਾਯੂੰ ਨੇ ਦਿੱਲੀ ਉੱਪਰ ਦੁਬਾਰਾ ਕਬਜਾ ਕਰ ਲਿਆ ਪਰ ਉਹ ਜਿਆਦਾ ਸਮਾਂ ਰਾਜ ਨਾ ਕਰ ਸਕਿਆ। ਛੇ ਮਹੀਨੇ ਬਾਅਦ ਉਸ ਦੀ ਮੌਤ ਹੋ ਗਈ। ਅਕਬਰ ਉਸ ਸਮੇਂ ਪੰਜਾਬ ਦਾ ਗਵਰਨਰ ਸੀ। ਹਮਾਯੂੰ ਤੋਂ ਬਾਅਦ ਅਕਬਰ ਨੂੰ ਹਿੰਦੁਸਤਾਨ ਦਾ ਸਮਰਾਟ ਘੋਸ਼ਿਤ ਕੀਤਾ ਗਿਆ। 'ਇਸ ਵਿੱਚ ਇਹ ਨਹੀਂ ਕਿ ਅਕਬਰ ਬਾਦਸ਼ਾਹ ਦੇ ਰਾਜਕਾਲ ਨੂੰ ਛੱਡ ਕੇ, ਬਾਕੀ ਕਾਲ ਦੇ ਬਾਦਸ਼ਾਹਾਂ ਦਾ ਰਾਜ ਹਿੰਦੂ ਧਰਮ ਅਤੇ ਜਨਤਾ ਲਈ ਬਹੁਤ ਸੁਖਾਵਾਂ ਨਹੀਂ ਸੀ, ਪਰ ਮੱਧਕਾਲ ਤੋਂ ਪਹਿਲਾਂ ਵਾਲੀ ਅਰਾਜਕਤਾ ਘੱਟ ਜ਼ਰੂਰ ਗਈ ਸੀ।

ਅਕਬਰ ਭਾਵੇਂ ਬਹੁਤਾ ਪੜ੍ਹਿਆ ਲਿਖਿਆ ਨਹੀਂ ਸੀ ਪਰ ਉਹ ਵਿਦਵਾਨਾਂ ਅਤੇ ਲੇਖਕਾਂ ਦੀ ਸੰਗਤ ਸੁਣ ਕੇ ਬਹੁਤ ਖੁਸ਼ ਹੁੰਦਾ ਸੀ। ਅਕਬਰ ਦੀ ਰਾਜਪੂਤ ਪਤਨੀ ਦੇ ਘਰ ਸਲੀਮ ਦਾ ਜਨਮ 1569 ਈ. ਵਿੱਚ ਹੋਇਆ ਸੀ। ਇਸ ਬਾਲਕ ਦਾ ਜਨਮ ਫਤਹਿਪੁਰ ਸੀਕਰੀ ਵਿੱਚ ਸ਼ੇਖ ਸਲੀਮ ਚਿਸ਼ਤੀ ਦੀਆਂ ਦੁਆਵਾਂ ਨਾਲ ਹੋਇਆ ਸੀ, ਇਸ ਕਰਕੇ ਉਸਦਾ ਨਾਮ ਵੀ ਸਲੀਮ ਰੱਖਿਆ ਗਿਆ। ਇਸ ਕਰਕੇ ਉਹ ਆਪਣਾ ਜਿਆਦਾ ਸਮਾਂ ਇਹਨਾਂ ਵਿੱਚ ਹੀ ਗੁਜ਼ਾਰਦਾ ਸੀ। ਆਪਣੇ ਜੀਵਨ ਦੇ ਅਖੀਰਲੇ ਸਮੇਂ ਵਿੱਚ ਅਕਬਰ ਨੇ ਇੱਕ ਨਵਾਂ ਧਰਮ 'ਦੀਨੇ-ਇਲਾਹੀਂ ਬਣਾਉਣ ਦੀ ਕੋਸ਼ਿਸ਼ ਵੀ ਕੀਤੀ। ਅਕਬਰ ਹਿੰਦੁਸਤਾਨ ਉੱਪਰ ਰਾਜ ਕਰਨ ਵਾਲੇ ਸ਼ਕਤੀਸ਼ਾਲੀ ਰਾਜਿਆਂ ਵਿੱਚੋਂ ਇੱਕ ਸੀ। ਸ਼ਾਹਿਜ਼ਾਦਾ ਸਲੀਮ ਜਹਾਂਗੀਰ ਦਾ ਰੂਪ ਧਾਰਨ ਕਰਕੇ 24 ਅਕਤੂਬਰ 1604 ਈ. ਨੂੰ ਤਖ਼ਤ ਤੇ ਬਿਰਾਜਮਾਨ ਹੋਇਆ। ਸ਼ੁਰੂ-ਸ਼ੁਰੂ ਵਿੱਚ ਉਸ ਨੇ ਅਕਬਰ ਦੀ ਹੀ ਨੀਤੀ ਨੂੰ ਅਪਣਾਇਆ ਉਸ ਨੇ ਐਤਵਾਰ ਅਤੇ ਮੰਗਲਵਾਰ ਨੂੰ ਸ਼ਿਕਾਰ ਕਰਨ ਦੀ ਮਨਾਹੀ ਕਰ ਦਿੱਤੀ। ਸਹਿਜ਼ਾਦਾ ਖੁਸਰੋਂ ਨੇ ਉਸ ਦੇ ਵਿਰੁੱਧ ਬਗਾਵਤ ਕਰ ਦਿੱਤੀ। ਉਸ ਨੂੰ ਇਹ ਸੂਚਨਾ ਮਿਲੀ ਕਿ ਖੁਸਰੋ ਨੂੰ ਆਸ਼ੀਰਵਾਦ ਦਿੱਤਾ। ਗੁਰੂ ਜੀ ਦਾ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਬਹੁਤ ਸਤਿਕਾਰ ਸੀ। ਪਰ ਜਹਾਂਗੀਰ ਨੇ ਆਪਣੀ ਕੱਟੜਤਾ ਤੋਂ ਕੰਮ ਲੈਂਦਿਆਂ ਉਹਨਾਂ ਨੂੰ ਸ਼ਹੀਦ ਕਰਵਾ ਦਿੱਤਾ। ਉਸ ਨੇ ਆਪਣੇ ਸ਼ਾਸ਼ਨ ਕਾਲ ਵਿੱਚ ਕੋਈ ਵਿਸ਼ੇਸ਼ ਕੰਮ ਨਹੀਂ ਕੀਤਾ ਕਿਉਂਕਿ ਉਸ ਨੇ ਰਾਜ ਦੀ ਸ਼ਾਹੀ ਵਾਗਡੋਰ ਨੂਰ ਜਹਾਨ ਨੂੰ ਸੰਭਾਲੀ ਹੋਈ ਸੀ। ਜਹਾਂਗੀਰ ਦੀ ਮੌਤ ਤੋਂ ਬਾਅਦ ਸ਼ਹਿਜ਼ਾਦਾ ਖੁਰਮ, ਸ਼ਾਹ ਜਹਾਨ ਦੀ ਉਪਾਧੀ ਧਾਰਨ ਕਰਕੇ ਦਿੱਲੀ ਦੇ ਤਖ਼ਤ ਉਪਰ ਬੈਠਾ। ਉਸ ਸਮੇਂ ਪੰਜਾਬ ਦੇ ਸੂਬੇਦਾਰ ਨੇ ਗੁਰੂ ਹਰਗੋਬਿੰਦ ਸਾਹਿਬ ਉਪਰ ਹਮਲੇ ਕੀਤੇ ਪਰ ਇਥੇ ਉਸ ਨੂੰ ਮੂੰਹ ਦੀ ਖਾਣੀ ਪਈ ਸਾਹਜਹਾਨ ਨੇ ਲਗਭਗ 30 ਵਰ੍ਹੇ ਦਿੱਲੀ ਦੇ ਤਖ਼ਤ ਉਪਰ ਰਾਜ ਕੀਤਾ।ਆਪਣੇ ਚਾਰਾਂ ਪੁੱਤਰਾਂ ਵਿਚੋਂ ਦਾਰਾ ਸ਼ਿਕੋਹ ਨੂੰ ਵਧੇਰੇ ਪਸੰਦ ਕਰਦਾ ਸੀ। ਉਹ ਉਸ ਨੂੰ ਦਿੱਲੀ ਦੇ ਤਖ਼ਤ ਉੱਪਰ ਬਿਠਾਉਂਣਾ ਚਾਹੁੰਦਾ ਸੀ, ਪਰ ਔਰੰਗਜੇਬ ਨੇ ਅਜਿਹਾ ਨਹੀਂ ਹੋਣ ਦਿੱਤਾ ਅਤੇ ਆਪਣੇ ਤਿੰਨੇ ਭਰਾਵਾਂ ਨੂੰ ਹਰਾ ਕੇ 1659 ਈ. ਵਿੱਚ ਦਿੱਲੀ ਦੇ ਤਖ਼ਤ ਉੱਪਰ ਕਬਜਾ ਕਰ ਲਿਆ। ਔਰੰਗਜ਼ੇਬ ਦੇ ਰਾਜ ਦੇ ਪਹਿਲੇ ਦਸ ਸਾਲ ਰਾਜਨੀਤਿਕ ਅਤੇ ਰਾਜਸੀ ਦ੍ਰਿਸ਼ਟੀ ਤੋਂ ਬਹੁਤ ਸਫ਼ਲ ਮੰਨੇ ਜਾਂਦੇ ਹਨ। ਉਸ ਦੇ ਸਿੱਖਾਂ ਨਾਲ ਸੰਬੰਧ ਕਾਫ਼ੀ ਮਾੜੇ ਸਨ। 'ਬਾਦਸ਼ਾਹ ਜਹਾਂਗੀਰ ਦੁਆਰਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਔਰੰਗਜ਼ੇਬ ਦੁਆਰਾ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ-ਚਾਂਦਨੀ ਚੌਂਕ ਵਿੱਚ ਕੀਤਾ ਗਿਆ ਕਤਲ ਕੁਝ ਅਜਿਹੀਆਂ ਅਮਾਨਵੀ ਘਟਨਾਵਾਂ ਹਨ, ਜਿਨ੍ਹਾਂ ਨੇ ਸ਼ਾਂਤਮਈ ਸਿੱਖ ਭਗਤੀ ਅੰਦੋਲਨ ਨੂੰ ਵਿਦਰੋਹ ਵਿੱਚ ਬਦਲ ਦਿੱਤਾ।

ਇਹ ਮੁਸਲਮਾਨ ਹਮਲਾਵਰ ਸਿਰਫ਼ ਰਾਜੇ ਬਣ ਕੇ ਹੀ ਨਾ ਆਏ ਬਲਕਿ ਆਪਣੇ ਨਾਲ ਆਪਣਾ ਸੱਭਿਆਚਾਰ ਅਤੇ ਚਿੰਤਨ ਵੀ ਲੈ ਕੇ ਆਏ। 'ਸਾਮੀ ਅਤੇ ਭਾਰਤੀ ਚਿੰਤਨ ਨਾਲ ਜੁੜੇ ਮਾਨਵਵਾਦੀ ਭਗਤਾਂ, ਸੂਫ਼ੀਆਂ ਅਤੇ ਬਾਣੀਕਾਰਾਂ ਨੇ ਇੱਕ ਦੂਸਰੇ ਨਾਲ ਟੱਕਰ ਦੀ ਭਾਵਨਾ ਤੋਂ ਮੁਕਤ ਹੋ ਕੇ ਇੱਕ ਦੂਸਰੇ ਦੇ ਵਿਚਾਰਾਂ ਨੂੰ ਸਮਝਣ ਅਤੇ ਪਛਾਣਨ ਪ੍ਰਤਿ

ਕਿਰਿਆਸ਼ੀਲਤਾ ਦਿਖਾਈ। ਇਹ ਕਿਰਿਆਸ਼ੀਲਤਾ ਹੀ ਉਹ ਧਰਾਤਲ ਬਣੀ ਜਿੱਥੋਂ ਵਿਚਾਰਧਾਰਕ ਅਤੇ ਸਭਿਆਚਾਰਕ ਸੰਸਲੇਸ਼ਣ ਦੀ ਯਾਤਰਾ ਸ਼ੁਰੂ ਹੋਈ।

ਦੋ ਵਿਭਿੰਨ ਚਿੰਤਨ ਇੱਕ ਦੂਜੇ ਦੇ ਨੇੜੇ ਆਏ, ਵਿਚਾਰ ਦਾ ਸੰਜੋਗ ਹੋਇਆ ਅਰਤਾਂ ਇਹਨਾਂ ਨੇ ਇੱਕ ਦੂਜੇ ਨੂੰ ਪ੍ਰਭਾਵਿਤ ਕੀਤਾ। ਇਸ ਦੇ ਕਾਰਨ ਵਿਚਾਰਧਾਰਕ ਨੇੜਤਾ, ਸਭਿਆਚਾਰਕ ਆਦਾਨ ਪ੍ਰਦਾਨ ਨੇ ਹੀ ਉਸ ਸੰਸਲੇਸ਼ਣ ਨੂੰ ਸਾਕਾਰ ਕੀਤਾ। ਇਸ ਕਿਰਿਆਸ਼ੀਲਤਾ ਨਾਲ ਭਗਤ ਆਤਮਾਵਾਂ ਵਿੱਚ ਟਕਰਾਓ ਦੀ ਥਾਂ ਮੇਲ ਮਿਲਾਪ ਵਧਿਆ ਇੱਕ ਦੂਸਰੇ ਨੂੰ ਸ਼ੁੱਧ ਭਾਵਨਾ ਨਾਲ ਅਪਣਾਇਆ, ਜਿਸ ਦੇ ਸਦਕਾ ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੇ ਸਰੋਕਾਰ ਇੱਕ ਦੂਜੇ ਦੇ ਪੂਰਕ ਹਨ। ਭਾਰਤ ਵਿੱਚ ਸੁਲਤਾਨ ਮਹਿਮੂਦ ਦੇ ਹਮਲਿਆਂ ਸਮੇਂ ਤੋਂ ਹੀ ਬਹੁਤ ਸਾਰੇ ਮੁਸਲਮਾਨ ਬਾਹਰੋਂ ਆ ਕੇ ਆਬਾਦ ਹੋਣੇ ਸ਼ੁਰੂ ਹੋ ਗਏ ਸਨ। ਇਥੇ ਹੀ ਉਹਨਾਂ ਨੇ ਵਿਆਹ ਸ਼ਾਦੀਆਂ ਕਰ ਲਈਆਂ ਅਤੇ ਉਹ ਆਪਣੇ ਆਪ ਨੂੰ ਪੱਕੇ ਭਾਰਤੀ ਮੁਸਲਮਾਨ ਸਮਝਣ ਲੱਗ ਪਏ। ਮੁਸਲਮਾਨ ਸਮਾਜ ਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ ਉੱਪਰਲੀ ਸ਼੍ਰੇਣੀ, ਧਾਰਮਿਕ ਸ਼੍ਰੇਣੀ ਅਤੇ ਆਮ ਲੋਕ। ਇਸ ਉਪਰਲੀ ਸ਼੍ਰੇਣੀ ਵਿੱਚ ਰਾਜ ਸੱਤਾਧਾਰੀ ਸ਼੍ਰੇਣੀ ਦੇ ਲੋਕ ਸ਼ਾਮਿਲ ਸਨ। ਮੱਧ ਸ਼੍ਰੇਣੀ ਵਿੱਚ ਜਿੰਮੀਦਾਰ, ਸੈਨਿਕ, ਵਪਾਰੀ, ਵਿਦਵਾਨ, ਲਿਖਾਰੀ, ਦਰਮਿਆਨਾਂ ਅਤੇ ਛੋਟਾ ਪ੍ਰਬੰਧਕੀ ਅਮਲਾ ਸ਼ਾਮਿਲ ਸਨ। ਆਮ ਲੋਕਾਂ ਵਿਚੋਂ ਬਹੁਤ ਸਾਰੇ ਉਹ ਲੋਕ ਆਉਂਦੇ ਸਨ, ਜੋ ਹਿੰਦੂਆਂ ਤੋਂ ਮੁਸਲਮਾਨ ਬਣ ਗਏ ਸਨ। 'ਸੁਲਤਾਨ ਅਤੇ ਰਈਸ ਸ਼੍ਰੇਣੀਆਂ ਨੇ ਆਪਣੇ-ਆਪਣੇ ਢੰਗ ਨਾਲ ਰਾਜਸੀ, ਸੱਭਿਆਚਾਰ, ਆਰਥਿਕ ਅਤੇ ਧਾਰਮਿਕ ਖੇਤਰਾਂ ਵਿੱਚ ਬੜਾ ਮਹੱਤਵਪੂਰਨ ਪ੍ਰਭਾਵ ਪਾਇਆ ਸੀ। ਹਿੰਦੂ ਅਤੇ ਮੁਸਲਮ ਵਸੋਂ ਵਾਲੇ ਇਸ ਦੇਸ਼ ਵਿੱਚ ਕੱਟੜ ਪੰਥੀ ਉਲਮਾ ਦਾ ਪ੍ਰਤੱਖ ਰੂਪ ਵਿੱਚ ਪ੍ਰਭਾਵ ਪੈਣਾ ਸੁਭਾਵਿਕ ਸੀ। ਰਈਸ ਵਰਗ ਦਾ ਸਮਾਜਕ ਅਤੇ ਸੱਭਿਆਚਾਰਕ ਜੀਵਨ ਵਿੱਚ ਕਈ ਪੱਖਾਂ ਤੋਂ ਵਾਧਾ ਕਰਨਾ ਰਈਸਾਂ ਦੀ ਇੱਕ ਅਣਮੁੱਲੀ ਦੇਣ ਸੀ।ਪ੍ਰਾਚੀਨ ਹਿੰਦੂ ਸਮਾਜ ਦੀ ਸਭ ਤੋਂ ਮਹੱਤਵਪੂਰਨ ਸੰਸਥਾ ਜਾਤੀ ਪ੍ਰਥਾ ਸੀ। ਇਸ ਅਨੁਸਾਰ ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ, ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸੂਦਰ। ਹਿੰਦੂ ਸਮਾਜ ਵਿੱਚ ਮੁੱਖ ਰੂਪ ਨਾਲ ਤਿੰਨ ਮੌਕਿਆਂ ਦੀਆਂ ਰਸਮਾਂ ਭਾਵ ਜਨਮ, ਵਿਆਹ ਅਤੇ ਮੌਤ ਮੁੱਖ ਸਨ।

'ਮੱਧ ਕਾਲੀਨ ਯੁੱਗ ਵਿੱਚ ਇਸਤ੍ਰੀਆਂ ਸੁਤੰਤਰਤਾ ਨਾਲ ਬਾਹਰ ਨਹੀਂ ਸੀ ਘੁੰਮ ਸਕਦੀਆਂ ਜਿਵੇਂ ਕਿ ਅੱਜ। ਉਸ ਸਮੇਂ ਹਿੰਦੂ ਔਰਤ ਨੂੰ ਆਪਣੇ ਪਤੀ ਉੱਤੇ ਹੀ ਨਿਰਭਰ ਕਰਨਾ ਪੈਂਦਾ ਸੀ। ਭਾਵੇਂ ਪਰਿਵਾਰਕ ਮਾਮਲਿਆਂ ਵਿੱਚ ਅੰਤਿਮ ਫ਼ੈਸਲਾ ਕਰਨ ਉੱਤੇ ਮਨੁੱਖ ਆਪਣਾ ਅਧਿਕਾਰ ਸਮਝਦਾ ਸੀ ਪਰ ਸਭ ਮਾਮਲਿਆਂ ਵਿੱਚ ਔਰਤਾਂ ਦੀ ਸਲਾਹ ਬਹੁਤ ਹੀ ਮਹੱਤਵਪੂਰਣ ਹੁੰਦੀ ਸੀ।ਮੱਧਕਾਲ ਵਿੱਚ ਇੱਕ ਹੋਰ ਧਰਮ ਨੇ ਆਪਣੀ ਹੋਂਦ ਬਣਾਈ ਇਹ ਧਰਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਇਆ। ਸਿੱਖ ਸਾਮਰਾਜ ਵਿੱਚ ਗੁਰੂਆਂ, ਭਗਤਾਂ ਅਤੇ ਫਕੀਰਾਂ ਨੇ ਬਹੁਤ ਸਾਰੀਆਂ ਰਚਨਾਵਾਂ ਨਾਲ ਯੋਗਦਾਨ ਪਾਇਆ। ਲੋਕ ਮੁਸਲਮ ਅਤੇ ਹਿੰਦੂ ਸਾਮਰਾਜ ਦੀਆਂ ਸਮੱਸਿਆਵਾਂ ਤੋਂ ਦੁੱਖੀ ਹੋ ਕੇ ਸਿੱਖ ਸਾਮਰਾਜ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ।

ਉਪਰੋਕਤ ਚਰਚਾ ਤੋਂ ਪਤਾ ਚੱਲਦਾ ਹੈ ਕਿ ਸੱਭਿਆਚਾਰ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਮੁਸਲਮਾਨ ਅਤੇ ਹਿੰਦੂਆਂ ਦੇ ਨਾਲ-ਨਾਲ ਨਵਉਚਿਤ ਸਿੱਖ ਧਰਮ ਵੀ ਇੱਕ ਸ਼ਕਤੀਸ਼ਾਲੀ ਧਿਰ ਬਣ ਕੇ ਉਭਰ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਧਰਮ ਦੇ ਲੋਕ ਸਿੱਖ ਬਣਨ ਨੂੰ ਤਰਜੀਹ ਦੇ ਰਹੇ ਸਨ। ਅਜਿਹੀਆਂ ਰੁਚੀਆਂ ਦੀ ਸੂਚਨਾ ਮੱਧਕਾਲੀਨ ਸਾਹਿਤ ਵਿੱਚ ਦੇਖੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ।

ਮੱਧਕਾਲੀਨ ਪੰਜਾਬੀ ਸਾਹਿਤ ਦੇ ਇੱਕ ਵਿਸ਼ੇਸ਼ ਕਾਲ-ਖੰਡ ਗੁਰੂ ਨਾਨਕ ਕਾਲ ਦੇ ਗੌਰਵ ਅਤੇ ਪ੍ਰਾਪਤੀਆਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਜੀਤ ਸਿੰਘ ਸੀਤਲ ਨੇ ਬਿਲਕੁਲ ਠੀਕ ਕਿਹਾ ਹੈ ਕਿ ਇਹ ਕਾਲ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਹੀ ਸੋਨ-ਸੁਨਿਹਰੀ ਕਾਲ ਨਹੀਂ ਬਲਕਿ ਪੰਜਾਬੀ ਸਭਿਅਤਾ, ਪੰਜਾਬੀ ਕੌਮੀਅਤ ਅਤੇ ਪੰਜਾਬੀ ਧਰਮ ਦੇ ਪੁਨਰ-ਜਨਮ ਦਾ ਕਾਲ ਹੈ। ਪੰਜਾਬ ਨੇ ਪਹਿਲੀ ਵਾਰ ਅਣਖ, ਗੌਰਵ ਅਤੇ ਅਮਲੀ ਆਚਰਣ ਨੂੰ ਜਨਮ ਦਿੱਤਾ। ਪਹਿਲੀ ਵਾਰ 'ਘਰ ਘਰ ਅੰਦਰਿ ਧਰਮਸਾਲ ਹੋ ਗਈ, ਘਰ-ਘਰ ਗੁਰੂ ਦਾ ਸ਼ਬਦ ਗਾਇਆ ਅਤੇ ਸਤਿ ਕਰਤਾਰ ਦਾ ਨਾਮ

ਜਪਿਆ, ਸਿਮਰਿਆ ਜਾਣ ਲੱਗਾ। 'ਖਤਰੀਆ ਤਾ ਧਰਮ ਛੋਡਿਆ ਮਲੇਛ (ਫ਼ਾਰਸ਼ੀ ਭਾਸ਼ਾ) ਭਾਖਿਆ ਰਾਹੀਂ ਦੇ ਉਲਟ ਪੰਜਾਬੀਆਂ ਦਾ ਧਰਮ ਵਧਣ-ਫੁੱਲਣ ਲੱਗਾ ਅਤੇ ਪੰਜਾਬ ਦੀ ਆਪਣੀ ਭਾਸ਼ਾ ਵਿੱਚ ਸਾਹਿਤ ਰਚਿਆ, ਸੁਣਿਆ ਅਤੇ ਪੜਿਆ ਜਾਣ ਲੱਗਾ।ਮੱਧਕਾਲੀਨ ਯੁਗ ਵਿੱਚ ਵਿਗਿਆਨ ਅਤੇ ਤਕਨਾਲੋਜੀ ਵਿਕਸਿਤ ਨਹੀਂ ਸਨ ਹੋਏ। ਇਸ ਲਈ ਵਿਅਕਤੀ, ਪ੍ਰਕ੍ਰਿਤੀ ਦੇ ਵੱਖ-ਵੱਖ ਰੂਪਾਂ ਬਾਰੇ ਬੜੀ ਅਧੂਰੀ ਜਿਹੀ ਜਾਣਕਾਰੀ ਰੱਖਦਾ ਸੀ। ਚੰਦਰਮਾ, ਸੂਰਜ, ਪ੍ਰਿਥਵੀ ਦੀ ਗਤੀ, ਹਵਾ, ਰੁੱਤਾਂ ਅਤੇ ਅਗਨੀ ਆਦਿ ਪ੍ਰਾਕ੍ਰਿਤਿਕ ਸ਼ਕਤੀਆਂ ਜਾਂ ਰੂਪਾਂ ਨੂੰ ਉਹ ਦੇਵੀ-ਦੇਵਤੇ ਸਮਝ ਕੇ ਇਨ੍ਹਾਂ ਦੀ ਪੂਜਾ ਕਰਦਾ ਸੀ। ਹੌਲੀ-ਹੌਲੀ ਉਸ ਨੂੰ ਇਹ ਵੀ ਸਮਝ ਆ ਗਈ ਕਿ ਪ੍ਰਕ੍ਰਿਤੀ ਦੀਆਂ ਇਹ ਸਾਰੀਆਂ ਸ਼ਕਤੀਆਂ ਬਿਲਕੁੱਲ ਉਸੇ ਤਰ੍ਹਾਂ ਇੱਕ ਹੋਰ ਮਹਾਨ ਸ਼ਕਤੀ ਦੇ ਅਧੀਨ ਹਨ, ਜਿਵੇਂ ਵੱਖ-ਵੱਖ ਜਾਗੀਰਦਾਰ ਇੱਕ ਬਾਦਸ਼ਾਹ ਜਾਂ ਵੱਡੇ ਰਾਜੇ ਦੇ ਅਧੀਨ ਹੁੰਦੇ ਹਨ। ਇਸ ਮਹਾਨ ਸ਼ਕਤੀ ਨੂੰ ਰੱਬ ਜਾਂ ਪਰਮਾਤਮਾ ਦਾ ਨਾਮ ਦੇ ਕੇ ਉਸ ਦੀ ਅਰਾਧਨਾ ਕੀਤੀ ਜਾਣ ਲੱਗੀ। ਰੱਬ ਨੂੰ ਮਨੁੱਖੀ ਸਰੂਪ ਦਾ ਸਿਰਜਕ, ਪਾਲਕ ਅਤੇ ਵਿਨਾਸ਼ਕ ਮੰਨਿਆ ਗਿਆ। ਚੰਗੀਆਂ ਕਦਰਾਂ ਕੀਮਤਾਂ ਦੀ ਪਾਲਣਾ ਅਤੇ ਸ਼ੁਭ ਕਰਮਾਂ ਨੂੰ ਮਨੁੱਖੀ ਜੀਵਨ ਦੀ ਸਫ਼ਲਤਾ ਅਤੇ ਪ੍ਰਮਾਣਿਕਤਾ ਦਾ ਨਾਮ ਦਿੱਤਾ ਗਿਆ। ਇਉਂ ਮੱਧਕਾਲ ਵਿੱਚ ਮਨੁੱਖ ਦੀ ਦ੍ਰਿਸ਼ਟੀ ਲੋਕਿਕ ਹੋਂਦ ਦੀ ਬਜਾਇ ਪਰਾਲੋਕਿਕ ਬਣੀ ਰਹੀ ਹੈ। ਇਸ ਤਰ੍ਹਾਂ ਪਰਾਲੌਕਿਕ ਸਰੋਕਾਰ ਵੀ ਮੱਧਕਾਲ ਵਿੱਚ ਰਚੇ ਗਏ ਸਮੁੱਚੇ ਸਾਹਿਤ ਰੂਪਾਂ ਦੀ ਕੇਂਦਰੀ ਇਕਾਈ ਬਣੇ ਰਹੇ ਹਨ ਇਸ ਯੁੱਗ ਵਿੱਚ ਪੈਦਾ ਹੋਇਇਆ ਸਾਹਿਤ ਅਨੁਭਵ, ਵਿਚਾਰਧਾਰਾ, ਬ੍ਰਿਤਾਂਤ-ਵਿਧੀਆਂ ਅਤੇ ਸ਼ੈਲੀ-ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਕੁੱਝ ਸਾਂਝੇ ਆਧਾਰ-ਸਤੰਭਾ ਅਤੇ ਸਰਬ-ਪ੍ਰਵਾਨਿਤ ਪ੍ਰਤਿਮਾਨਾਂ ਉਪਰ ਟਿਕਿਆ ਹੋਇਆ ਹੈ। ਉਂਝ ਤਾਂ ਹਰ ਲੇਖਕ ਪਰੰਪਰਾ ਨੂੰ ਨਵਾਂ ਵਿਸਤਾਰ ਦੇਣ ਦੀ ਸੂਰਤ ਵਿੱਚ ਵਿਸ਼ੇਸ਼ ਅਤੇ ਵਿਲੱਖਣ ਹੁੰਦਾ ਹੈ ਪਰ ਫਿਰ ਵੀ ਇਸ ਕਾਲ ਵਿੱਚ ਰਚਨਾਸ਼ੀਲ ਰਹੇ ਲੇਖਕਾਂ ਦੇ ਭਾਵਬੋਧ ਅਤੇ ਅਭਿਵਿਅਕਤੀ ਕਲਾ ਵਿੱਚ ਕਾਫੀ ਸਾਂਝੇ ਗੁਣ ਤੱਤ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ।

**ਪਰਲੋਕਮੁਖੀ ਪ੍ਰਵਿਰਤੀ**

ਮੱਧਕਾਲ ਦੇ ਲੇਖਕ ਇਸ ਲੋਕ ਭਾਵ ਮਾਤ ਲੋਕ ਨਾਲੋਂ ਪਰਲੋਕ ਨੂੰ ਵਧੇਰੇ ਮਹੱਤਵਯੋਗ ਅਤੇ ਸਾਰਥਿਕ ਮੰਨਦੇ ਹਨ। ਇਨ੍ਹਾਂ ਦੀ ਨਜ਼ਰ ਵਿੱਚ ਇਸ ਲੋਕ ਨੂੰ ਪਰਲੋਕ ਵਿੱਚ ਉਜਲੇ ਮੁੱਖ ਨਾਲ ਜਾਣ ਵਾਸਤੇ ਇੱਕ ਕਰਮਸ਼ਾਲਾ ਮੰਨਦੇ ਹਨ। ਇਸ ਲਈ ਹਰ ਵਿਅਕਤੀ ਨੂੰ ਕੋਈ ਕਰਮ ਕਰਨ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਉਸ ਦੁਆਰਾ ਕੀਤਾ ਕਰਮ ਪਰਲੋਕ ਜਾਣ ਸਮੇਂ ਉਸਦਾ ਸਹਾਈ ਹੋਵੇਗਾ ਜਾਂ ਨਹੀਂ। ਪ੍ਰਭੂ ਨੇ ਵਿਅਕਤੀ ਨੂੰ ਇਸ ਜਗਤ ਵਿੱਚ ਤਾਂ ਹੀ ਭੇਜਿਆ ਹੈ ਕਿ ਉਹ ਸਿਮਰਨ ਅਤੇ ਭਗਤੀ ਆਦਿ ਵਿਧੀਆਂ ਦੁਆਰਾ ਆਪਣੀ ਜੀਵਨ ਯਾਤਰਾ ਨੂੰ ਸਫ਼ਲ ਬਣਾ ਲਵੇ। ਸੂਫ਼ੀ ਕਵਿਤਾ, ਗੁਰਬਾਣੀ ਅਤੇ ਕਿੱਸਾ ਕਾਵਿ- ਇਸ ਕਾਲ ਦੀਆਂ ਸਾਰੀਆਂ ਪ੍ਰਮੁੱਖ ਕਾਵਿ-ਧਾਰਾਵਾਂ ਵਿੱਚ ਇਹੀ ਸੰਦੇਸ਼ ਬਾਰ-ਬਾਰ ਗੂੰਜਦਾ ਰਿਹਾ ਹੈ:-

ਇਕ ਰੋਜ਼ ਜਹਾਨੋ ਜਾਣਾ ਹੈ,

ਜਾ ਕਬਰੇ ਵਿੱਚ ਸਮਾਣਾ ਹੈ,

ਤੇਰਾ ਗੋਸ਼ਤ ਕੀੜਿਆਂ ਖਾਣਾ ਹੈ।

ਕਰ ਚੇਤਾ ਮਨੋਂ ਵਿਸਾਰ ਨਹੀਂ।

ਗੁਰਮਤਿ ਕਾਵਿ ਧਾਰਾ ਵਿੱਚ ਵੀ ਵਿਅਕਤੀ ਨੂੰ ਜਗਤ ਦੇ ਨਾਸ਼ਮਾਨ ਸਰੂਪ ਨਾਲੋਂ ਮੋਹ ਤੋੜ ਕੇ ਅਧਿਆਤਮਕ ਜਗਤ ਵੱਲ ਉਨਮੁੱਖ ਹੋਣ ਦੀ ਪ੍ਰੇਰਣਾ ਕੀਤੀ ਗਈ ਹੈ। ਮਨੁੱਖ ਨੂੰ ਸਾਵਧਾਨ ਕੀਤਾ ਗਿਆ ਹੈ ਕਿ ਇਸ ਲੋਕ ਵਿੱਚ ਆਉਣ ਦਾ ਮੁੱਖ ਪ੍ਰਯੋਜਨ ਪ੍ਰਮਾਤਮਾ ਦਾ ਸਿਮਰਨ ਕਰਕੇ ਜਨਮ-ਮਰਨ ਦੇ ਬੰਧਨਾ ਤੋਂ ਸਦਾ ਲਈ ਛੁਟਕਾਰਾ ਪਾ ਲੈਣਾ ਹੈ:

ਭਾਈ ਪਰਾਪਤਿ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਅਵਰਿ ਕਾਜ ਤੇਰੈ ਕਿਤੈ ਨ ਕਾਮ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥

ਸਰੰਜਾਮਿ ਲਾਗੁ ਭਵਜਲ ਤਰਨ ਕੈ॥

ਜਨਮੁ ਬ੍ਰਿਥਾ ਜਾਤ ਰੰਗ ਮਾਇਆ ਕੈ॥ ਰਹਾਉ॥

(ਆਸਾ ਮਹਲਾ ੫)

### ਪ੍ਰਭੂ ਦੀ ਸ਼ਰਵਸ਼ਕਤੀਮਾਨਤਾ ਨੂੰ ਮੰਨਣ ਦੀ ਪ੍ਰਵਿਰਤੀ

ਮੱਧਕਾਲ ਦੀਆਂ ਸਾਹਿਤਿਕ ਪਰੰਪਰਾਵਾਂ ਦਾ ਇੱਕ ਹੋਰ ਸਾਂਝਾ ਲੱਛਣ ਪ੍ਰਭੂ ਦੀ ਸਰਵੁੱਚਤਾ, ਸਰਵ-ਸ਼ਕਤੀਮਾਨਤਾ ਅਤੇ ਨਿਰੰਕੁਸ਼ਤਾ ਹੈ। ਇਨ੍ਹਾਂ ਪਰੰਪਰਾਵਾਂ ਵਿੱਚ ਪ੍ਰਭੂ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਅਤੇ ਸੰਚਾਲਕ ਮੰਨਿਆ ਗਿਆ ਹੈ। ਉਸੇ ਦੇ ਹੁਕਮ ਨਾਲ ਜੀਵ ਇਸ ਦੁਨੀਆਂ ਵਿੱਚ ਜਨਮ ਲੈਂਦੇ ਹਨ, ਕਾਰ-ਵਿਹਾਰ ਕਰਦੇ ਹਨ ਅਤੇ ਉਸੇ ਦੇ ਹੁਕਮ ਨਾਲ ਇਸ ਦੁਨੀਆਂ ਨੂੰ ਛੱਡ ਕੇ ਚਲੇ ਜਾਂਦੇ ਹਨ। ਸਾਰੀ ਦੁਨੀਆਂ ਦੇ ਜੀਵ ਅਤੇ ਪ੍ਰਕ੍ਰਿਤਕ ਸ਼ਕਤੀਆਂ ਉਸ ਪ੍ਰਭੂ ਦੇ ਹੁਕਮ ਦੀ ਪਾਲਣਾ ਕਰ ਰਹੀਆਂ ਹਨ। ਪ੍ਰਭੂ ਦੀ ਨਿਰੰਕੁਸ਼ਤਾ ਦਾ ਇਹ ਸੰਕਲਪ ਇਸ ਕਾਲ ਵਿੱਚ ਰਚੀ ਗਈ ਹਰ ਸਾਹਿਤਕ ਪ੍ਰਵਿਰਤੀ ਵਿੱਚ ਦੇਖਿਆ ਜਾ ਸਕਦਾ ਹੈ:-

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

### ਪ੍ਰੇਮਾ ਭਗਤੀ ਦੀ ਪ੍ਰਵਿਰਤੀ

ਇਸ ਕਾਲ ਵਿੱਚ ਪ੍ਰੇਮਾਭਗਤੀ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਆਦਿਕਾਲੀਨ ਸਾਹਿਤ ਵਿੱਚ ਪ੍ਰੇਮਾਭਗਤੀ ਦਾ ਸੰਕਲਪ ਬਹੁਤਾ ਉਜਾਗਰ ਹੋ ਕੇ ਸਾਹਮਣੇ ਨਹੀਂ ਆਉਂਦਾ। ਇਸੀ ਕਾਲ ਵਿੱਚ ਸਰੀਰਕ ਸਾਧਨਾਂ, ਕਰਮ-ਕਾਂਡਾਂ ਅਤੇ ਹਠ ਯੋਗਿਕ ਵਿਧੀਆਂ ਆਦਿ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਪਰੰਤੂ ਮੱਧਕਾਲ ਵਿੱਚ ਭਗਤ ਕਵੀਆਂ, ਸੂਫ਼ੀ ਦਰਵੇਸ਼ਾਂ ਅਤੇ ਗੁਰੂ ਸਾਹਿਬਾਨ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਪ੍ਰਭੂ ਦੀ ਪ੍ਰਾਪਤੀ ਵਾਸਤੇ ਕੋਈ ਕਰਮ-ਕਾਂਡ, ਤੀਰਥ-ਇਸ਼ਨਾਨ ਜਾਂ ਹਠਯੋਗ-ਸਾਧਨਾ ਕਰਨ ਦੀ ਜਰੂਰਤ ਨਹੀਂ ਹੈ। ਪ੍ਰਭੂ ਨੂੰ ਕੇਵਲ ਪ੍ਰੇਮਾਭਗਤੀ ਦੇ ਮਾਧਿਅਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮੁੱਚਾ ਮਧਕਾਲੀਨ ਸਾਹਿਤ ਪ੍ਰੇਮ ਜਾ ਇਸ਼ਕ ਦੀ ਅਰਾਧਨਾ ਕਰਦਾ ਹੋਇਆ ਦਿਸਦਾ ਹੈ:-

ਅਵਲ ਹਮਦ ਖ਼ੁਦਾਇ ਦਾ ਵਿਰਦ ਕੀਚੈ,

ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।

ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ

ਮਾਸ਼ੂਕ ਹੈ ਨਬੀ ਰਸੂਲ ਮੀਆਂ।

(ਵਾਰਿਸ ਸ਼ਾਹ)

**ਸੰਪਰਦਾਇਕ ਸਦਭਾਵਨਾ ਦੀ ਪ੍ਰਵਿਰਤੀ**

ਮੱਧਕਾਲੀਨ ਸਮਾਜ ਦੇ ਧਾਰਮਿਕ ਖੇਤਰ ਨੂੰ ਸੰਚਾਲਿਤ ਕਰਨ ਵਾਲੇ ਮੌਲਾਣੇ ਅਤੇ ਬ੍ਰਾਹਮਣ ਆਪਣੀਆਂ-ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਲੈ ਕੇ ਬਹੁਤ ਕੱਟੜ ਸਨ। ਉਹ ਕਦੇ ਕੋਈ ਅਜਿਹਾ ਮੌਕਾ ਨਹੀਂ ਸਨ ਖੁੰਝਾਉਂਦੇ, ਜਿਸ ਦੁਆਰਾ ਉਹ ਆਪਣੇ ਧਰਮ ਨੂੰ ਸਰਵ-ਸ੍ਰੇਸ਼ਠ ਅਤੇ ਦੂਜੇ ਦੇ ਧਰਮ ਨੂੰ ਨਖਿਧ ਸਿੱਧ ਕਰ ਸਕਦੇ ਹੋਣ। ਪਰੰਤੂ ਮਧਕਾਲੀਨ ਸਾਹਿਤਕਾਰਾਂ ਨੂੰ ਇਹ ਵਡਿਆਈ ਜਾਂਦੀ ਹੈ ਕਿ ਉਨ੍ਹਾਂ ਨੇ ਕਦੇ ਵੀ ਸੰਪਰਦਾਇਕਤਾ ਦਾ ਪ੍ਰਚਾਰ ਅਥਵਾ ਪ੍ਰਸਾਰ ਨਹੀਂ ਕੀਤਾ। ਬਲਕਿ ਇਹ ਲੋਕ ਧਰਮ ਦੇ ਬਾਹਰੀ ਵਿਖਾਵਿਆਂ, ਭੇਖਾਂ ਅਤੇ ਕਰਮ-ਕਾਂਡਾਂ ਨੂੰ ਮਿਥਿਆ ਅਤੇ ਅਰਥਹੀਣ ਘੋਸ਼ਿਤ ਕਰਦੇ ਸਨ। ਮੱਧਕਾਲੀ ਸਾਹਿਤ ਦੇ ਇਸ ਲੱਛਣ ਦੀ ਵਿਆਖਿਆ ਕਰਦਾ ਹੋਇਆ ਡਾ. ਅਮਰਜੀਤ ਸਿੰਘ ਕਾਂਗ ਲਿਖਦਾ ਹੈ ਕਿ ਇਸ ਵਿੱਚੋਂ ਜੋ ਯਥਾਰਥ ਪ੍ਰਸਤੁਤ ਹੁੰਦਾ ਹੈ, ਉਹ ਸਾਂਝੇ ਪੰਜਾਬ ਦਾ ਹੈ, ਜਿਸ ਵਿੱਚ ਹਿੰਦੂ, ਮੁਸਲਮਾਨ ਲੋਕ, ਨਸਲ ਦੀ ਭਿੰਨਤਾ ਅਤੇ ਸਭਿਆਚਾਰਕ ਸਿਮਰਤੀ ਦੀ ਵੱਖਰਤਾ ਦੇ ਬਾਵਜੂਦ ਵੀ ਭਾਈਚਾਰਕ ਅਤੇ ਮਾਨਵੀ ਪੱਧਰ ਉੱਤੇ ਅਨਿੱਖੜ ਸਾਂਝ ਵਿੱਚ ਬੱਝੇ ਹੋਏ ਹਨ।।੪॥

ਬਿੰਦਰਾ ਬਨ ਮੇਂ ਗਊ ਚਰਾਵੈ।

ਲੰਕਾ ਸਾੜ ਕੇ ਨਾਦ ਵਜਾਵੈ।

ਮੱਕੇ ਦਾ ਹਾਜੀ ਬਣ ਆਵੈ।

ਵਾਹ ਵਾਹ ਰੰਗ ਵਟਾਈਦਾ।

ਹੁਣ ਕਾਹਨੂੰ ਆਪ ਛੁਪਾਈ ਦਾ।

## ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ : ਪਿਆਰ ਸਿੰਘ (ਸੰਪਾ.)

ਜਨਮਸਾਖੀ ਪਰੰਪਰਾ ਦਾ ਮਤਲਬ ਹੈ ਕਿ ਜੋ ਜਾਣਕਾਰੀ, ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਜਨਮਸਾਖੀਆਂ ਤੋਂ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਾਪਤੀਆਂ ਇੰਨੀਆਂ ਮਹਾਨ ਅਤੇ ਅਚੰਭਿਤ ਕਰ ਦੇਣ ਵਾਲੀਆਂ ਸਨ ਕਿ ਉਹ ਆਮ ਲੋਕਾਂ ਵਿਚ ਇਕ ਕਿਸਮ ਦੀਆਂ ਬਾਤਾਂ ਬਣ ਕੇ ਪ੍ਰਚੱਲਿਤ ਹੋ ਗਈਆਂ ਸਨ। ਸਾਖੀਆਂ ਸ਼ਬਦ ਬਾਤਾਂ ਤੋਂ ਹੀ ਹੋਰ ਸੁਧਰ ਕੇ ਬਣਿਆ ਹੈ। ਬਾਤਾਂ, ਜਿਸ ਤਰ੍ਹਾਂ ਬਜ਼ੁਰਗ ਲੋਕ ਆਮ ਲੋਕਾਂ ਵਿਚ ਬੈਠੇ ਜਾਂ ਬੱਚਿਆਂ ਵਿਚ ਬੈਠੇ ਸੁਣਾਉਂਦੇ ਸਨ, ਉਨ੍ਹਾਂ ਨੂੰ ਕਿਹਾ ਜਾਂਦਾ ਹੈ। 'ਸਾਖੀ' ਸ਼ਬਦ ਇਸ ਤੋਂ ਉਪਰ ਹੈ। ਇਸ ਦਾ ਭਾਵ ਹੈ ਕਿ ਜਦੋਂ ਕੋਈ ਪ੍ਰਚਾਰਕ ਜਾਂ ਜਿੰਮੇਵਾਰ ਵਿਅਕਤੀ ਗੁਰੂ ਜੀ ਨਾਲ ਸਬੰਧਤ ਗੱਲਾਂ ਜ਼ਿਆਦਾ ਸੁਧਰੇ ਹੋਏ ਢੰਗ ਨਾਲ ਜਾਂ ਗੁਰੂ ਜੀ ਦੇ ਕੰਮਾਂ ਦਾ ਪ੍ਰਚਾਰ ਕਰਨ ਦੇ ਇਰਾਦੇ ਨਾਲ ਸੁਣਾਉਂਦਾ ਹੈ। ਇਤਿਹਾਸ ਸ਼ਬਦ, ਸਾਖੀ ਤੋਂ ਵੀ ਅੱਗੇ ਹੋਰ ਸੁਧਰਿਆ ਹੋਇਆ ਸ਼ਬਦ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਲੜੀਵਾਰ ਇਉਂ ਵੀ ਲਿਖਿਆ ਜਾ ਸਕਦਾ ਹੈ : ਬਾਤਾਂ, ਸਾਖੀ ਅਤੇ ਇਤਿਹਾਸ। ਭਾਵ ਕਿ ਬਾਤਾਂ, ਇਤਿਹਾਸ ਦੀ ਬੁਨਿਆਦ ਹਨ। ਫਿਰ ਸਾਖੀਆਂ ਇਤਿਹਾਸ ਦੀਆਂ ਦੀਵਾਰਾਂ ਹਨ। ਇਤਿਹਾਸ ਆਪਣੇ-ਆਪ ਵਿਚ ਮਕਾਨ ਦਾ ਉਹ ਢਾਂਚਾ ਹੈ ਜਿਸ ਨੂੰ ਮਿਸਤਰੀਆਂ (ਪੂਰਨ ਸਿੱਖਿਅਤ ਕਾਰੀਗਰਾਂ) ਨੇ ਸੋਚ-ਵਿਚਾਰ ਕੇ ਨੀਹਾਂ ਅਤੇ ਕੰਧਾਂ ਉੱਪਰ ਉਸਾਰਿਆ ਹੁੰਦਾ ਹੈ।

ਮੂੰਹ-ਜ਼ੁਬਾਨੀ ਕੀਤੀ ਗਈ ਗੱਲ ਬਾਤ ਹੀ ਇਸ ਦਾ ਆਧਾਰ ਬਣੀ ਰਹਿੰਦੀ ਹੈ। ਜਦੋਂ ਇਸ ਨੂੰ ਲਿਖਤੀ ਰੂਪ ਦੇ ਦਿੱਤਾ ਜਾਂਦਾ ਹੈ ਤਾਂ ਇਹ ਸਾਖੀ ਦਾ ਰੂਪ ਧਾਰ ਲੈਂਦੀ ਹੈ। ਫਿਰ ਹੌਲੀ-ਹੌਲੀ ਜਦੋਂ ਇਨ੍ਹਾਂ ਹੀ ਲਿਖਤੀ ਸਾਖੀਆਂ ਦਿਨਾਂ, ਮਹੀਨਿਆਂ ਅਤੇ ਸਾਲਾਂ ਅਨੁਸਾਰ ਸੋਚ-ਵਿਚਾਰ ਕੇ ਅਤੇ ਪ੍ਰਮਾਣ ਦੇ ਕੇ ਲਿਖਿਆ ਜਾਂਦਾ ਹੈ ਤਾਂ ਇਹ ਇਤਿਹਾਸ ਬਣ ਜਾਂਦੀਆਂ ਹਨ। ਇਸ ਤਰ੍ਹਾਂ ਜਨਮਸਾਖੀਆਂ ਇਕ ਤਾਂ ਆਪਣੇ-ਆਪ ਵਿਚ ਹੀ ਮੌਖਿਕ ਗੱਲਾਂ ਦਾ ਲਿਖਤੀ ਰੂਪ ਹੁੰਦੀਆਂ ਹਨ ਅਤੇ ਦੂਜਾ ਇਹ ਇਤਿਹਾਸ ਦਾ ਪਹਿਲਾ ਰੂਪ ਹੁੰਦੀਆਂ ਹਨ।

ਇਸੇ ਤਰ੍ਹਾਂ ਭਾਵੇਂ ਬੀ-40 ਜਨਮਸਾਖੀ ਵੀ ਇਸ ਸਮੇਂ ਪਾਠਕਾਂ ਸਾਹਮਣੇ ਆ ਚੁੱਕੀ ਹੈ। ਪਰ ਇਹ ਪੁਰਾਤਨ (ਵਲਾਇਤ ਵਾਲੀ) ਜਨਮਸਾਖੀ ਦਾ ਹੀ ਹੋਰ ਸੰਖੇਪ ਕੀਤਾ ਹੋਇਆ ਰੂਪ ਹੈ। ਵੈਸੇ ਪੁਰਾਤਨ (ਵਲਾਇਤ ਵਾਲੀ) ਜਨਮਸਾਖੀ ਵੀ ਮਿਹਰਬਾਨ ਵਾਲੀ ਜਨਮਸਾਖੀ ਦਾ ਸੰਖੇਪ ਕੀਤਾ ਹੋਇਆ ਰੂਪ ਹੈ। ਇਹ ਸੰਖੇਪ ਰੂਪ ਅੰਗਰੇਜ਼ ਅਧਿਕਾਰੀਆਂ ਨੇ ਤਿਆਰ ਕਰਵਾਇਆ ਸੀ। ਪੁਰਾਤਨ (ਵਲਾਇਤ ਵਾਲੀ) ਜਨਮਸਾਖੀ ਅਤੇ ਬੀ-40 ਜਨਮਸਾਖੀ ਵੀ ਮਿਹਰਵਾਨ ਵਾਲੀ ਜਨਮਸਾਖੀ ਦਾ ਹੀ ਸੰਖੇਪ ਅਤੇ ਸੋਧਿਆ ਹੋਇਆ ਰੂਪ ਹਨ।

ਪੰਜਾਬੀ ਵਾਰਤਕ ਵਿੱਚ ਜਨਮਸਾਖੀ ਪਰੰਪਰਾ ਇੱਕ ਅਹਿਮ ਤੇ ਮਹੱਤਵਪੂਰਨ ਸਥਾਨ ਰੱਖਦੀ ਹੈ। ਜਨਮਸਾਖੀ ਸ਼ਬਦ 'ਜਨਮ' ਤੇ 'ਸਾਖੀ' ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। 'ਜਨਮ ਸ਼ਬਦ ਦੇ ਮੂਲ ਅਰਥ ਪੈਦਾਇਸ਼ ਜਾਂ ਉਤਪਤੀ ਹਨ। ਜਨਮਸਾਖੀ ਵਿਚ 'ਜਨਮ' ਸ਼ਬਦ ਸਮੁੱਚੀ ਜ਼ਿੰਦਗੀ ਦਾ ਸੂਚਕ ਹੈ। ਸਾਹਿਤ ਕੋਸ਼ ਅਨੁਸਾਰ ਜਨਮ ਸ਼ਬਦ ਦਾ ਇੱਥੇ ਅਰਥ 'ਜਨਮ' ਨਹੀਂ ਸਗੋਂ 'ਜੀਵਨ' ਹੈ ਕਿਉਂਕਿ ਜਨਮਸਾਖੀ ਵਿਚ ਨਾਇਕ ਦੇ ਜਨਮ ਬ੍ਰਿਤਾਂਤ ਹੀ ਨਹੀਂ ਸਗੋਂ ਸਮੁੱਚੇ ਜੀਵਨ ਦੀਆਂ ਚੋਣਵੀਆਂ ਘਟਨਾਵਾਂ ਦਾ ਵਰਨਣ ਹੁੰਦਾ ਹੈ।ਵਿਦਵਾਨਾਂ ਅਨੁਸਾਰ 'ਸਾਖੀ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਸ਼ਾਕਸ਼ੀ' ਦਾ ਰੂਪਾਂਤਰ ਹੈ,ਇਸ ਤੋਂ ਭਾਵ 'ਗਵਾਹ ਅਤੇ ਸਾਧੂ ਸੰਤਾਂ ਦੇ ਪਦ' ਆਚਾਰਯ ਪਰਸ਼ੁਰਾਮ ਚਤੁਰਵੇਦੀ ਅਨੁਸਾਰ ਇਸ ਦਾ ਅਰਥ ਹੈ, ਉਹ ਮਨੁੱਖ ਜਿਸ ਨੇ ਕਿਸੇ ਘਟਨਾ ਜਾਂ ਵਸਤੂ ਨੂੰ ਅੱਖੀਂ ਵੇਖਿਆ ਹੋਵੇ। ਇਸ ਤਰ੍ਹਾਂ ਸਥੂਲ ਰੂਪ ਵਿੱਚ 'ਜਨਮਸਾਖੀ' ਤੋਂ ਭਾਵ ਕਿਸੇ ਮਹਾਂਪੁਰਸ਼ ਦਾ ਅਧਿਆਤਮਿਕ ਜੀਵਨ-ਬ੍ਰਿਤਾਂਤ ਹੈ। ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਦੀ ਇੱਕ ਤੁਕ (ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇੱਕ ਸਾਖੀ) ਦੇ ਆਧਾਰ 'ਤੇ ਇਸ ਦਾ ਅਰਥ ਇਤਿਹਾਸ ਅਥਵਾ ਕਥਾ, ਜੋ 'ਅੱਖੀਂ ਡਿੱਠੀ ਕਹੀ ਗਈ ਹੋਵੇ' ਕੀਤਾ ਹੈ। ਪਰ ਜੇ ਸਾਖੀ ਸ਼ਬਦ ਦਾ ਅਰਥ ਇਸ ਦੇ ਪਰੰਪਰਾਗਤ ਪ੍ਰਯੋਗ ਦੇ ਸੰਦਰਭ ਵਿੱਚ ਕਰੀਏ ਤਾਂ ਉਕਤ ਤੁੱਕ ਵਿੱਚ ਇਹ 'ਗੁਰੂ ਦੇ ਬਚਨ' ਲਈ ਵੀ ਵਰਤਿਆ ਗਿਆ ਹੈ। ਇਸ ਲਈ ਅਸੀਂ ਜਨਮਸਾਖੀ ਤੋਂ ਭਾਵ

ਕਿਸੇ ਮਹਾਂਪੁਰਸ਼ ਦੇ ਅਧਿਆਤਮਕ ਜੀਵਨ ਬਿਰਤਾਂਤ ਤੋਂ ਮੰਨਦੇ ਹਾਂ। ਤਰਲੋਚਨ ਸਿੰਘ ਬੇਦੀ ਅਨੁਸਾਰ "ਸੋਲ੍ਹਵੀ-ਸਤਾਰ੍ਹਵੀਂ ਸਦੀ ਵਿੱਚ ਰਚੀਆਂ ਗਈਆ ਹੇਠ ਲਿਖੀਆਂ ਜਨਮ ਸਾਖੀਆਂ ਹਨ:

1. ਪੁਰਾਤਨ ਜਨਮ ਸਾਖੀ

2. ਸ਼ੰਭੂਨਾਥ ਵਾਲੀ ਜਨਮ ਪੱਤਰੀ

3. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

4. ਭਾਈ ਮਨੀ ਸਿੰਘ ਵਾਲੀ ਜਨਮ ਸਾਖੀ

5. ਆਦਿ ਸਾਖੀਆਂ ਬਾਬੇ ਕੀਆਂ,

6. ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,

7. ਪੈੜਾ ਮੋਖਾ ਜਾਂ ਭਾਈ ਬਾਲੇ ਵਾਲੀ ਜਨਮਸਾਖੀ,

8. ਬਿਧੀ ਚੰਦ ਜਾਂ ਹੰਦਾਲੀਆ ਵਾਲੀ ਜਨਮਸਾਖੀ,

9. ਸਤਿਗੁਰ ਜੀ ਦੇ ਮੂਹਿ ਦੀਆਂ ਜਨਮਸਾਖੀਆਂ,

10. ਜਨਮਸਾਖੀ ਸ੍ਰੀ ਮਿਹਰਬਾਨ ਜੀ ਕੀ,

11. ਜਨਮਸਾਖੀ ਭਗਤ ਕਬੀਰ ਜੀ ਕੀ।

ਇਨ੍ਹਾਂ ਵਿਚੋਂ ਵਧੇਰੇ ਮਹੱਤਵਪੂਰਨ ਸਾਖੀਆਂ ਹੇਠ ਇਹ ਹਨ :

1. ਪੁਰਾਤਨ ਜਨਮਸਾਖੀ,
2. ਮਿਹਰਬਾਨ ਵਾਲੀ ਜਨਮਸਾਖੀ,
3. ਭਾਈ ਬਾਲੇ ਵਾਲੀ ਜਨਮਸਾਖੀ,
4. ਗਿਆਨ ਰਤਨਾਵਲੀ।

ਇਹ ਵੀ ਅਨੁਮਾਨ ਲਗਾਇਆ ਜਾਂਦਾ ਹੈ ਕਿ ਸ਼ੁਰੂ ਵਿੱਚ ਇਨ੍ਹਾਂ ਜਨਮਸਾਖੀਆਂ ਦੀ ਗਿਣਤੀ 20-30 ਹੋਵੇਗੀ ਪਰ ਬਾਅਦ ਵਿੱਚ ਇਨ੍ਹਾਂ ਦੀ ਗਿਣਤੀ 575 ਹੋ ਗਈ ਹੈ। ਜਨਮਸਾਖੀ ਪਰੰਪਰਾ ਦੇ ਉਦੇਸ਼ ਨੂੰ ਸਪਸ਼ਟ ਕਰਦਾ ਹੋਇਆ ਡਾ. 'ਸੁਰਜੀਤ ਹਾਂਸ' ਲਿਖਦਾ ਹੈ ਕਿ ਸਾਖੀ ਦਾ ਅਰਥ ਲੌਕਿਕ ਗਵਾਹੀ ਨਹੀਂ ਬਲਕਿ ਲੋਕਿਕ ਜਗਤ ਵਿੱਚ ਦੈਵੀ ਸ਼ਕਤੀ ਦੇ ਦਖ਼ਲ ਦੀ ਗਵਾਹੀ ਹੈ। ਸਾਖੀਕਾਰਾਂ ਦੀ ਧਾਰਨਾਂ ਸੀ ਕਿ ਜਿਸ ਦੀ ਕਰਾਮਾਤ ਵੱਡੀ ਹੈ ਉਸ ਦੀ ਅਧਿਆਤਮਿਕਤਾ ਵੀ ਉਚੇਰੀ ਹੈ। ਸਾਧਾਰਨ ਵਿਅਕਤੀ ਕਰਾਮਾਤ ਸਿਰਜਣ ਦੇ ਯੋਗ ਨਹੀਂ ਹੁੰਦਾ ਪਰੰਤੂ ਜਿਸ ਮਹਾਂਪੁਰਖ ਦਾ ਪੌਣ-ਪਾਣੀ, ਅਗਨੀ ਅਤੇ ਕਾਲ ਉਪਰ ਅਖ਼ਤਿਆਰ ਹੈ, ਉਹ ਰੱਬ ਦੇ ਸਮਾਨ ਹੁੰਦਾ ਹੈ। ਇਸ ਤਰ੍ਹਾਂ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਨੂੰ ਰੱਬ ਦੇ ਸਮਾਨ ਸਿੱਧ ਕਰਦੀਆਂ ਹਨ।

ਜਨਮਸਾਖੀ ਪਰੰਪਰਾ ਵਿੱਚ ਭਾਵੇਂ ਕਈ ਜਨਮਸਾਖੀਆਂ ਲਿਖੀਆਂ ਗਈਆਂ ਜਿਨ੍ਹਾਂ ਵਿੱਚ ਮਿਹਰਬਾਨ ਵਾਲੀ ਸਾਖੀ, ਬਾਲੇ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਆਦਿ ਸਾਖੀਆਂ ਸ਼ਾਮਲ ਹਨ, ਪਰ ਪੁਰਾਤਨ ਜਨਮਸਾਖੀ ਇਨ੍ਹਾਂ ਜਨਮਸਾਖੀਆਂ ਵਿਚੋਂ ਆਪਣੀ ਇੱਕ ਵੱਖਰੀ ਵਿਸ਼ੇਸ਼ਤਾ ਰੱਖਦੀ ਹੈ।

### ਪੁਰਾਤਨ ਜਨਮਸਾਖੀ

ਇਸ ਜਨਮਸਾਖੀ ਵਿੱਚ ਮਿਲਦੇ ਮਿਥਿਹਾਸਕ ਅੰਸ਼ਾਂ ਦੀ ਭਰਮਾਰ ਹੈ। ਜਨਮਸਾਖੀ ਅਨੁਸਾਰ ਤੇਤੀਸ ਕਰੋੜ ਦੇਵਤਿਆਂ ਨਮਸ਼ਕਾਰ ਕੀਆ, ਚਉਸਠ ਜੋਗਣੀ, ਬਵੰਜਾਹ ਬੀਰ,ਛੇ ਜਤੀਆਂ, ਚੋਰਾਸੀ ਸਿੱਧਾਂ, ਨਵਾਂ ਨਾਥਾਂ ਨਮਸਕਾਰ

ਕੀਆ। ਇਹ ਸਾਰੇ ਅੰਸ਼ ਵਾਸਤਵਿਕ ਦੀ ਥਾਂ ਪਰੰਪਰਾਗਤ ਹਨ। ਵੈਦਿਕ ਕਾਲ ਵਿੱਚ ਹਿੰਦੂ ਤੇਤੀ ਕਰੋੜ ਦੇਵੀ ਦੇਵਤਿਆਂ ਦੀ ਹੋਂਦ ਨੂੰ ਮੰਨਦੇ ਸਨ। ਵੈਦਿਕ ਕਾਲ ਵਿੱਚ ਤਾਂ ਇਨ੍ਹਾਂ ਨੂੰ 33 ਕੋਟੀ ਦੇਵਤੇ ਕਹਿੰਦੇ ਸਨ ਪਰ ਮਗਰੋਂ ਕੋਟੀ ਦਾ ਅਰਥ ਕਰੋੜ ਸਮਝ ਕੇ ਇਹ ਗਿਣਤੀ 33 ਕਰੋੜ ਬਣਾ ਦਿੱਤੀ ਗਈ। ਇਸੇ ਤਰ੍ਹਾਂ ਨੌਂ ਨਿੱਧਾਂ, ਨੌ ਖੰਡ, ਨੌ ਗ੍ਰਹਿ, ਨੌ ਦਵਾਰ, ਨੌ ਹੀ ਨਰਾਤੇ ਹੁੰਦੇ ਹਨ। ਇਸੇ ਪ੍ਰਕਾਰ ਹੀ ਨੌਂ ਨਾਥ ਮੰਨੇ ਜਾਂਦੇ ਹਨ। ਛੇ ਰੁੱਤਾਂ, ਛੇ ਸ਼ਾਸਤਰ ਅਤੇ ਛੇ ਹੀ ਮੁੱਖ ਰਾਗ ਮੰਨੇ ਜਾਂਦੇ ਹਨ ਇਸੇ ਤਰ੍ਹਾਂ ਜਤੀ ਵੀ ਛੇ ਹੀ ਹਨ। ਨੌਂ ਨਾਥਾ ਚੌਰਾਸੀ ਸਿੱਧਾਂ ਵਾਂਗ ਬੀਰਾਂ ਦੀ ਗਿਣਤੀ 52 ਅਤੇ ਜੋਗੀਆਂ ਦੀ ਗਿਣਤੀ 64 ਹੈ। ਇਹ ਦੁਰਗਾ ਅਤੇ ਕਾਲੀ ਦੀਆਂ ਸਹਾਇਕ ਸਮਝੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਸ ਜਨਮਸਾਖੀ ਵਿੱਚ ਕਈ ਮਿਥਿਹਾਸਕ ਵੇਰਵੇ ਆਉਣਾ ਇਸ ਸਾਖੀ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ। ਪੁਰਾਤਨ ਜਨਮ-ਸਾਖੀ ਦੀ ਸ਼ਬਦ ਚੋਣ, ਸ਼ਬਦਾਵਲੀ ਅਤੇ ਸ਼ਬਦ-ਯੋਜਨਾ ਕਮਾਲ ਦੀ ਹੈ। ਇਹ ਪਾਤਰ ਪਰਿਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਵਰਤੀ ਗਈ। ਇਸ ਸ਼ਬਦਾਵਲੀ ਵਿੱਚ ਆਮ ਅਹਿਮ ਸ਼ਬਦ ਹਨ ; ਵਿਦਵਤਾ ਭਰੇ, ਰੋਹਬ ਪਾਊ ਤੇ ਮੁਹਾਵਰੇ ਤੋਂ ਪਰੇ ਦੇ ਸ਼ਬਦ ਨਹੀਂ ਲਏ ਗਏ। ਇਸ ਦੀ ਸ਼ਬਦ-ਚੋਣ ਆਮ ਆਦਮੀ ਦੀ ਗਿਆਨ ਸੀਮਾ ਨੂੰ ਮੁੱਖ ਰੱਖ ਕੇ ਹੀ ਕੀਤੀ ਗਈ ਹੈ। ਵਾਕ ਬਹੁਤ ਛੋਟੇ-ਛੋਟੇ ਹਨ ਅਤੇ ਵਾਕ-ਰਚਨਾ ਸਰਲ, ਸੁਭਾਵਿਕ, ਸਿੱਧੀ ਤੇ ਸਾਰਥਿਕ ਹੈ। ਹੋ ਸਕਦਾ ਹੈ, ਸ਼ਬਦ-ਜੋੜ ਸਮਾਂ ਪੈਣ ਕਾਰਨ, ਵੱਖ-ਵੱਖ ਉਤਾਰਾਕਾਰਾਂ ਦੇ ਹੱਥਾਂ ਵਿਚੋਂ ਨਿਕਲਣ ਕਾਰਨ ਕੁੱਝ ਫਰਕ ਪਾ ਗਏ ਹੋਣ। ਪਰੰਤੂ ਵਾਕ-ਯੋਜਨਾ ਵਿੱਚ ਵਧੇਰੇ ਮੌਲਿਕਤਾ ਹੈ ਜੋ ਸਾਖੀਕਾਰ ਦੀ ਸਫਲ ਅਭਿਵਿਅਕਤੀ ਦਾ ਨਿਵੇਕਲਾ ਗੁਣ ਹੈ। ਪੁਰਾਤਨ ਜਨਮਸਾਖੀ ਦੀ ਵਾਰਤਕ ਕਲਾਤਮਿਕ ਤੇ ਰਸਾਤਮਿਕ ਹੀ ਨਹੀਂ ਸਗੋਂ ਸੰਗੀਤਿਕ ਵੀ ਹੈ। ਇਸ ਵਿਚਲਾ ਕਾਵਿਕ ਗੁਣ, ਭਾਵੁਕਤਾ ਦੀ ਡੂੰਘਾਈ, ਭਾਵਾਂ ਦੀ ਤਰਲਤਾ ਅਤੇ ਵਿਸਤਾਰ ਇਸ ਨੂੰ ਕਵਿਤਾ ਦੇ ਵਧੇਰੇ ਨੇੜੇ ਲੈ ਜਾਂਦਾ ਹੈ। ਇਹੋ ਕਾਰਨ ਹੈ ਕਿ ਇਸ ਦੀ ਵਾਰਤਕ ਇਸ ਵਿੱਚ ਦਿੱਤੀਆਂ ਗਈਆਂ ਬਾਣੀ ਦੀਆਂ ਟੂਕਾਂ ਅਨੁਸਾਰ ਹੀ ਢਲਦੀ ਜਾਂਦੀ ਹੈ, ਇੱਕ ਅਜਬ ਲੈਅ ਤੇ ਤੋਲ ਪੈਦਾ ਕਰਦੀ ਹੈ ਜਿਸ ਨਾਲ ਲੋਹੜੇ ਦੇ ਸੰਗੀਤ ਰਸ ਦਾ ਪ੍ਰਭਾਵ ਪੈਂਦਾ ਹੈ। ਜੇ ਗੁਰੂ ਨਾਨਕ ਦੀ ਬਾਣੀ ਇੱਕ ਅਗੰਮੀ ਸੰਗੀਤ ਹੈ ਤਾਂ ਪੁਰਾਤਨ ਜਨਮਸਾਖੀ ਦੀ ਵਾਰਤਕ ਮਰਦਾਨੇ ਦੀ ਮਿੱਠੀ ਰਬਾਬ ਹੈ ਜਿਸ ਵਿਚੋਂ ਮਿੱਠਤ, ਨਿਮਰਤਾ, ਸੇਵਾ, ਤਿਆਗ, ਨਾਮ ਦਾਨ, ਇਸ਼ਨਾਨ, ਕਿਰਤ ਅਤੇ ਪਰਮਾਰਥ ਜਾਂ ਪਰ-ਉਪਕਾਰ ਆਦਿ ਸੁਰਾਂ ਫੁੱਟ ਰਹੀਆਂ ਹਨ। ਸਾਡੇ ਇਸ ਕਥਨ ਦੀ ਉਗਾਹੀ ਲਈ ਖੇਤੀ, ਵਣਜ, ਸਉਦਾਗਰੀ ਅਤੇ ਚਾਕਰੀ ਸਿਰਲੇਖ ਅਧੀਨ ਆਈਆਂ ਸਾਖੀਆਂ ਦੇਖੀਆਂ ਜਾ ਸਕਦੀਆਂ ਹਨ। ਇਸ ਜਨਮਸਾਖੀ ਦੀ ਇੱਕ ਵਿਸ਼ੇਸ਼ਤਾ ਇਸ ਦਾ ਉਪਦੇਸ਼ਾਤਮਕ ਹੋਣਾ ਹੈ। ਇਸ ਜਨਮਸਾਖੀ ਦਾ ਇੱਕ ਲਿਖਣ-ਮਨੋਰਥ ਗੁਰੂ ਜੀ ਦੇ ਉਪਕਾਰਾਂ ਨੂੰ ਸੰਭਾਲਣਾ ਵੀ ਹੈ। ਇਸ ਦੀ ਹਰ ਸਾਖੀ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦਾ ਅਤਿ ਧੁਨਿਤ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਵਿਵਰਣਾਤਮਕਤਾ ਇਸ ਜਨਮਸਾਖੀ ਦੀ ਅਭਿਵਿਅਕਤੀਗਤ ਵਿਸ਼ੇਸ਼ਤਾ ਹੈ। ਇਸ ਦੇ ਅੰਤਰਗਤ ਵਿਵਰਣ, ਵਰਣਨ, ਬ੍ਰਿਤਾਂਤ, ਆਦਿ ਸਭ ਰੱਖੇ ਜਾ ਸਕਦੇ ਹਨ। ਜਿਥੇ ਵਸਤੂਆਂ ਦੇ ਚਿਤ੍ਰਣ ਦਾ ਅਵਸਰ ਹੈ, ਉਥੇ ਸ਼ੈਲੀ ਦਾ ਸਰੂਪ ਵਰਣਾਤਮਕ ਹੈ ਅਤੇ ਜਿੱਥੇ ਪ੍ਰਸੰਗ ਵਿੱਚ ਕਥਾ ਅੰਸ਼ ਦੀ ਅਧਿਕਤਾ ਹੈ, ਉਥੇ ਸ਼ੈਲੀ ਦਾ ਸਰੂਪ ਬ੍ਰਿਤਾਂਤਿਕ ਹੈ। ਇਸ ਸਾਖੀ ਵਿੱਚ ਸਾਖੀਕਾਰ ਨੇ ਅਨੇਕ ਸਥਾਨਾਂ ਤੇ ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਚਿਤਰ ਕੇ ਆਪਣੀ ਸੂਖਮ ਮਨੋਵਿਗਿਆਨਿਕ ਅੰਤਰ-ਦ੍ਰਿਸ਼ਟੀ ਦਾ ਪਰਿਚਯ ਦਿੱਤਾ ਹੈ। ਉਦਾਹਰਨ ਵਜੋਂ ਸੁਲਤਾਨਪੁਰ ਨੂੰ ਤਿਆਰੀ ਵਾਲੀ ਸਾਖੀ (8) ਨੂੰ ਲਿਆ ਜਾ ਸਕਦਾ ਹੈ। ਸੰਸਾਰਿਕਤਾ ਤੋਂ ਉਦਾਸੀਨ ਅਤੇ ਪਰਿਵਾਰਿਕ ਮੋਹ ਮਾਇਆ ਤੋਂ ਮੁਕਤ ਗੁਰੂ ਜੀ ਦੀ ਪਤਨੀ ਤੋਂ ਵੀ ਪਤੀ ਦਾ ਵਿਯੋਗ ਸਹਿਨ ਕਰਨਾ ਮੁਹਾਲ ਹੈ। ਉਸਦੇ ਮਨ ਦੀ ਸਥਿਤੀ ਅਤੇ ਪਤੀ ਦੇ ਸੰਪਰਕ ਵਿੱਚ ਰਹਿਣ ਦੀ ਤੀਬਰ ਇੱਛਾ ਨੂੰ ਸਾਖੀਕਾਰ ਨੇ ਬੜੀ ਸੂਖਮਤਾ ਨਾਲ ਚਿਤਰਿਆ ਹੈ।

ਪੁਰਾਤਨ ਜਨਮਸਾਖੀ ਦੀ ਸ਼ਬਦ ਕੋਸ਼ ਦੀ ਦ੍ਰਿਸ਼ਟੀ ਤੋਂ ਸਰਵ ਪ੍ਰਮੁਖ ਵਿਸ਼ੇਸਤਾ ਇਹ ਹੈ ਕਿ ਇਸ ਦਾ ਸ਼ਬਦ ਭੰਡਾਰ ਵਿਸ਼ਾਲ ਹੈ। ਲੋੜ ਅਨੁਸਾਰ ਦੇਸ਼ੀ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈਣੇ ਲੇਖਕ ਨੇ ਸੰਕੋਚ ਨਹੀਂ ਕੀਤਾ। ਇਸ ਦੀ ਸ਼ਬਦਾਬਲੀ ਦਾ ਮੁੱਖ ਆਧਾਰ ਭਾਰਤੀ ਵਿਰਸਾ ਹੈ। ਸੰਸਕ੍ਰਿਤ ਦੇ ਕੁਝ ਤਤਸਮ ਅਤੇ ਅਰਧ ਤਤਸਮ ਸ਼ਬਦ ਨਮੂਨੇ ਹਨ ; ਜਗਤ, ਨਿਸਤਾਰਣ, ਵੇਲਾ, ਨਮਸਕਾਰ, ਨਾਮ, ਸੰਸਾਰ, ਅਤੀਤ, ਸੇਵਕ, ਸਰਵੰਗ, ਪ੍ਰਜਾ ਆਦਿ। ਇਸ ਜਨਮਸਾਖੀ ਦੀ ਭਾਸ਼ਾ ਦਾ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਇਸ ਵਿੱਚ ਅਰਬੀ, ਫਾਰਸੀ ਆਦਿ ਕੁਝ ਵਿਦੇਸ਼ੀ ਭਾਸ਼ਾਵਾਂ ਦਾ ਸਪਸ਼ਟ ਪ੍ਰਭਾਵ ਹੈ। ਦੇਸ਼ੀ ਸ਼ਬਦਾਵਲੀ ਦੀ ਵੀ ਸਾਖੀਕਾਰ ਨੇ ਖੁਲ੍ਹ ਕੇ ਵਰਤੋਂ ਕੀਤੀ ਹੈ। ਪੱਛਮੀ ਪੰਜਾਬ ਵਿੱਚ ਬੋਲੀਆਂ ਜਾਣ ਵਾਲੀਆਂ ਉਪਬੋਲੀਆਂ ਯਥਾ-ਪੋਠੋਹਾਰੀ, ਅਵਾਣਕਾਰੀ, ਝਾਂਗੀ ਮੁਲਤਾਨੀ ਆਦਿ ਵਿੱਚ ਅਧਿਕਤਰ ਸਮਾਨ ਰੂਪ ਵਿੱਚ ਵਰਤੀ ਹੋਈ ਮਿਲ ਜਾਂਦੀ ਹੈ। ਇਸ ਰਚਨਾਂ ਦੇ ਕਰਤਾ ਨੇ ਵੀ ਵਾਰਤਾਲਾਪੀ

ਢੰਗ ਦੀ ਕਾਫ਼ੀ ਅਧਿਕ ਵਰਤੋਂ ਕੀਤੀ ਹੈ। ਹਰ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਅਤੇ ਹੋਰ ਕਿਸੇ ਨਾ ਕਿਸੇ ਪਾਤਰ ਦੀ ਗਲਬਾਤ ਵਿਖਾਈ ਗਈ ਹੈ। ਕਿਤੇ-ਕਿਤੇ ਗੱਲਬਾਤ ਕਾਫ਼ੀ ਰੋਚਕ ਬਣ ਜਾਂਦੀ ਹੈ। ਜੇ ਬਾਤਚੀਤ ਦੇ ਅੱਗੇ ਕੇਵਲ ਬੋਲਣ ਵਾਲੇ ਦਾ ਨਾਂ ਲਿਖੀਏ ਤਾਂ ਹੇਠ ਲਿਖੇ ਅਨਸਾਰ ਝਾਕੀ ਬਣ ਜਾਂਦੀ ਹੈ :

ਲੋਕ- ਬਾਬਾ ਨਾਨਕ ਆਖਦਾ ਹੈ ਜੋ 'ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ।

ਖਾਨ- ਇਸ਼ਕੇ ਖਿਆਲ ਨਾਹੀ ਪਾਉਣਾ, ਇਹ ਫ਼ਕੀਰ ਹੈ।

ਕਾਜੀ- ਖਾਨ ਜੀ ਅਜਬੁ ਹੈ, ਕਿਉਂ ਜੋ ਆਖਿਦਾ ਹੈ- ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ।

ਖਾਨ- ਜਾਇ ਕਰ ਨਾਨਕ ਫਕੀਰ ਤਾਂਈ ਲੈ ਆਵਹੁ।

ਆਦਮੀ- ਨਾਨਕ ਤੇਰੇ ਤਾਈਂ ਖਾਨ ਬੁਲਾਇੰਦਾ ਹੈ।

ਨਾਨਕ- ਮੈਂ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ।

ਲੋਕ- ਇਹ ਕਮਲਾ ਦਿਵਾਨਾ ਹੋਆ ਹੈ।

ਇਸ ਜਨਮਸਾਖੀ ਦੀ ਸ਼ੈਲੀ ਦਾ ਇੱਕ ਗੁਣ ਇਸ ਦਾ ਪਰਾਸਰੀਰਕ ਅੰਸ਼ ਹੈ। ਥਾਂ ਪਰ ਥਾਂ ਗੁਰੂ ਜੀ ਦੇ ਨਾਂ ਨਾਲ ਕਰਾਮਾਤਾਂ ਜੋੜ ਕੇ ਬਿਆਨ ਨੂੰ ਰੁਮਾਂਟਿਕ ਬਣਾ ਦਿੱਤਾ ਹੈ। ਕਿਤੇ-ਕਿਤੇ ਮੋਇਆ ਹਾਥੀ ਜੀਉਂਦਾ ਹੁੰਦਾ ਵਿਖਾਇਆ ਹੈ, ਕਿਤੇ ਰਾਮ ਗਣਾ ਅਤੇ ਯਮ ਗਣਾ ਦਾ ਝਗੜਾ ਹੁੰਦਾ ਦਰਸਾਇਆ ਹੈ। ਕਿਤੇ ਮਰਦਾਨੇ ਨੂੰ ਮਿੱਡਾ ਬਣਦਾ ਅਤੇ ਕਾਵਰੂ ਦੇਸ਼ ਦੀ ਇੱਕ ਇਸਤਰੀ ਦੇ ਸਿਰ ਉੱਤੇ ਘੜਾ ਚਿਪਕਦਾ ਦਰਸਾਇਆ ਹੈ। ਕਿਤੇ ਕਲਯੁਗ ਨੂੰ ਅਨੇਰੀ, ਅਗਨੀ, ਧੂਆਂ ਅਤੇ ਪਾਣੀ ਦਾ ਰੂਪ ਧਾਰਦੇ ਵਿਖਾਇਆ ਹੈ। ਮੱਕਾ ਘੁੰਮ ਜਾਂਦਾ ਹੈ ਅਤੇ ਅੰਤ ਕਰਤਾਰਪੁਰ ਬਾਬੇ ਦੀ ਮ੍ਰਿਤਕ ਦੇਹ ਹੀ ਅਲੋਪ ਹੋ ਜਾਂਦੀ ਹੈ। ਕਰਾਮਾਤਾਂ ਨੇ ਸ਼ੈਲੀ ਨੂੰ ਬੌਧਿਕ ਦੀ ਥਾਂ ਰੁਮਾਂਚਿਕ ਬਣਾ ਦਿੱਤਾ ਹੈ।

ਇਸ ਤਰ੍ਹਾਂ ਇਸ ਜਨਮਸਾਖੀ ਨੂੰ ਪੜ੍ਹ ਕੇ ਗੁਰੂ ਸਾਹਿਬ ਦੇ ਸਿੱਖਾਂ ਨੂੰ ਆਪਣੇ ਆਗੂ ਬਾਰੇ ਵੱਧ ਤੋਂ ਵੱਧ ਜਾਣਨ ਦੀ ਲਾਲਸਾ ਜਾਗੀ ਤੇ ਉਹਨਾਂ ਦੀ ਇਸ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਹਰ ਸਾਖੀਕਾਰ ਵੱਧ ਤੋਂ ਵੱਧ ਪ੍ਰਮਾਣਿਕ ਤੇ ਵਿਸ਼ਵਾਸਯੋਗ ਵਾਕਫ਼ੀ ਦੇਣ ਦਾ ਦਾਹਵਾ ਕਰਨ ਲੱਗਾ। ਇਹਨਾਂ ਵਿੱਚ ਇਤਿਹਾਸ ਘੱਟ ਤੇ ਲੋਕ-ਗਾਥਾ ਵਧੇਰੇ ਲੱਭੀ ਜਾ ਸਕਦੀ ਹੈ। ਇਹਨਾਂ ਸਾਖੀਆਂ ਦੀ ਉਤਪਤੀ ਬਾਰੇ ਉਹ ਲਿਖਦੇ ਹਨ ਕਿ ਇਹਨਾਂ ਸਾਖੀਆਂ ਦਾ ਜਨਮ ਮੁੱਖ ਤੌਰ ਤੇ ਸੰਤਾਂ ਤੇ ਗੁਰੂਆਂ ਦੇ ਮੁੱਖ ਵਾਕਾਂ ਨੂੰ ਇੰਨ-ਬਿਨ ਲੇਖਣੀ-ਵੱਸ ਕਰਨ, ਸਾਂਭਣ ਦੀ ਧਾਰਮਿਕ ਲੋੜ ਵਿਚੋਂ ਹੋਇਆ। ਮਗਰੋਂ ਉਹਨਾਂ ਦੇ ਪੈਰੋਕਾਰਾਂ ਦੀ ਅਗਵਾਈ ਅਤੇ ਲਾਭ ਹਿੱਤ ਆਪਣੇ ਵਿਛੜ ਚੁੱਕੇ ਆਗੂਆਂ ਨਾਲ ਸੰਬੰਧਿਤ ਕਾਰਜਾਂ, ਸਫਰਾਂ, ਮਿਲਣੀਆਂ, ਗੋਸ਼ਟਾਂ, ਬਹਿਸਾਂ, ਕਰਾਮਾਤਾਂ, ਉਹਨਾਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੰਪਰਕਾਂ ਅਤੇ ਸਾਹਿਤਿਕ ਕਿਰਤਾਂ ਦੀ ਸਾਂਭ-ਸੰਭਾਲ ਕੀਤੀ ਗਈ। ਇਹਨਾਂ ਬਾਰੇ ਪ੍ਰਾਪਤ ਹਰ ਛੋਟੇ ਜੀਵਨੀਪਰਕ ਜਾਂ ਸਾਹਿਤਿਕ ਵੇਰਵੇ ਨੂੰ ਹਾਰਦਿਕ ਪ੍ਰਸ਼ੰਸ਼ਾ, ਮੰਨਣਯੋਗਤਾ ਅਤੇ ਸ਼ਰਧਾ ਮਿਲਦੀ ਸੀ। ਸਮਾਂ ਪਾ ਕੇ ਇਹ ਵੇਰਵੇ ਵਧੇਰੇ ਗੌਰਵਮਈ ਅਤੇ ਮੰਨਣਯੋਗ, ਲਿਖਤੀ ਜਾਂ ਜ਼ੁਬਾਨੀ ਵਿਸਤਾਰਾਂ ਦਾ ਮੂਲ ਆਧਾਰ ਬਣੇ। ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਮੋਢੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਤਾਂਘ ਤੇ ਜਿਗਿਆਸਾ ਰੱਖਣ ਲੱਗੀਆਂ। ਡਾ. ਮੋਹਨ ਸਿੰਘ ਨੇ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਜਨਮਸਾਖੀਆਂ ਵਿਚੋਂ ਇਤਿਹਾਸ ਲੱਭਣਾ ਠੀਕ ਨਹੀਂ ਕਿਉਂਕਿ ਇਹਨਾਂ ਦਾ ਆਧਾਰ ਧਾਰਮਿਕ ਲੋੜ, ਸ਼ਰਧਾ ਅਤੇ ਲੋਕ ਵਿਰਸਾ ਹੈ।ਇਸ ਤਰ੍ਹਾਂ ਭਾਵੇ ਜਨਮਸਾਖੀ ਪਰੰਪਰਾ ਵਿੱਚ ਕਈ ਜਨਮਸਾਖੀਆਂ ਲਿਖੀਆਂ ਗਈਆਂ ਪਰ ਪੁਰਾਤਨ ਜਨਮਸਾਖੀ ਆਪਣੇ ਉਪਰ ਦੱਸੇ ਗਏ ਗੁਣਾ ਕਰਕੇ ਆਪਣੀ ਇੱਕ ਵੱਖਰੀ ਮਹੱਤਤਾ ਰੱਖਦੀ ਹੈ। ਇਸ ਜਨਮਸਾਖੀ ਰਾਹੀਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਵਿਸ਼ੇਸ਼ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਜਨਮਸਾਖੀ ਵਿੱਚ ਆਈਆਂ ਇਤਿਹਾਸਿਕ ਤੇ ਮਿਥਿਹਾਸਕ ਘਟਨਾਵਾਂ ਰਾਹੀਂ ਸਾਨੂੰ ਉਸ ਸਮੇਂ ਦੇ ਇਤਿਹਾਸਕ ਤੱਥਾਂ ਬਾਰੇ ਅਤੇ ਮਿਥਿਹਾਸਿਕ ਤੱਥਾਂ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿੱਚ ਵਰਤੀ ਗਈ ਭਾਸ਼ਾ ਸਾਨੂੰ ਉਸ ਸਮੇਂ ਦੀ ਭਾਸ਼ਾ ਅਤੇ ਸਾਹਿਤ ਨੂੰ ਸਮਝਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ।

ਪੁਰਾਤਨ ਜਨਮਸਾਖੀ ਮੱਧਕਾਲੀਨ ਪੰਜਾਬੀ ਵਾਰਤਕ ਦੀ ਮਹੱਤਵਪੂਰਨ ਜਨਮਸਾਖੀ ਪਰੰਪਰਾ ਦੀ ਨਾ ਕੇਵਲ ਰਚਨਾ ਹੈ ਬਲਕਿ ਇਹ ਇੱਕ ਸਰਬੋਤਮ ਰਚਨਾ ਵੀ ਹੈ, ਜਿਸ ਦਾ ਇਹ ਨਾਂ ਭਾਈ ਵੀਰ ਸਿਘ ਜੀ ਨੇ ਦਿੱਤਾ। ਭਾਈ ਵੀਰ ਸਿੰਘ ਨੇ ਜੁਲਾਈ ਅਗਸਤ 1926 ਵਿਚ ਇਸ ਨੂੰ ਪਹਿਲੀ ਵਾਰ ਸੰਪਾਦਿਤ ਕੀਤਾ ਅਤੇ ਪੰਜਾਬੀ ਪਾਠਕਾਂ ਸਾਂਹਵੇ ਲਿਆਂਦਾ। ਪ੍ਰੋ ਗੁਰਮੁਖ ਸਿੰਘ ਨੂੰ ਇਸ ਦਾ ਨੁਸਖਾ ਹਾਫ਼ਿਜ਼ਾਬਾਦ ਜ਼ਿਲ੍ਹਾ ਗੁਜ਼ਰਾਂਵਾਲ ਪਾਕਿਸਤਾਨ ਤੋਂ ਪ੍ਰਾਪਤ ਕੀਤਾ ਸੀ। ਪ੍ਰੋ. ਗੁਰਮੁੱਖ ਸਿੰਘ ਨੇ ਇਹ ਨੁਸਖਾ ਮਿਸਟਰ ਮੈਕਸ ਆਰਥਰ ਮੈਕਾਲਿਫ਼ ਪਥਰ ਛਾਪ ਵਿਚ 1885 ਈ. ਵਿਚ ਦਿੱਤਾ। ਇਸੇ ਲਈ ਇਸ ਨੂੰ ਮੈਕਾਲਿਫ਼ ਵਾਲੀ ਜਨਮਸਾਖੀ ਕਰਕੇ ਵੀ ਜਾਣਿਆ ਜਾਣ ਲੱਗ ਪਿਆ। ਇਸ ਨੂੰ ਕੋਲਬੁਰਕ ਵਾਲੀ ਅਥਵਾ ਵਲਾਇਤ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਇੱਕ ਪ੍ਰਤਿ ਮਿਸਟਰ ਐਚ. ਟੀ. ਕੋਲਬਰੁਕ ਨੂੰ 1815-16 ਵਿਚ ਮਿਲੀ ਜੋ ਉਸ ਨੇ ਤੋਹਫ਼ੇ ਵਜੋਂ ਈਸਟ ਇੰਡੀਆਂ ਕੰਪਨੀ ਨੂੰ ਭੇਂਟ ਕੀਤੀ ਡਾ. ਅਰਨਸਟ ਟ੍ਰੰਪ (1828-1885) ਵਲੋਂ 1872 ਵਿਚ ਆਪਣੀ ਪੁਸਤਕ ਦੀ ਭੂਮਿਕਾ ਵਿਚ ਕੀਤੇ ਜ਼ਿਕਰ ਨੇ ਸਭਾਵਾਂ ਦਾ ਧਿਆਨ ਖਿੱਚਿਆ ਅਤੇ ਉਨ੍ਹਾਂ ਦੀ ਮੰਗ ਤੇ ਪੰਜਾਬ ਦੇ ਉਸ ਵੇਲੇ ਦੇ ਲੈਫਟੀਨੈਂਟ ਗਵਰਨ ਸਰ ਚਾਰਲਸ ਐਚਸਨ ਨੇ ਇਸ ਮੂਲ ਨੁਸਖੇ ਨੂੰ 1880 ਵਿਚ ਪੰਜਾਬ ਮੰਗਵਾਇਆ ਅਤੇ ਉਸ ਦੇ ਜ਼ਿੰਕੋਗ੍ਰਾਫਿਕ ਉਤਾਰਾ ਕਰਾ ਕੇ ਵੱਖ-ਵੱਖ ਸੰਸਥਾਵਾਂ ਨੂੰ ਸੁਗਾਤ ਵਜੋਂ ਭੇਂਟ ਕੀਤਾ।ਭਾਈ ਵੀਰ ਸਿੰਘ ਨੇ ਇਸ ਜਨਮਸਾਖੀ ਦੀ ਸੰਪਾਦਨਾ ਲਈ ਇਨ੍ਹਾਂ ਮੂਲ ਨੁਸਖਿਆਂ ਨੂੰ ਹੀ ਆਧਾਰ ਬਣਾਇਆ ਹੈ। ਪਹਿਲੇ ਸੰਸਕਰਣ ਤੋਂ “ਬਾਅਦ ਦੇ ਸੰਸਕਰਣਾਂ ਵਿਚ ਜਿਵੇਂ ਭਾਈ ਸਾਹਿਬ ਨੇ ਇਸ ਦੀ ਭੂਮਿਕਾ ਵਿਚ ਸੂਚਨਾ ਦਿੱਤੀ ਹੈ ਉਨ੍ਹਾਂ ਨੇ ਇਸ ਜਨਮਸਾਖੀ ਦੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪਏ ਨੁਸਖੇ ਨਾਲ ਪਾਠ ਨੂੰ ਮੇਲਿਆ।

ਇਸ ਜਨਮਸਾਖੀ ਨੂੰ ਗੁਰੂ ਨਾਨਕ ਦੇਵ ਜੀ ਦੀ ਅਸਲ ਅਤੇ ਸਭ ਤੋਂ ਪੁਰਾਤਨ ਜਨਮਸਾਖੀ ਵੀ ਮੰਨ ਲਿਆ ਗਿਆ ਹੈ ਪਰ ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਫਿਰ ਵੀ ਅਧੂਰਾ ਹੀ ਛੱਡ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਗਲਤ ਜਾਣਕਾਰੀ ਵੀ ਦਿੰਦੀ ਹੈ। ਗੁਰੂ ਜੀ ਦੇ ਜਨਮ ਦੀ ਮਿਤੀ ਇਸ ਨੇ ਮਿਹਰਬਾਨ ਵਾਲੀ ਜਨਮਸਾਖੀ ਵਾਲੀ ਵਿਸਾਖ ਸੁਦੀ ਤੀਜ ਦੱਸੀ ਹੈ। ਜਿਸ ਨੂੰ ਸਿੱਖ ਜਗਤ ਉੱਕਾ ਹੀ ਪਰਵਾਨ ਨਹੀਂ ਕਰ ਰਿਹਾ। ਦੂਜੀ ਮਿਤੀ, ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਦੀ ਇਸ ਨੇ ਅਸੂ ਸੁਦੀ 10, ਸੰਮਤ 1595 ਬਿ. ਦਿੱਤੀ ਹੈ, ਇਹ ਵੀ ਇਕਦਮ ਗਲਤ ਹੈ। ਇਹੀ ਦੋ ਮਿਤੀਆਂ ਹਨ ਜਿਨ੍ਹਾਂ ਦੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਲਿਖਣ ਵਿਚ ਲੋੜ ਹੈ। ਇਹੀ ਦੋਵੇਂ ਗਲਤ ਹਨ। ਵਿਸਾਖ ਸੁਦੀ ਤੀਜ ਵਾਲੀ ਲਿਖਤ ਕੇਵਲ ਤੇ ਕੇਵਲ ਮਿਹਰਬਾਨ ਦੀ ਜਨਮਸਾਖੀ ਤੋਂ ਸ਼ੁਰੂ ਹੋਈ ਮਿਤੀ ਹੈ ਜਿਸ ਨੂੰ ਅਪਣਾਇਆ ਨਹੀਂ ਗਿਆ। ਮਿਹਰਬਾਨ ਵਾਲੀ ਜਨਮਸਾਖੀ ਦੁਆਰਾ ਦੱਸੀ ਗਈ ਮਿਤੀ ਨੂੰ ਤਾਂ ਸਿੱਖ ਜਗਤ ਨੇ ਇਸ ਕਰਕੇ ਨਹੀਂ ਮੰਨਿਆ ਸੀ ਕਿਉਂਕਿ ਮਿਹਰਬਾਨ ਗੁਰੂ-ਘਰ ਦਾ ਵਿਰੋਧੀ ਲੇਖਕ ਸੀ।

ਅਸਲ ਵਿਚ ਪੁਰਾਤਨ ਜਨਮਸਾਖੀ ਦਾ ਸਾਰਾ ਮੁੱਢ ਹੀ ਅੰਗਰੇਜਾਂ ਦੇ ਆਉਣ ਨਾਲ ਸ਼ੁਰੂ ਹੁੰਦਾ ਹੈ। ਜਦੋਂ ਸਾਡੀ ਰਾਜਨੀਤਕ ਆਜ਼ਾਦੀ ਅੰਗਰੇਜ਼ਾਂ ਨੇ 1849 ਵਿਚ ਖ਼ਤਮ ਕਰਕੇ ਸਾਸ਼ਨ ਆਪਣੇ ਅਧੀਨ ਕਰ ਲਿਆ ਸੀ ਤਾਂ ਉਸੇ ਸਮੇਂ ਤੋਂ ਹੀ ਪੁਰਾਤਨ ਜਨਮਸਾਖੀ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ ਸੀ। ਮਿਹਰਬਾਨ ਵਾਲੀ ਜਨਮਸਾਖੀ ਦਾ ਇਕ ਸੰਖੇਪ ਰੂਪ ਤਿਆਰ ਕਰਵਾ ਕੇ ਮਿ. ਕੋਲਬਰੁੱਕ ਨੂੰ ਦਿੱਤਾ ਗਿਆ। ਕੋਲਬਰੁੱਕ ਨੇ ਉਸ ਸੰਖੇਪ ਰੂਪ ਵਿਚ ਤਿਆਰ ਕਰਵਾਏ ਖਰੜੇ ਦੀ ਇਕ ਕਾਪੀ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਰਖਵਾ ਦਿੱਤੀ ਸੀ। ਜਦੋਂ 1872 ਵਿਚ ਮਿ. ਅਰਨੈਸਟ ਟਰੰਪ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾਇਆ ਗਿਆ ਤਾਂ ਡਾ. ਟਰੰਪ ਨੇ ਆਪਣੀ ਇੰਟਰੋਡਕਸ਼ਨ ਵਿਚ, ਤਰਜਮਾ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਦੇਣਾ ਸੀ, ਉਸ ਨੂੰ ਲਿਖਣ ਲਈ ਬ੍ਰਿਟਿਸ਼ ਅਧਿਕਾਰੀਆਂ ਨੇ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚੋਂ ਉਹੀ ਸੰਖੇਪ ਕੀਤਾ ਹੋਇਆ ਖਰੜਾ ਡਾ. ਟਰੰਪ ਨੂੰ ਮੁਹੱਈਆ ਕਰਵਾ ਦਿੱਤਾ ਸੀ। ਇਸ ਤਰ੍ਹਾਂ ਪਹਿਲੀ ਵਾਰ ਇਸ ਖਰੜੇ ਦੀ ਵਰਤੋਂ ਡਾ. ਟਰੰਪ ਨੇ ਕੀਤੀ ਸੀ। ਇਸ ਵਿਚ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਜਨਮ-ਪੁਰਬ ਵਿਸਾਖ ਸੁਦੀ ਤੀਜ ਦਾ ਲਿਖਿਆ ਹੋਇਆ ਸੀ ਇਸ ਲਈ ਡਾ. ਟਰੰਪ ਨੇ ਇਸੇ ਖਰੜੇ ਦੇ ਆਧਾਰ ਤੇ ਜਨਮਦਿਨ ਵਿਸਾਖ ਸੁਦੀ ਤੀਜ ਦਾ ਹੀ ਲਿਖਿਆ ਸੀ। ਇਥੋਂ ਹੀ ਸ਼ੁਰੂਆਤ ਹੋਈ ਸੀ ਕੱਤਕ ਦੀ ਪੂਰਨਮਾਸ਼ੀ ਚੁਣੌਤੀ ਦੇਣ ਦੀ ਗੱਲ ਅਤੇ ਇਥੋਂ ਹੀ ਸ਼ੁਰੂਆਤ ਹੋਈ ਸੀ ਮਿਹਰਬਾਨ ਜਨਮਸਾਖੀ ਤੋਂ ਸੰਖੇਪ ਰੂਪ ਵਿਚ ਤਿਆਰ ਕੀਤੇ ਗਏ ਖਰੜੇ ਇਕ ਨਵੀਂ ਜਨਮਸਾਖੀ ਦੇ ਤੌਰ ਤੇ ਮੰਨਣ ਦੀ ਗੱਲ।

ਪੁਰਾਤਨ ਜਨਮਸਾਖੀ ਵਿਚ ਅਨੇਕਾਂ ਵਿਸ਼ਿਆਂ ਦੀ ਭਾਰਮਾਰ ਵੇਖੀ ਜਾ ਸਕਦੀ ਹੈ ਇਹ ਵਿਸ਼ੇ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਸ਼ਖ਼ਸੀਅਤ ਉੱਤੇ ਚਾਨਣਾ ਪਾਉਂਦੇ ਹਨ ਉੱਥੇ ਇਹ ਵਿਸ਼ੇ ਉਸ ਸਮੇਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਆਦਿ ਪਹਿਲੂਆਂ ਉੱਤੇ ਵੀ ਝਾਤ ਪਵਾਉਂਦੇ ਹਨ। ਬੇਸ਼ੱਕ ਪੁਰਾਤਨ ਜਨਮਸਾਖੀ ਵਿਚ ਮਿਥਿਹਾਸਕ ਅਤੇ ਸ਼ਰਧਾਮਈ ਘਟਨਾਵਾਂ ਨੂੰ ਚਮਤਕਾਰੀ ਲਿਬਾਸ ਪਹਿਨਾ ਕੇ ਪ੍ਰਸਤੁਤ ਕੀਤਾ ਗਿਆ ਹੈ ਪਰ ਫਿਰ ਵੀ ਇਸ ਦੀ ਇਤਿਹਾਸਕਤਾ ਨਾਲੋਂ ਸਾਂਝ ਘੱਟ ਨਹੀਂ ਹੁੰਦੀ ਬਲਕਿ ਇੰਝ ਕਿਹਾ ਜਾ ਸਕਦਾ ਹੈ ਕਿ ਜਨਮਸਾਖੀਆਂ ਵਿਚਲੀਆਂ ਇਤਿਹਾਸਕ ਘਟਨਾਵਾਂ ਨੂੰ ਮਿਥਿਹਾਸ ਦੀ ਰੰਗਤ ਪ੍ਰਦਾਨ ਕਰਕੇ, ਜਨਮਸਾਖੀਆਂ ਨੂੰ ਰੌਚਕ ਬਣਾਉਣ ਦਾ ਯਤਨ ਕੀਤਾ ਗਿਆ ਹੈ। ਪੁਰਾਤਨ ਜਨਮਸਾਖੀ ਵਿਚ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਆਉਂਦੀਆਂ ਹਨ ਜਿਨ੍ਹਾਂ ਦੇ ਵਿਸ਼ੇ ਚਮਤਕਾਰੀ ਅਤੇ ਮਿਥਿਹਾਸਕਤਾ ਨਾਲ ਜੁੜਦੇ ਹਨ। ਜਿਵੇਂ ਪੁਰਾਤਨ ਜਨਮਸਾਖੀ ਵਿਚ ਇੱਕ ਅਜਿਹੀ ਘਟਨਾ ਆਉਂਦੀ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਚਮਤਕਾਰੀ ਅਤੇ ਕਿਰਤ ਦੀ ਮਹਾਨਤਾ ਵਾਲੇ ਵਿਸ਼ੇ ਉਤਪੰਨ ਕਰਦੀ ਹੈ। ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਕਾਲੂ ਜੀ ਪਸ਼ੂ ਚਰਾਉਣ ਭੇਜਦੇ ਹਨ, ਜਿੱਥੇ ਪਸ਼ੂ ਕਣਕ ਦਾ ਨੁਕਸਾਨ ਕਰ ਦਿੰਦੇ ਤੇ ਰਾਇ ਬੁਲਾਰ ਇਸ ਘਟਨਾ ਦੀ ਤੁਰਕਾਂ ਨੂੰ ਸ਼ਿਕਾਇਤ ਲਗਾਉਣ ਦੀ ਧਮਕੀ ਦਿੰਦਾ ਹੈ। ਪੁਰਾਤਨ ਜਨਮਸਾਖੀ ਵਿਚ ਇਹ ਘਟਨਾ ਕੁੱਝ ਇਸ ਤਰ੍ਹਾਂ ਹੈ :

'ਨਾਨਕ ਏਹ ਘਰ ਦੀਆ ਮਹੀਂ ਹਨ, ਤੂੰ ਚਾਰ ਲੈ ਆਉ'। ਤਬ ਗੁਰੂ ਨਾਨਕ ਮਹੀਂ ਲੈ ਕੇ ਬਾਹਰ ਗਿਆ ਤਾਂ ਚਰਾਇ ਲੈ ਆਇਆ। ਫਿਰ ਅਗਲੇ ਦਿਨ ਗਿਆ ਤਾਂ ਮਹੀਂ ਛਡਕੇ ਕਣਕ ਦੇ ਬੰਨੇ ਪੈ ਸੁਤਾ, ਤਬ ਮਹੀਂ ਕਣਕ ਨੂੰ ਪਈਆਂ, ਤਬ ਕਣਕ ਉਜਾੜ ਦੂਰ ਕੀਤੀ। ਤਬ ਇਕ ਭਟੀ ਥਾਂ ਕਣਕ ਦਾ ਖਾਂਵਦ ਉਹ ਆਇ ਗਿਆ। ਉਨ ਭਟੀ ਕਹਿਆ, 'ਭਾਈ ਵੇ ! ਤੈਂ ਜੋ ਖੇਤ ਉਜਾੜਿਆ ਹੈ, ਸੋ ਕਿਉਂ ਉਜਾੜਿਆ ਹੈ ? ਇਸ ਉਜਾੜੇ ਦਾ ਜਵਾਬ ਦੇਹ।' ਤਬ ਗੁਰੂ ਨਾਨਕ ਕਹਿਆ, 'ਭਾਈ ਵੇ ! ਤੇਰਾ ਕਿਛੁ ਨਾਹੀਂ ਉਜੜਿਆ। ਕਿਆ ਹੋਇਆ ਜੇ ਕਿਸੇ ਮਹੀਂ ਮੂੰਹ ਪਾਇਆ ? ਖੁਦਾਇ ਇਸੇ ਵਿਚ ਬਰਕਤ ਘਤਸੀ।' ਤਾਂ ਭੀ ਉਹ ਰਹੇ ਨਾਂਹੀ, ਗੁਰੂ ਨਾਨਕ ਨਾਲ ਲਗਾ ਲੜਨ। ਤਬ ਗੁਰੂ ਨਾਨਕ ਅਤੇ ਭਟੀ ਝਗੜਦੇ ਝਗੜਦੇ ਰਾਏ ਪਾਸ ਆਇ ਖੜੇ ਹੋਏ, ਤਬ ਰਾਇ ਬਲਾਰ ਕਹਿਆ, 'ਇਹ ਦਿਵਾਨਾ ਹੈ, ਤੁਸੀਂ ਕਾਲੂ ਨੂੰ ਸਦਾਵਹੁ'। ਤਬ ਕਾਲੂ ਨੂੰ ਸਦਾਇਆ। ਤਬ ਰਾਇ ਬੁਲਾਰ ਆਖਿਆ, 'ਕਾਲੂ, ਇਸ ਪੁਤ੍ਰ ਨੂੰ ਸਮਝਾਇੰਦਾ ਕਿਉਂ ਨਾਹੀਂ ਜੋ ਪਰਾਈ ਖੇਤੀ ਉਜਾੜ ਆਇਆ ਹੈ ? ਭਲਾ ਦਿਵਾਨਾ ਕਰ ਛੋਡਿਆ ਆਹੀ। ਭਾਈ ਵੇ ! ਇਹ ਉਜਾੜਾ ਜਾਇ ਭਰ ਦੇਹ ਨਾਂਹੀ ਤੁਰਕਾਂ ਪਾਸ ਕਾਇ ਖੜਾ ਹੋਸੀਆ।ਪੁਰਾਤਨ ਜਨਮਸਾਖੀ ਦੀ ਇਹ ਘਟਨਾ ਗੁਰੂ ਨਾਨਕ ਦੇਵ ਜੀ ਦੀ ਕਿਰਤ ਦੇ ਸੰਕਲਪ ਨੂੰ ਹੋਰ ਵੀ ਦਿੜ੍ਹ ਕਰਦੀ ਹੈ ਕਿ ਗੁਰੂ ਨਾਨਕ ਦੇਵ ਜੀ ਖੁਦ ਵੀ ਕਿਰਤ ਕਰਦੇ ਸਨ ਪਰ ਕਿਰਤ ਕਰਦਿਆਂ ਵੀ ਉਹ ਸੱਚੇ ਪਾਤਸ਼ਾਹ ਦੀ ਬੰਦਗੀ ਅਰਾਦਨਾ ਵਿਚ ਲੀਨ ਰਹਿੰਦੇ ਹਨ। ਜਦੋਂ ਗੁਰੂ ਨਾਨਕ ਦੇਵ ਦੀਆਂ ਮਹੀਂ ਦੂਸਰੇ ਖੇਤਾਂ ਵਿਚ ਵੜ੍ਹੀਆਂ ਦੇਖੀਆਂ ਤਾਂ ਰਾਇ ਬੁਲਾਰ ਨੇ ਇਸ ਨੁਕਸਾਨ ਦਾ ਖਾਮਿਆਜ਼ਾ ਭੁਗਤਣ ਲਈ ਕਿਹਾ, ਪਰ ਗੁਰੂ ਨਾਨਕ ਦੇਵ ਜੀ ਕਿਹਾ 'ਦੀਵਾਨ ਸਲਾਮਤਿ ! ਜੇ ਹਿਕੁ ਪਠਾ ਰੁੜਿਕਾ ਹੋਵੈ ਤਾਂ ਜਬਾਬੁ ਕਰਣਾ, ਪਰ ਤੁਸੀਂ ਆਪਨਾ ਆਦਮੀ ਭੇਜਿ ਕਰਿ ਦੇਖਹੁ।' ਤਬ ਰਾਇ ਬੁਲਾਰ ਆਪਣੇ ਪਿਆਦੇ ਭੇਜੇ। ਜੋ ਊਹਾ ਆਦਮੀ ਤਾਂ ਖੇਤੀ ਸਬੂਤ ਖੜੀ ਹੈ, ਹਿਕ ਪਠਾ ਖੇਤੀ ਦਾ ਉਜਾੜਿਆ ਨਾਂਹੀ।ਜਨਮਸਾਖੀ ਦਾ ਇਹ ਵਿਸ਼ਾ ਜਿਸ ਵਿਚ ਪਸ਼ੂਆਂ ਵਲੋਂ ਨੁਕਸਾਨ ਕੀਤੇ ਖੇਤਾਂ ਨੂੰ ਮੁੜ ਹਰਿਆ ਭਰਿਆ ਕਰ ਦੇਣਾ ਕੋਈ ਚਮਤਕਾਰ ਤੋਂ ਘੱਟ ਨਹੀਂ ਹੈ।

ਚਮਤਕਾਰੀ ਵਿਸ਼ਿਆਂ ਦੀ ਭਰਮਾਰ ਇੱਥੇ ਹੀ ਬਸ ਨਹੀਂ ਕਰਦੀ ਬਲਕਿ ਜਨਮਸਾਖੀ ਦੇ ਪੜਾਅ ਦਰ ਪੜਾਅ ਅੱਗੇ ਵਧਣ ਦੇ ਨਾਲ ਚਮਤਕਾਰੀ ਵਿਸ਼ੇ ਵੀ ਅੱਗੇ ਵਧਦੇ ਹਨ। ਜਨਮਸਾਖੀ ਵਿਚ ਇੱਕ ਹੋਰ ਰੌਚਕ ਤੇ ਰਹੱਸ ਭਰਪੂਰ ਵਿਸ਼ਾ ਸਾਹਮਣੇ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਜਿਸ ਰੁੱਖ ਹੇਠ ਅਰਾਮ ਕਰ ਰਹੇ ਸਨ, ਉਸ ਰੁੱਖ ਦੀ ਛਾਂ ਤੋਂ ਇਲਾਵਾ ਹੋਰਨਾਂ ਰੁੱਖਾਂ ਦੀ ਛਾਂ ਨਾ ਹੋਣਾ ਵੀ ਇੱਕ ਅਲੌਕਿਕ ਤੇ ਅਲੋਕਾਰੀ ਦ੍ਰਿਸ਼ ਉਤਪੰਨ ਕਰਦਾ ਹੈ। ਜਨਮਸਾਖੀ ਅਨੁਸਾਰ : "ਤਬਿ ਰਾਇ ਬੁਲਾਰ ਦੇਵ ਭਟੀ ਸਿਕਾਰਿ ਚੜਿਆ ਥਾ ਅਉਂਦਾ ਆਉਂਦਾ ਜਾਂ ਬਾਗ ਵਿਚ ਆਵੇ, ਤਾਂ ਕੋਈ ਦਰਖਤ ਹੇਠਿ ਸੁਤਾ ਪਿਆ ਹੈ। ਪਰੁ ਜਾਂ ਦੇਖੈ ਤਾਂ ਹੋਰਨਾਂ ਦਰਖਤਾਂ ਦੀ ਛਾਇਆ ਚਲੀ ਗਈ ਹੈ, ਅਰੁ ਇਸ ਦਰਖਤ ਦਾ ਪਾਛਾਵਾ ਖੜਾ ਹੈ। ਤਬ ਰਾਇ ਬੁਲਾਰ ਆਖਿਆ, 'ਇਸ ਨੂੰ ਜਗਾਇਹੁ'। ਜਬਿ ਉਠਾਇਆ, ਤਾਂ ਕਾਲੂ ਦਾ ਪੁਤ੍ਰ ਹੈ।

ਜਨਮਸਾਖੀ ਦਾ ਪਾਤਰ ਰਾਇ ਬੁਲਾਰ ਗੁਰੂ ਨਾਨਕ ਦੇਵ ਜੀ ਦੇ ਦਿੱਬ ਸਰੂਪ ਤੇ ਰੂਹਾਨੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੁੰਦਾ ਹੈ। ਉਸ ਨੇ ਗੁਰੂ ਨਾਨਕ ਦੇਵ ਜੀ ਦਾ ਇਹ ਸਰੂਪ ਇੱਕ ਵਾਰ ਨਹੀਂ ਬਲਕਿ ਕਈ ਵਾਰ ਅਲੌਕਿਕ ਤੇ ਚਮਤਕਾਰੀ ਘਟਨਾਵਾਂ ਰਾਹੀਂ ਦੇਖਿਆ ਸੀ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਜਿਹੇ ਬਹੁਤ ਸਾਰੇ ਚਮਤਕਾਰੀ ਤੇ ਅਲੌਕਿਕ ਵਿਸ਼ਿਆਂ ਨੂੰ ਪੁਰਾਤਨ ਜਨਮਸਾਖੀ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਵੇਈਂ ਵਾਲੀ ਘਟਨਾ ਨੂੰ ਵੀ ਪੁਰਾਤਨ ਜਨਮਸਾਖੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ। ਜਨਮਸਾਖੀ ਅਨੁਸਾਰ : "ਇਕਿ ਦਿਨਿ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰੀਆਉ ਵੈਦਾ ਆਹਾ, ਸੁ ਇਕਿ ਦਿਨਿ ਇਕੁ ਖਿਜਮਤਿਦਾਰੁ ਲੈ ਕਰਿ ਗਾਇਆ, ਕਪੜੇ ਲਾਹੀ ਖਿਜਮਿਤਦਾਰ ਕੇ ਹਵਾਲੈ ਕੀਤੈ, ਆਪਿ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ ਕੀਤੀ 'ਜੀ ਨਾਨਕ ਹਾਜਰੁ ਹੈ।' ਤਬ ਸਚੀ ਦਰਗਾਹੁ ਦਰਸਨੁ ਹੋਆ, ਸਾਹਿਬ ਮਿਹਰਵਾਨ ਹੋਆ। ਤਬਿ ਓਹੁ ਖਿਜਮਤਦਾਰੁ ਕਪੜਿਆਂ ਉੱਤੇ ਖੜਾ ਆਹਾ, ਸੋ ਖੜਾ ਖੜਾ ਹੁਟਿ ਗਇਆਪ ਓਨਿ ਆਖਿਆ, ਜੋ 'ਨਾਨਕ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ ਨਾਹੀਂ।' ਓਸਿ ਆਇ ਖਾਨ ਪਾਸਿ ਅਰਜੁ ਕੀਤੋਸ, 'ਖਾਨ ਸਲਾਮਤਿ ! ਨਾਨਕੁ ਦਰੀਆਉ ਵਿਚਿ ਪਾਇਆ ਆਹਾ ਸੋ ਨਿਕਲਿਓ ਨਾਹੀ।' ਤਬਿ ਖਾਨ ਅਸਵਾਰੁ ਹੋਇਆ ਬਾਹਰਿ ਆਇਆ। ਦਰੀਆਉ ਉਪਰਿ ਆਇਆ, ਮਲਾਹ ਬੁਲਾਏ, ਅਰੁ ਜਾਲਬੰਧਿ ਪਵਾਏ। ਤਬਿ ਮਲਾਹ ਸੋਧਿ ਥਕੈ ਪਰੁ ਲਧੋ ਨਾਹੀਂ। ਤਬਿ ਖਾਨੁ ਬਹੁਤ ਦਲਗੀਰੁ ਹੋਆ। ਫਿਰਿ ਅਸਵਾਰੁ ਹੋਆ, ਆਖਿਓਸੁ, ਨਾਨਕ ਭਲਾ ਥਾ', ਖਾਨ ਘਰਿ ਆਇਆ।ਗੁਰੂ ਨਾਨਕ ਦੇਵ ਜੀ ਦੇ ਵੇਈਂ ਇਸ਼ਨਾਨ ਸਮੇਂ ਜਦੋਂ ਵੇਈਂ ਵਿਚੋਂ ਬਾਹਰ ਨਾ ਆਏ ਤਾਂ ਸ਼ਰਧਾਲੂਆਂ ਵਿਚ ਹੜਕੰਪ ਮੱਚ ਗਿਆ। ਸਾਖੀਕਾਰ ਨੇ ਆਪਣੀ ਤੇਜ਼ ਕਲਪਨਾ ਸ਼ਕਤੀ ਤੇ ਬੁੱਧੀ ਦੁਆਰਾ ਵੇਈਂ ਵਾਲੀ ਘਟਨਾ ਦੇ ਦ੍ਰਿਸ਼ ਨੂੰ ਕਲਾਮਈ ਢੰਗ ਨਾਲ ਉਸਾਰਿਆ ਹੈ। ਇਸ ਘਟਨਾ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਵਾਲੇ ਸ਼ਬਦਾਂ ਦਾ ਉਚਾਰ ਪ੍ਰਸਤੁਤ ਕਰਦਾ ਹੈ। ਸਾਖੀਕਾਰ ਨੇ ਇਸ ਘਟਨਾ ਨੂੰ ਜਨਮਸਾਖੀ ਵਿਚ ਕੁੱਝ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ :

"ਤਬਿ ਇਕੁ ਦਿਨ ਗੁਜਰ ਗਇਆ। ਤਬਿ ਅਗਲੇ ਦਿਨਿ ਬਕਿ ਖਲਾ ਹੋਇਆ, ਜੋ 'ਨਾ ਕੋਈ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ।' ਜਬ ਬੋਲੈ, ਤਾਂ ਇਹੋ ਅਵਾਜ ਕਰੈ। ਤਬਿ ਲੋਕਾਂ ਜਾਇ ਕਰਿ ਖਾਨ ਜੋਗੁ ਕਹਿਆ, 'ਜੋ ਬਾਬਾ ਨਾਨਕੁ ਆਖਦਾ ਹੈ, ਜੋ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ।' ਤਬਿ ਖਾਨ ਕਹਿਆ, 'ਇਸ ਕੇ ਖਿਆਲ ਨਾਹੀ ਪਉਣਾ, ਇਹ ਫਕੀਰੁ ਹੈ।' ਤਬਿ ਇਕੁ ਨੇੜੈ ਕਾਜੀ ਬੈਠਾ ਥਾ, ਉਨਿ ਕਾਜੀ ਕਹਿਆ, 'ਖਾਨ ਜੀ ! ਅਜਬੁ ਹੈ, ਕਿਉਂ ਜੋ ਆਖਿਦਾ ਹੈ ? ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ।' ਤਬਿ ਖਾਨ ਕਹਿਆ ਆਦਮੀ ਤਾਈ ਜੋ 'ਬੁਲਾਇ ਆਨਿ।' ਤਬ ਆਇਕੇ ਕਹਿਣ ਲਗੇ, 'ਨਾਨਕ ! ਤੇਰੇ ਤਾਈ ਖਾਨੁ ਬੁਲਾਇੰਦਾ ਹੈ।' ਤਬਿ ਗੁਰੂ ਨਾਨਕ ਕਹਿਆ, 'ਮੈਂ ਤੇਰੇ ਖਾਨ ਦੀ ਕਿਆ ਪਰਵਾਹਿ ਪੜੀ ਹੈ ? ਤਬਿ ਲੋਕਾਂ ਕਹਿਆ, 'ਇਹੁ ਕਮਲਾ ਦਿਵਾਨਾ ਹੋਆ ਹੈ।' ਤਬਿ ਗੁਰੂ ਨਾਨਕ ਕਹਿਆ, 'ਮਰਦਾਨਿਆ ! ਰਬਾਬ ਵਜਾਇ।' ਤਾਂ ਮਰਦਾਨੈ ਰਬਾਬੁ ਵਜਾਇਆ ; ਰਾਗੁ ਮਾਰੂ ਕੀਤਾ"[1]

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪੁਰਾਤਨ ਜਨਮਸਾਖੀ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਨੂੰ ਪਾਠਕਾਂ ਸਾਂਹਵੇਂ ਰੱਖਦੀ ਹੈ ਜਿਸ ਨੂੰ ਪੜ੍ਹਦੇ ਸਮੇਂ ਪਾਠਕਾਂ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਬ੍ਰਹਮ ਸਰੂਪ ਤੇ ਦਿੱਬ ਸ਼ਕਤੀਆਂ ਵਾਲੇ ਰੂਹਾਨੀ ਸਰੂਪ ਦਾ ਬਿੰਬ ਬਣਦਾ ਹੈ। ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਆਮ ਲੋਕਾਂ ਨਾਲੋਂ ਵੱਖਰਾ ਤੇ ਉੱਚਾ ਦਰਸਾਉਣ ਲਈ, ਗੁਰੂ ਨਾਨਕ ਦੇਵ ਜੀ ਦੇ ਜੀਵਨ ਅੰਦਰ ਕਰਾਮਾਤੀ ਤਾਕਤਾਂ ਨੂੰ ਭਰਿਆ ਹੈ। ਗੁਰੂ ਨਾਨਕ ਦੇਵ ਜੀ ਹੀ ਨਹੀਂ ਬਲਕਿ ਜਨਮਸਾਖੀਆਂ ਵਿਚ ਹੋਰ ਵੀ ਕਈ ਤਰ੍ਹਾਂ ਦੇ ਕੀਟ-ਪਤੰਗੇ ਪਾਤਰ ਸਿਰਜ ਕੇ ਅਣਹੋਣੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਹੈ। ਜਿਵੇਂ :

"ਬਾਬੇ ਨਾਨਕ ਨੇ ਮਰਦਾਨੇ ਨੂੰ ਕੀੜ ਨਗਰ ਦਾ ਕਿੱਸਾ ਸੁਣਾਉਂਦਿਆ ਕਿਹਾ "ਮਰਦਾਨਿਆ ! ਇਕ ਦਿਨਿ ਇਕ ਰਾਜਾ ਚੜਿਆ ਥਾ, ਬਾਨਵੈ ਖੂਹਣੀ ਲਸਕਰੁ ਲੈਕਰਿ, ਇਕ ਰਾਜੇ ਉਪਰ ਚੜਿਆ ਥਾ, ਸੋ ਇਤੁ ਧਰਤੀ ਆਇ ਨਿਕਲਿਆ, ਤਬਿ ਇਕ ਕੀੜੀ ਜਾਇ ਮਿਲੀ, ਤਾਂ ਆਖਿਓਸੁ-'ਹੋ ਰਾਜਾ ! ਇਤੁ ਰਾਹਿ ਚਾਲੁ ਨਾਹੀਂ ਅਤੇ ਜੇ ਚਲਦਾ ਹੈਂ, ਤਾਂ ਮੇਰੀ ਰਜਾਇ ਵਿਚਿ ਚਾਲੁ'-ਤਬੁ ਰਾਜੇ ਪੁਛਿਆ-ਤੇਰੀ ਕਿਆ ਰਜਾਇ ਹੈ ?-।' ਤਬੁ ਕੀੜੀ ਕਹਿਆ-'ਹੋ ਰਾਜਾ ! ਮੇਰੀ ਇਹ ਰਜਾਇ ਹੈ, ਜੋ ਮੇਰੀ ਰੋਟੀ ਖਾਇ ਕਰਿ ਜਾਹਿ।' ਤਬੁ ਰਾਜੇ ਕਹਿਆ- 'ਮੈਂ ਬਾਵਨਿ ਖੂਹਣੀ ਕਾ

ਰਾਜਾ ਹਾਂ, ਮੈਂ ਤੇਰੀ ਰੋਟੀ ਕਿਉਂ ਕਰਿ ਖਾਵਾਂ।' - ਤਬਿ ਕੀੜੀ ਕਹਿਆ, -ਹੋ ਰਾਜਾ ਨਾਹੀ ਤਾਂ ਜੂਧੁ ਕਰਿਕੈ ਜਾਹੈ।' - ਤਬਿ ਰਾਜੇ ਕਹਿਆ - 'ਭਲਾ ਹੋਵੇ ਕੀੜੀ।'- ਹੋ ਮਰਦਾਨਿਆ ! ਤਬਿ ਰਾਜਾ ਜੁਧ ਲਗਾ ਕਰਣਿ ਬਾਵਨਿ ਖੂਹਣੀ ਲੇਕਰਿ ਕੀੜੀ ਸਾਥਿ। ਤਬ ਇਕਨ ਕੀੜੀ ਹੁਕਮ ਕੀਤਾ ਕੀੜੀਆਂ ਤਾਈਂ - 'ਜਾਇ ਕਰ ਬਿਖੁ ਲੇ ਆਵਹੁ।' - ਤਬਿ ਕੀੜੀਆਂ ਗਈਆਂ, ਪਿਆਲੁ ਤੇ ਬਿਖੁ ਮੁਹੁ ਭਰਿ ਲੇ ਆਈਆਂ। ਜਿਸ ਕਉ ਲਾਇਨ ਸੋ ਸੁਆਹ ਹੋ ਜਾਇ।

ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਇੱਕ ਨਾਇਕ ਵਜੋਂ ਚਿਤਰਿਆ ਹੈ। ਜਿਸ ਲਈ ਉਹ ਕਰਾਮਾਤੀ ਤਾਕਤਾਂ ਦਾ ਸਹਾਰਾ ਲੈਂਦਾ ਹੈ। ਇਨ੍ਹਾਂ ਕਰਾਮਾਤੀ ਤਾਕਤਾਂ ਨਾਲ ਹੀ ਸਾਖੀਕਾਰ ਜਨਮਸਾਖੀ ਵਿਚ ਰੌਚਕਤਾ ਤੇ ਨਾਟਕੀਅਤਾ ਨੂੰ ਕਾਇਮ ਰੱਖਦਾ ਹੈ। ਇੱਕ ਹੋਰ ਅਜਿਹੀ ਹੀ ਨਾਟਕੀਪਨ ਤੇ ਰੌਚਕ ਭਰਪੂਰ ਘਟਨਾ, ਜਿਸ ਨੂੰ ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੀਆਂ ਗੈਬੀ ਸ਼ਕਤੀਆਂ ਤੇ ਪਾਰਲੌਕਿਕ ਵਰਤਾਰੇ ਨੂੰ ਉਸਾਰਿਆ ਹੈ। ਪੁਰਾਤਨ ਜਨਮਸਾਖੀ ਅਨੁਸਾਰ ਇੱਕ ਵਾਰ ਭਾਈ ਮਰਦਾਨੇ ਨੂੰ ਭੱਖ ਲੱਗੀ ਤਾਂ ਗੁਰੂ ਨਾਨਕ ਦੇਵ ਜੀ ਨੇ ਫਲਾਂ ਵੱਲ ਇਸ਼ਾਰਾ ਕੀਤਾ ਤੇ ਕਿਹਾ ਖਾ ਲਾ ਪਰ ਨਾਲ ਨਾ ਲੈ ਕੇ ਤੁਰੀ। ਸਾਖੀਕਾਰ ਨੇ ਇਸ ਘਟਨਾ ਨੂੰ ਜਨਮਸਾਖੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ :

'ਮਰਦਾਨਿਆ ਇਸ ਰੁਖੁ ਦੇ ਫਲ ਖਾਹਿ, ਪਰੁ ਰਜਿ ਕੈ ਖਾਹਿ, ਜਿਤਨੇ ਖਾਇ ਸਕਦਾ ਹੈਂ, ਪਰੁ ਹੋਰੁ ਪੱਲੈ ਬੰਨਿ ਨਾਹੀਂ।' ਤਬ ਮਰਦਾਨੇ ਆਖਿਆ, 'ਜੀ ਭਲਾ ਹੋਵੇ।' ਤਾਂ ਮਰਦਾਨਾ ਲੱਗਾ ਖਾਣਿ, ਫਲਾਂ ਕਾ ਸੁਆਦ ਆਇਓਸੁ ਆਖੈ 'ਹੋਵੇ ਤਾ ਸਭੈ ਖਾਇ ਲਈ, ਫਿਰ ਹਥਿ ਆਵਨਿ ਕਿ ਨਾ ਆਵਨਿ ਕੁਛੁ ਪਲੈ ਭੀ ਬੰਨਿ ਲੇਈ, ਮਤੁ ਹਥਿ ਆਵਨਿ ਕਿ ਨਾ ਆਵਨਿ।' ਤਬਿ ਮਰਦਾਨੇ ਆਖਿਆ, 'ਭੁੱਖ ਲਗੇਗੀ ਤਾਂ ਖਾਵਾਂਗਾਂ।' ਮਰਦਾਨੇ ਪਲੈ ਭੀ ਬੰਨਿ ਲਏ। ਜਾਂਦੇ ਜਾਂਦੇ ਮਰਦਾਨਾ ਨੂੰ ਫਿਰ ਭੁੱਖ ਲਾਗੀ ਤਾਂ ਆਖਿਓਸੁ ਕੁਛ ਖਾਵਾਂ।' ਜਾਂ ਮੁਹਿ ਪਾਏ ਲਏ। ਤਾਂ ਉਤੈ ਵੇਲੈ ਢਹਿ ਪਇਆ।ਮਰਦਾਨਿਆਂ ! ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਏ ਸਨਿ, ਏਹੁ ਬਿਖ ਫਲ ਸਨਿ, ਪਰ ਬਚਨ ਕਰਕੇ ਅੰਮ੍ਰਿਤ ਫਲ ਹੋਇ ਸਨ।'

ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਬਿੰਬ ਨੂੰ ਪਰਮਾਤਮਾ ਦੇ ਸਮਾਨੰਤਰ ਖੜਾ ਕਰਦਾ ਹੈ। ਇਸ ਜਨਮਸਾਖੀ ਵਿਚ ਬੇਸ਼ੱਕ ਮਿਥਿਹਾਸਕ ਅੰਸ਼ ਵੀ ਮੌਜੂਦ ਹਨ ਪਰ ਫਿਰ ਇਹ ਜਨਮਸਾਖੀ ਇਤਿਹਾਸਕਤਾ ਦੇ ਬਹੁਤ ਨੇੜੇ ਹੈ। ਜਿਸ ਗੁਰੂ ਨਾਨਕ ਦੇਵ ਜੀ ਨੂੰ ਇੱਕ ਕਰਾਮਾਤੀ ਤੇ ਚਮਤਕਾਰੀ ਸ਼ਕਤੀਆਂ ਦੀ ਭਰਮਾਰ ਵਾਲੀ ਸ਼ਖ਼ਸੀਅਤ ਨਹੀਂ ਚਿੱਤਰਿਆ ਬਲਕਿ ਕਿਰਤੀ ਤੇ ਸਰਬਤ ਦਾ ਭਲਾ ਮੰਗਣ ਵਾਲਾ, ਦੀਨ ਦੁਖੀਆਂ ਦੀ ਮਦਦ ਕਰਨ ਵਾਲਾ ਮਹਾਨਾਇਕ ਉਸਾਰਿਆ ਹੈ।

### ਮਿਹਰਬਾਨ ਵਾਲੀ ਜਨਮਸਾਖੀ

ਮਿਹਰਬਾਨ ਵਾਲੀ ਜਨਮਸਾਖੀ ਦਾ ਮੂਲ ਮੰਤਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਨ੍ਹਾਂ ਵਲੋਂ ਕੀਤੇ ਕਾਰਨਾਮਿਆਂ, ਚਮਤਕਾਰਾਂ, ਬਾਣੀ ਆਦਿ ਨੂੰ ਪੇਸ਼ ਕੀਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਨਮਸਾਖੀ ਵਿਚ ਅਨੇਕਾਂ ਕਰਾਮਾਤਾਂ ਅਤੇ ਅਣਹੋਣੀਆਂ ਘਟਨਾਵਾਂ ਦਾ ਵਰਨਣ ਕੀਤਾ ਹੈ। ਇਹ ਸੁਭਾਵਿਕ ਜਿਹਾ ਲੱਗਦਾ ਹੈ ਕਿਉਂਕਿ ਜੇ ਕੋਈ ਪੁਰਸ਼ ਅਦਭੁੱਦ ਕੰਮ ਕਰਦਾ ਹੈ ਤਾਂ ਉਸਦੇ ਮਗਰੋਂ ਉਸਦੇ ਸ਼ਰਧਾਲੂਆਂ ਵਿਚ ਇਹੋ ਜਿਹੀਆ ਧਾਰਨਾਵਾਂ ਆਪਣੇ ਆਪ ਪੈਦਾ ਹੋ ਜਾਂਦੀਆਂ ਹਨ। ਮਿਹਰਬਾਨ ਦੇ ਘਰ ਇੱਕ ਸ਼ਰਧਾਲੂ ਰਹਿੰਦਾ ਸੀ, ਉਸ ਨੇ ਗੁਰੂ ਜੀ ਦੇ ਚਰਿੱਤਰ ਦਾ ਚਿਤਰਨ ਕੀਤਾ। ਮਿਹਰਬਾਨ ਦੇ ਇੱਕ ਨਿਪੁੰਨ ਜੀਵਨਕਾਰ ਵਾਂਗ ਜੀਵਨੀ ਸਾਹਿਤ ਦੇ ਮੂਲ ਪ੍ਰਤੱਖ ਜੀਵਨ ਦੀ ਇਸ ਪ੍ਰਕਾਰ ਪੁਨਰ ਸਿਰਜਣਾ ਕਰਦਾ ਹੈ ਜਿਵੇਂ ਜੀਆ ਹੋਵੇ ਇਹ ਵਿਅਕਤੀਤਤਵ ਦਾ ਇਸ ਪ੍ਰਕਾਰ ਸਪੱਸ਼ਟੀਕਰਨ ਕਰਦਾ ਹੋਇਆ ਦੱਸਦਾ ਹੈ ਜਿਵੇਂ ਉਸ ਨਾਲ ਆਪ ਬੀਤਿਆ ਹੋਵੇ, ਦੇ ਆਧਾਰ ਤੇ ਇਸ ਜਨਮਸਾਖੀ ਵਿਚ ਗੁਰੂ ਸਾਹਿਬਾਨ ਦੇ ਜਨਮ ਤੋਂ ਲੈ ਕੇ ਕਰਤਾਰਪੁਰ ਵਿਖੇ ਨਿਵਾਸ ਕਰਨ ਤੱਕ ਸਾਰੇ ਤੱਥਾਂ ਨੂੰ ਇੰਝ ਸਾਕਾਰ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ ਕਿ ਗੁਰੂ ਸਾਹਿਬ ਦਾ ਬਿੰਬ ਲੇਖਕ ਦੇ ਸਾਹਮਣੇ ਉੱਘੜ ਕੇ ਆਉਂਦਾ ਹੈ। ਇਸ ਜਨਮਸਾਖੀ ਵਿਚ ਬਿਆਨ ਕੀਤੀਆਂ ਗਈਆਂ ਘਟਨਾਵਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਆਧਾਰਿਤ ਹਨ।ਇਨ੍ਹਾਂ ਵਿਚ ਅਜਿਹੇ ਤੱਤਾਂ ਦੀ ਉਸਾਰੀ ਕੀਤੀ ਗਈ ਹੈ, ਜਿਨ੍ਹਾਂ ਨੂੰ ਮੂਲ ਮਸਾਲਾ ਵੀ ਕਿਹਾ ਜਾ ਸਕਦਾ ਹੈ।

ਅਸੀ ਵੀਂ ਜੀਵਨ ਸਾਹਿਤ, ਜੀਵਨ ਤੱਤ ਤੇ ਸ਼ੈਲੀ, ਤਿੰਨ ਪ੍ਰਮੁੱਖ ਗੁਣਾਂ ਨੂੰ ਆਧਾਰ ਮੰਨ ਕੇ ਇਸ ਜਨਮਸਾਖੀ ਦਾ ਮਹੱਤਵ ਪ੍ਰਗਟ ਹੁੰਦਿਆ ਵੇਖ ਸਕਦੇ ਹਨ।

ਸਾਖੀਕਾਰ ਨੇ ਇੱਕ ਸੁਲਝੇ ਹੋਏ ਮਨੋਵਿਗਿਆਨੀ ਵਾਂਗ ਗੁਰੂ-ਪਤਨੀ, ਮਾਤਾ ਜੀ ਦੇ ਮਾਨਸਿਕ ਭਾਵਾਂ ਦਾ ਹੂਬਹੂ ਚਿਤ੍ਰਣ ਕੀਤਾ ਹੈ। ਗੁਰੂ ਸਾਹਿਬ ਨੂੰ ਸੁਲਤਾਨਪੁਰ ਨੌਕਰੀ ਮਿਲ ਗਈ, ਜਾਂਦੇ ਹੋਏ ਮਾਤਾ ਘੁੰਮੀ ਜੀ ਨੂੰ ਮਿਲੇ। ਇਸ ਮੌਕੇ, ਪਤੀ-ਵਿਯੋਗ ਕਾਰਨ ਮਾਤਾ ਘੁੰਮੀ ਜੀ ਦੇ ਹਿਰਦੇ ਵਿਚ ਜੋ ਭਾਵਾਂ ਦਾ ਤੁਫ਼ਾਨ ਉਠਿਆ ਹੋਇਆ ਸੀ, ਇੱਕ ਇਸਤਰੀ ਹੀ ਅਨੁਭਵ ਕਰ ਸਕਦੀ ਹੈ, ਜਿਸ ਨੂੰ ਆਪਣੇ ਹੱਥੀਂ ਆਪਣੇ ਸਿਰ ਦੇ ਵਾਲ ਵਾਲੀ ਲੰਮੇ ਪੰਧ ਤੇ ਤੋਰਨਾ ਪੈਂਦਾ ਹੈ। ਇਹ ਮਾਨਸਿਕ ਸਥਿਤੀ ਬਿਆਨ ਦੀ ਮੁਥਾਜ ਨਹੀਂ, ਅਨੁਭਵ ਕਰਨ ਵਾਲੀ ਹੈ। ਮਿਹਰਬਾਨ ਨੇ ਮਾਤਾ ਘੁੰਮੀ ਜੀ ਦੇ ਮਨ ਦੇ ਭਾਵਾਂ ਨੂੰ ਕਿਤਨੇ ਸੁੰਦਰ ਸ਼ਬਦਾਂ ਦਾ ਜਾਮਾਂ ਪੁਵਾ ਕੇ ਪੇਸ਼ ਕੀਤਾ ਹੈ :

"ਤਬ ਮਾਤਾ ਘੁੰਮ ਮੂਲੋ ਧੀ ਚੋਣੀ, ਗੁਰੂ ਬਾਬੇ ਨਾਨਕ ਕੀ ਇਸਤ੍ਰੀ ਪੈਰੀ ਪੜੀ। ਗੁਰੂ ਬਾਬੇ ਕਹਿਆ ਜਿ, "ਪਰਮੇਸੁਰ ਅਰਾਧਣਾ, ਚਿੰਤ ਨਾਹੀ ਕਰਣੀ, ਅਸੀਂ ਝੁਬ ਹੀ ਆਵਹਿਗੇ।" ਤਬ ਮਾਤਾ ਘੁੰਮੀ ਬੈਰਾਗੁ ਲਗੀ ਕਰਣੇ, ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਪਰਮੇਸੁਰ ਕੀ ਪਿਆਰੀ ! ਤੂ ਬੈਰਾਗ ਕਿਉਂ ਕਰਦੀ ਹੈਂ ਅਸੀਂ ਫਿਰਿ ਝਬ ਹੀ ਆਵਹਿਗੇ।" ਤਬ ਘੁੰਮੀ ਕਹਿਆ ਜਿ, "ਜੀ ਤੂ ਐਥੇ ਸਹਿ ਤਾ ਅਸਾਨੂ ਮੁਹਿ ਨ ਲਾਇਦੋਹੀ, ਹੁਣਿ ਤੂ ਓਥੈ ਗਏ ਯੇ ਕਿਆ ਆਵਹਿ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪਰਮੇਸੁਰ ਦੀ ਪਿਆਰੀਐ ! ਐਥੇ ਹੋਦੇ ਤੁਸਾ ਨੋ ਕਿਹਾ ਕਰਦੈ, ਚਾਰਿ ਦਿਨ ਉਥਾਊ ਹੀ ਜਾਇ ਬੈਠਹਿ।" ਤਬ ਘੁੰਮੀ ਕਹਿਆ ਜਿ, "ਜੀ, ਜਾ ਤੂ ਐਥੇ ਸਹਿ ਤਾ ਹੁਣ ਜਾਣਦੀ ਜਿ ਦੀਨ ਦੁਨੀਆਂ ਦੀ ਪਾਤਸ਼ਾਹੀ ਮੈਨੂੰ ਹੀ ਹੈ। ਹੁਣਿ ਮੇਰੈ ਭਾਣੈ ਸਾਰਾ ਸੈਸੁਰ ਉਜਾੜਿ ਹੈ, ਮੇਰੈ ਸੈਸਾਰੁ ਕਿਤੁ ਕੰਮਿ ਹੈ, ਤੁਧੁ ਬਿਨੁ ਜੀ ! ਮੇਰਾ ਕੋਈ ਨਾਹੀ।" ਤਬ ਇਤਨੇ ਕਹਣੈ ਸਿਉ ਗੁਰੂ ਬਾਬਾ ਨਾਨਕੁ ਜੀ ਮਿਹਰਬਾਨ ਹੋਆ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਜਾਹੁ ਘੁੰਮੀਏ ! ਦੀਨ ਦੁਨੀਆਂ ਦੀ ਪਾਤਸ਼ਾਹੀ ਤੁਧ ਨੋ ਹੋਈ।" ਤਬ ਫੇਰਿ ਮਾਤਾ ਜੀ ਕਹਿਆ ਜਿ, "ਜੀ, ਮੈ ਦੀਨ ਅਤੇ ਦੁਨੀਆ ਦੀ ਭੁਖੀ ਹਾਂ- ਮੈਂ ਤੇਰੇ ਦਰਸਨ ਦੀ ਭੁਖੀ ਹਾਂ, ਮੈਨੋ ਜੀ ਤੂ ਨਾਲੇ ਲੈ ਚਲੁ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਦੇਖੁ ਹੁਣਿ ਜਾਂਦੇ ਹਹ, ਜਬ ਕਿਛੁ ਰੁਜਗਾਰ ਹੋਵੈਗਾ ਤਾ ਤੇਰੈ ਤਾਈ ਸਦਾਇ ਲਈਗਾ। ਤਬ ਘੁੰਮੀ ਬੋਲੀ ਜਿ, "ਜੀ, ਤੈ ਮੇਰੀ ਕਿਆ ਪੜੀ ਹੈ ਜਿ ਤੂ ਮੈਨੋ ਸਦਾਇ ਲੈਹਿ, ਮੇਰਾ ਕਿ ਬਿਚੁ ਹੈ ਜਿ ਤੂੰ ਮੈਨੋ ਸਦਾਇਹਿ, ਪਣੁ ਤੂ ਪਰਮੇਸੁਰ ਕਾ ਵਚਨ ਦੇਹਿ ਜਿ ਭਰੋਸਾ ਹੋਵੇ ਤੇਰੇ ਵਚਨਿ ਕਰਿ ਕਰਿ।"

ਮਿਹਰਬਾਨ ਵਾਲੀ ਜਨਮਸਾਖੀ ਭਾਰਤ ਦੀ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸਰੋਕਾਰਾਂ ਨੂੰ ਵਿਸਥਾਰਪੂਰਵ ਵਰਨਣ ਕਰਦੀ ਹੈ। ਇਸ ਜਨਮਸਾਖੀ ਵਿਚ ਵਰਨਣ ਕੀਤਾ ਹੈ ਕਿ ਗੁਰੂ ਸਾਹਿਬ ਦੀ ਉਪਦੇਸ਼ ਵਿਧੀ ਯਥਾਰਥਕ ਲੱਗਦੀ ਹੈ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਹੈ ਕਿ ਜਨਮਸਾਖੀ ਵਿਚ ਅਨੇਕਾਂ ਤੱਤਾਂ, ਕਰਾਮਾਤਾਂ ਅਤੇ ਪਰੰਪਰਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਵੇਂ ਕਿ ਸਾਖੀਕਾਰ ਦੀ ਗੁਰੂ ਨਾਨਕ ਦੇਵ ਜੀ ਨੂੰ ਸਾਰੇ ਜਨਕ ਦਾ ਅਵਤਾਰ ਸਿੱਧ ਕਰਨਾ, ਰਾਜੇ ਜਨਕ ਨੂੰ ਪਰਮਾਤਾਮਾ ਨੂੰ ਜਗਤ ਕਲਿਆਣ ਲਈ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਮਾਤ ਲੋਕ ਵਿਚ ਭੇਜਿਆ ਪਰ ਕੁੱਝ ਉਸ ਨੂੰ ਕਹਿਣ ਤੇ ਮਿਹਰਬਾਨ ਕਾਲ ਤੱਕ ਪਹੁੰਚਿਆ। ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਰਿਵਾਇਤਾਂ ਪ੍ਰਚਲਿਤ ਹੋ ਗਈਆਂ ਜੋ ਈਸਾ ਨੂੰ ਪਰਮਾਤਮਾ ਪੁੱਤਰ ਮੰਨਦੇ ਹਨ। ਉਹ ਸਮਾਂ ਆ ਗਿਆ ਜਦੋਂ ਉਸ ਦੇ ਪੁੱਤਰ ਨੇ ਜਨਮ ਲੈਣਾ ਸੀ, ਜਿਸ ਦੇ ਮਨੁੱਖ ਦੇ ਪੁੱਤਰਾਂ ਨੂੰ ਅਰਥਾਤ ਧਰਤੀ ਦੇ ਬੰਦਿਆਂ ਨੂੰ ਪਰਮਾਤਮਾ ਦੇ ਪੁੱਤਰ ਬਣਨ ਦਾ ਅਸਾਧਾਰਨ ਸੁਭਾਗ ਪ੍ਰਦਾਨ ਕਰਨਾ ਸੀ।

"ਜਨਮਸਾਖੀ ਵਿਚ ਗੁਰੂ ਸਾਹਿਬ ਦੀ ਕੁਝ ਪ੍ਰਮੁੱਖ ਬਾਣੀ ਜਪੁ, ਪਟੀ, ਦੱਖਣੀ ਓਅੰਕਾਰ, ਸਿਧ ਗੋਸ਼ਟਿ, ਆਸਾ ਦੀ ਵਾਰ, ਕੀਰਤਨ ਸੋਹਿਲਾ, ਬਾਰਾਮਾਹ, ਰਾਗ ਤੁਖਾਰੀ ਆਦਿ ਦੇ ਪਰਮਾਰਥ ਲਿਖੇ। ਡਾ. ਤਾਰਨ ਸਿੰਘ ਅਨੁਸਾਰ ਆਪ ਨੇ ਪੂਰੇ 217 ਸ਼ਬਦ, ਜਿਨ੍ਹਾਂ ਵਿਚ ਪਦੇ, ਅਸ਼ਟਪਦੀਆਂ, ਛੰਦ, ਸਲੋਕ ਤੇ ਵਾਰਾਂ ਦੀਆਂ ਪਾਉੜੀਆਂ ਸ਼ਾਮਲ ਹਨ ਦੀ ਪਰਮਾਰਥਕ ਵਿਆਖਿਆ ਕੀਤੀ ਹੈ। ਇਨ੍ਹਾਂ 217 ਸ਼ਬਦਾਂ ਵਿਚ ਲਗਭਗ 600 ਪਦ ਜਾਂ ਬੰਦ ਹਨ।

ਮਿਹਰਬਾਨ ਵਾਲੀ ਜਨਮਸਾਖੀ ਨੇ ਅਜਿਹੇ ਰੋਚਕ ਵਿਸ਼ੇ ਬਣਾਉਣ ਲਈ ਗੋਸ਼ਟਿ ਸ਼ੈਲੀ ਨੂੰ ਅਪਣਾਇਆ। ਗੋਸ਼ਟਿ ਸ਼ਬਦ ਦਾ ਅਰਥ ਬਹਿਸ ਜਾਂ ਵਿਵਾਦ ਕਰਨਾ। "ਇਸ ਜਨਮਸਾਖੀ ਵਿਚ ਭਾਵੇਂ ਕੁਲ 167 ਗੋਸ਼ਟਾਂ ਸਨ, ਪਰ ਹੁਣ 153 ਗੋਸ਼ਟਾਂ ਉਪਲਬਧ ਹਨ, ਇਨ੍ਹਾਂ ਸਰੀਆਂ ਗੋਸ਼ਟਾਂ ਨੂੰ ਹੇਠ ਲਿਖੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

ੳ. ਗੁਰੂ ਸਾਹਿਬ ਦੀਆਂ ਆਪਣੇ ਮਨ ਨਾਲ ਗੋਸ਼ਟਾਂ

ਅ. ਗੁਰੂ ਸਾਹਿਬ ਦੀਆਂ ਪਾਰਬ੍ਰਹਮ ਨਾਲ ਗੋਸ਼ਟਾਂ

ੲ. ਗੁਰੂ ਸਾਹਿਬ ਦੀਆਂ ਆਪਣੇ ਰਿਸ਼ਤੇਦਾਰਾਂ, ਭਗਤਾਂ, ਜੋਗੀਆਂ, ਠੱਗਾਂ, ਰਾਜਿਆਂ, ਪਰਾਸਰੀਰਕ ਤੱਤਾਂ ਆਦਿ ਨਾਲ ਗੋਸ਼ਟਾਂ।

**ਸੋਢੀ ਮਿਹਰਬਾਨ ਵਾਲੀ ਜਨਮਸਾਖੀ**

'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਦੋ ਭਾਗਾਂ ਵਿੱਚ ਪ੍ਰਕਾਸ਼ਿਤ ਹੋਈ ਹੈ। 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਸਿਰਲੇਖ ਅਧੀਨ ਖਾਲਸਾ ਕਾਲਜ ਅਮ੍ਰਿਤਸਰ ਵੱਲੋ ਪ੍ਰਕਾਸ਼ਿਤ ਹੋ ਚੁੱਕੀ ਹੈ। ਇਸ ਦੇ ਪਹਿਲੇ ਭਾਗ ਵਿੱਚ 'ਹਰਿ ਜੀ' ਅਤੇ 'ਚਤੁਰਭੁਜ' ਪੋਥੀਆਂ ਸ਼ਾਮਿਲ ਕੀਤੀਆਂ ਹਨ। ਇਸ ਦਾ ਪਹਿਲਾ ਭਾਗ ਡਾ.ਕਿਰਪਾਲ ਸਿੰਘ ਨੇ ਸ਼ਮਸ਼ੇਰ ਸਿੰਘ ਅਸ਼ੋਕ ਦੇ ਸਹਿਯੋਗ ਨਾਲ 1962 ਵਿੱਚ ਪ੍ਰਕਾਸ਼ਿਤ ਕੀਤਾ ਅਤੇ ਦੁਜਾ ਡਾ. ਬਲਬੀਰ ਸਿੰਘ ਨੇ ਭੂਮਿਕਾ ਲਿਖ ਕੇ 1969 ਵਿੱਚ ਛਾਪਿਆ। ਪਹਿਲੇ ਭਾਗ ਵਿੱਚ 'ਸਚਖੰਡ ਪੋਥੀ' ਸੰਪਾਦਿਤ ਹੋਈ ਹੈ ਅਤੇ ਦੂਜੇ ਹਿਸੇ ਵਿੱਚ 'ਹਰਿ ਜੀ' ਅਤੇ 'ਚਤੁਰਭੁਜ' ਪੋਥੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਜਨਮਸਾਖੀ ਦਾ ਰਚੈਤਾ ਮਿਹਰਬਾਨ ਨੂੰ ਮੰਨਿਆ ਜਾਂਦਾ ਹੈ, ਉਸ ਦਾ ਪੂਰਾ ਨਾਂ ਮਨੋਹਰਦਾਸ ਹੈ, ਜੋ ਕਿ ਚੌਥੇ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀਚੰਦ ਦੇ ਪੁੱਤਰ ਸੀ। ਪਰ ਕੁਝ ਵਿਦਵਾਨ ਉਨ੍ਹਾਂ ਦੇ ਪੁੱਤਰ 'ਹਰਿ ਜੀ' ਤੇ 'ਚਤੁਰਭੁਜ' ਨੂੰ ਇਸ ਦਾ ਲੇਖਕ ਮੰਨਦੇ ਹਨ। ਪਰ ਅਮਲ ਵਿੱਚ ਮਿਹਰਬਾਨ ਦੇ ਹੁਕਮ ਤੇ ਉਨ੍ਹਾਂ ਨੇ ਜਨਮਸਾਖੀ ਦੀ ਸੁਧਾਈ ਕੀਤੀ ਹੋਵੇਗੀ। ਇਸ ਜਨਮਸਾਖੀ ਦੇ ਰਚਨਾਕਾਲ ਸੰਬੰਧੀ ਕੋਈ ਪੁਖਤਾ ਪ੍ਰਮਾਣ ਨਹੀਂ ਮਿਲਦੇ ਪਰ, ਇਸ ਦਾ ਰਚਨਾਕਾਲ ਮਿਹਰਬਾਨ ਦੇ ਦੇਹਾਂਤ 1639 ਈ. ਤੋਂ ਪਹਿਲਾਂ ਮੰਨਿਆ ਜਾਂਦਾ ਅਤੇ ਇਸ ਦੀਆਂ ਦੋ ਪੋਥੀਆਂ ਦੀ ਸੁਧਾਈ ਦਾ ਕੰਮ 1650 ਤੋਂ 1651 ਈ ਵਿੱਚ ਹੋਇਆ।

ਇਸਦੀ ਪਹਿਲੀ ਪੋਥੀ ਵਿੱਚ 167 ਗੋਸ਼ਟਾਂ ਜਿਨ੍ਹਾਂ ਵਿਚੋਂ 14 ਹੁਣ ਉਪਲੱਬਧ ਨਹੀਂ ਹਨ। 'ਹਰਿ ਜੀ ਪੋਥੀ' ਵਿੱਚ 61 ਗੋਸ਼ਟਾਂ 'ਚਤੁਰਭੁਜ ਪੋਥੀ' ਵਿੱਚ 74 ਗੋਸ਼ਟਾਂ ਮਿਲਦੀਆਂ ਹਨ। ਇਸ ਦੇ ਪਹਿਲੇ ਭਾਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿੱਚ ਰਹਿਣ ਤੋਂ ਪਹਿਲਾਂ ਦੇ ਜੀਵਨ ਦਾ ਬਿਰਤਾਂਤ ਮਿਲਦਾ ਹੈ ਅਤੇ ਦੂਜੇ ਭਾਗ ਵਿੱਚ ਕਰਤਾਰਪੁਰ ਵਿੱਚ ਬਿਤਾਏ ਜੀਵਨ ਦਾ ਵੇਰਵਾ ਮਿਲਦਾ ਹੈ। ਇਸ ਵਿੱਚ ਲਗਭਗ ਗੁਰਬਾਣੀ ਦੀ ਵਿਆਖਿਆ ਮਿਲਦੀ ਹੈ।ਗੁਰਚਰਨ ਸਿੰਘ ਅਨੁਸਾਰ, "ਭਾਸ਼ਾ ਦਾ ਸਮੁੱਚਾ ਸਰੂਪ 'ਸਾਧ ਭਾਸ਼ਾ' ਵਾਲਾ ਹੈ। ਜਿਸ ਵਿੱਚ ਪੰਜਾਬੀ ਦਾ ਅੰਸ਼ ਕਾਫੀ ਉਭਰਵਾਂ ਤੇ ਉਘੜਵਾਂ ਹੈ। ਰੁਚੀ ਵਿਯੋਗਾਤਮਕ ਪ੍ਰਗਟਾ ਵਲ ਵਧੇਰੀ ਹੈ।ਪਰ ਸਾਧ ਭਾਸ਼ਾ ਤੋਂ ਇਲਾਵਾ ਇਸ ਵਿੱਚ ਬ੍ਰਜ਼, ਹਿੰਦਵੀਂ, ਫ਼ਾਰਸੀ ਭਾਸ਼ਾ ਦੇ ਅੰਸ਼ ਵੀ ਮਿਲਦੇ ਹਨ।

ਮਿਹਰਬਾਨ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਵੀ ਜ਼ਿਕਰ ਮਿਲਦਾ ਹੈ ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਨੂੰ ਜਾਣ ਦੀ ਤਿਆਰੀ ਕਰਨ ਲੱਗੇ ਤਾਂ ਉਨ੍ਹਾਂ ਦੇ ਮਾਤਾ ਤ੍ਰਿਪਤਾ ਦੇਵੀ ਜੀ ਉਨ੍ਹਾਂ ਨੂੰ ਜਾਣ ਤੋਂ ਰੋਕਣ ਲਈ ਵਿਰਲਾਪ ਕਰਨ ਲੱਗੀ ਪਰ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਜਦ ਮਾਤਾ ਤੂੰ ਯਾਦ ਕਰੇਗੀਂ ਮੈਂ ਤੇਰੇ ਕੋਲ ਆ ਜਾਵਾਂਗਾ ਮਿਹਰਾਨ ਇਸ ਘਟਨਾ ਨੂੰ ਕੁੱਝ ਇਸ ਤਰ੍ਹਾਂ ਲਿਖਦਾ ਹੈ :

"ਤਬ ਗੁਰੂ ਨਾਨਕ ਜੀ ਕਹਿਆ ਜਿ, " ਦੇਖੁ, ਹੁਣਿ ਜਾਂਦੇ ਹਹ, ਜਬ ਕਿਛੁ ਰੁਜਗਾਰ ਹੋਵੈਗਾ ਤਾ ਤੇਰੈ ਤਾਈ ਸਦਾਇ ਲਈਗਾ।" ਤਬ ਘੁੰਮੀ ਬੋਲੀ ਜਿ, "ਜੀ ਤੈ ਮੇਰੀ ਕਿਆ ਪੜੀ ਹੈ ਜਿ ਮੈਨੋ ਸਦਾਇ ਲੈਹਿ, ਮੇਰਾ ਕਿ ਬਿਚੁ ਹੈ ਜਿ ਤੂੰ ਮੈਨੋ ਸਦਾਇਹਿ, ਪ੍ਰਣੁ ਤੂ ਪਰਮੇਸੁਰ ਕਾ ਵਚਨੁ ਦੇਹਿ ਜਿ ਭਰੋਸਾ ਹੋਵੈ ਤੇਰੇ ਵਚਿਨ ਕਰਿ ਕਰਿ।" ਤਬ ਗੁਰੂ ਨਾਨਕ ਜੀ ਕਹਿਆ ਜਿ, "ਜਾਹਿ ਮੂਲੋ ਧੀਏ ! ਮੇਰਾ ਵਚਨੁ ਹੈ ਤੈਨੋ ਸਦਾਇ ਲਈਗਾ, ਕੈ ਮੈ ਆਵਾਂਗਾ।"

ਮਿਹਰਬਾਨ ਵਾਲੀ ਜਨਮਸਾਖੀ, ਜਨਮਸਾਖੀ ਪਰੰਪਰਾ ਵਿਚ ਸਮੇਂ ਅਨੁਸਾਰ ਦੂਜੇ ਨੰਬਰ ਤੇ ਆਉਂਦੀ ਹੈ ਕਿਉਂਕਿ ਇਹ ਗੁਰੂ ਰਾਮਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਦੇ ਸਪੁੱਤਰ ਮਨੋਹਰ ਦਾਸ ਮਿਹਰਬਾਨ ਵਲੋਂ ਲਿਖੀ ਜਾਂ ਲਿਖਵਾਈ ਗਈ ਸੀ। ਮਿਹਰਬਾਨ ਦਾ ਜਨਮ ਮਾਘ ਸੁਦੀ ਬਸੰਤ ਪੰਚਮੀ ਸੰਮਤ 1638 ਬਿ. ਮੁਤਾਬਕ 24 ਜਨਵਰੀ, ਸੰਨ 1582 ਈ. ਹੋਇਆ ਸੀ ਅਤੇ 59 ਸਾਲਾਂ ਦੀ ਉਮਰ ਭੋਗਣ ਉਪਰੰਤ ਦਿਹਾਂਤ ਮਾਘ ਸੁਦੀ ਬਸੰਤ ਪੰਚਮੀ ਸੰਮਤ 1696 ਬਿ. ਮੁਤਾਬਕ 18 ਜਨਵਰੀ, ਸੰਨ 1640 ਈ. ਹੋਇਆ ਸੀ। ਇਸ ਤਰ੍ਹਾਂ ਮਿਹਰਬਾਨ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ ਸਮਕਾਲੀ ਸਨ। ਬਿਨਾ ਸ਼ੱਕ ਮਿਹਰਬਾਨ ਕਾਫੀ ਪੜ੍ਹਿਆ ਲਿਖਿਆ ਅਤੇ ਚੰਗੀ ਕਵਿਸ਼ਰੀ ਕਰ ਲੈਣ ਵਾਲਾ ਵਿਅਕਤੀ ਸੀ ਜਿਸ ਤਰ੍ਹਾਂ ਕਿ ਕੇਸਰ ਸਿੰਘ ਛਿੱਬਰ ਨੇ ਵੀ ਲਿਖਿਆ ਹੈ, ਮਿਹਰਬਾਨ ਪੁੱਤ ਪ੍ਰਿਥੀਏ ਦਾ ਕਬੀਸ਼ਰੀ ਕਰੇ। ਪਾਰਸੀ ਹਿੰਦਵੀ ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ। ਪਰ ਉਸ ਦੀਆਂ ਸਾਰੀ ਰਚਨਾਵਾਂ ਗੁਰੂ-ਘਰ ਦੇ ਵਿਰੋਧ ਵਿਚ ਹੀ ਸਨ।

ਮਿਹਰਬਾਨ ਵਾਲੀ ਜਨਮਸਾਖੀ ਅਤੇ ਪੁਰਾਤਨ ਜਨਮਸਾਖੀ ਨੇ ਤਾਂ ਭਾਈ ਬਾਲੇ ਅਤੇ ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਉੱਕਾ ਹੀ ਕੱਢ ਦਿੱਤਾ ਹੈ। ਪੁਰਾਤਨ ਜਨਮਸਾਖੀ ਨੇ ਤਾਂ ਭਾਈ ਲਾਲੋ ਜੀ ਨੂੰ ਵੀ ਇਤਿਹਾਸ ਵਿਚੋਂ ਕੱਢ ਦਿੱਤਾ ਹੈ। ਬੇਬੇ ਜੀ ਐਸੇ ਸਨ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਚੇਹਰੇ ਵਿਚੋਂ ਸਭ ਤੋਂ ਪਹਿਲਾਂ ਪਰਮ-ਪੁਰਖ ਪਰਮਾਤਮਾ ਦੇ ਦਰਸ਼ਨ ਕੀਤੇ ਸਨ। ਅਸਲ ਵਿਚ ਬੇਬੇ ਨਾਨਕੀ ਜੀ ਹੀ ਸਨ ਜਿਨ੍ਹਾਂ ਨੇ ਗੁਰੂ ਨਾਨਕ ਜੀ ਨੂੰ ਸਭ ਤੋਂ ਵੱਧ ਸਮਝਿਆ ਸੀ ਅਤੇ ਉਨ੍ਹਾਂ ਨੂੰ ਸੱਚ ਦੇ ਮਾਰਗ ਉਪਰ ਚਲਣ ਲਈ ਹਰ ਸਮੇਂ ਉਤਸ਼ਾਹਤ ਕੀਤਾ ਸੀ। ਰਬਾਬ ਦੀ ਮਹੱਤਤਾ ਨੂੰ ਵੀ ਬੇਬੇ ਜੀ ਸਮਝਦੇ ਸਨ ਇਸੇ ਲਈ ਉਹ ਭਾਈ ਮਰਦਾਨੇ ਨੂੰ ਵਾਰ-ਵਾਰ ਤਾਕੀਦ ਕਰਦੇ ਸਨ ਕਿ ਭਾਈ ਮਰਦਾਨਿਆ ਤੈਂ ਪੈਸੇ ਦੀ ਪਰਵਾਹ ਨਹੀਂ ਕਰਨੀ। ਰਬਾਬ ਬਹੁਤ ਉੱਤਮ ਹੀ ਮੁੱਲ ਖਰੀਦਣੀ ਹੈ। ਜਿੰਨੇ ਵੀ ਪੈਸੇ ਲੱਗਣਗੇ ਉਹ ਉਤਨੇ ਹੀ ਪੈਸੇ ਦੇ ਦੇਵੇਗੀ। ਬੇਬੇ ਜੀ ਨੇ ਹੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਿਰੀ ਚੰਦ ਜੀ ਦੀ ਪੂਰੀ ਮਮਤਾ ਨਾਲ ਪਾਲਣਾ-ਪੋਸ਼ਣਾ ਕੀਤੀ ਸੀ। ਮੈਂ ਤਾਂ ਇਹ ਸਮਝਦਾ ਹਾਂ ਕਿ ਬੇਬੇ ਨਾਨਕੀ ਜੀ ਦੇ ਯੋਗਦਾਨ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਧੂਰਾ ਹੀ ਰਹਿੰਦਾ ਹੈ। ਉਨ੍ਹਾਂ ਦੇ ਜੀਵਨ ਨੂੰ ਪੂਰਾ ਕਰਨ ਲਈ ਹੀ ਬੇਬੇ ਜੀ ਜਨਮ ਲੈ ਕੇ ਧਰਤੀ ਉਪਰ ਆਏ ਸਨ। ਅਕਾਲ ਪੁਰਖ ਨੇ ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਨਾਲੋਂ ਪੰਜ ਸਾਲ ਪਹਿਲਾਂ ਇਸ ਧਰਤੀ ਤੇ ਇਸ ਕਰਕੇ ਭੇਜਿਆ ਸੀ ਤਾਂ ਕਿ ਬੇਬੇ ਜੀ ਗੁਰੂ ਨਾਨਕ ਨੂੰ ਸੰਭਾਲ ਲੈਣ। ਗੁਰੂ ਨਾਨਕ ਜੀ ਅਤੇ ਬੇਬੇ ਨਾਨਕੀ ਜੀ ਨੌਂਹ-ਮਾਸ ਦੀ ਤਰ੍ਹਾਂ ਅਟੁੱਟ ਹਨ। ਮਿਹਰਬਾਨ ਵਾਲੀ ਜਨਮਸਾਖੀ ਅਤੇ ਪੁਰਾਤਨ ਜਨਮਸਾਖੀ ਬੇਬੇ ਨਾਨਕੀ ਦੇ ਇਤਿਹਾਸ ਨੂੰ ਅੱਖੋਂ ਓਹਲੇ ਕਰਦੀ ਹੈ ਜਦਕਿ ਭਾਈ ਮਨੀ ਸਿੰਘ ਤੇ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਬੇਬੇ ਨਾਨਕੀ ਨਾਲ ਜੁੜੀ ਸਾਖੀਆਂ ਦੀ ਪੇਸ਼ਕਾਰੀ ਮਿਲਦੀ ਹੈ।

ਡਾ. ਆਰ. ਐਲ. ਆਹੂਜਾ ਨੇ ਮਿਹਰਬਾਨ ਅਤੇ ਪੁਰਾਤਨ ਜਨਮਸਾਖੀਆਂ ਦਾ ਸਾਹਿਤਕ ਅਧਿਐਨ ਕਰਦਿਆਂ ਲਿਖਿਆ ਹੈ : ਇਨ੍ਹਾਂ ਦੋਹਾਂ ਟੁਕੜੀਆਂ (ਜਨਮਸਾਖੀਆਂ) ਦੀ ਤੁਲਨਾ ਕਰਨ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਜਨਮਸਾਖੀ ਦੀ ਭਾਸ਼ਾ ਸੰਖਿਪਤ ਹੈ ਤੇ ਅਧਿਕ ਮਾਤਰਾ ਵਿਚ ਪੰਜਾਬੀ ਹੈ ਪਰ ਮਿਹਰਬਾਨ ਦੀ ਭਾਸ਼ਾ ਖੁੱਲ੍ਹੀ, ਲੰਮੇਰੀ ਤੇ ਅਧਿਕ ਮਾਤਰਾ ਵਿਚ ਸਾਧ ਭਾਖਾ ਹੈ। ਇਸ ਵਿਚ ਸਾਹਿਤਕ ਅੰਸ਼ ਅਧਿਕ ਹੈ। ਇਸ ਵਿਚ ਵਰਨਣ ਦੀ ਬਚਿੱਤਰਤਾ ਹੈ, ਜਿਹੜੀ 'ਪੁਰਾਤਨ ਜਨਮਸਾਖੀ' ਵਿਚ ਨਹੀਂ। ਲਿਖਣ ਵਾਲਾ ਮਿਹਰਬਾਨ ਆਪਣੀ ਲਿਖਤ ਵਿਚ ਕੁਝ ਸਵਾਦ ਲੈਂਦਾ ਹੈ ਪਰ ਪੁਰਾਤਨ ਜਨਮਸਾਖੀ ਵਿਚ ਮਤਲਬ (ਸੰਖੇਪ) ਦੀ ਗੱਲ ਕਰਦਾ ਹੈ। ਅੱਗੇ ਜਾ ਕੇ ਫਿਰ ਇਹੀ ਲੇਖਕ ਲਿਖਦਾ ਹੈ ਕਿ ਜਿਸ ਸਾਖੀ ਨੂੰ ਪੁਰਾਤਨ ਜਨਮਸਾਖੀ ਵਿਚ ਤੀਹ ਸ਼ਬਦਾਂ ਵਿਚ (ਸੰਖੇਪ ਕਰਕੇ) ਪ੍ਰਗਟ ਕੀਤਾ ਹੈ, ਉਸੇ ਸਾਖੀ ਨੂੰ ਮਿਹਰਬਾਨ ਵਾਲੀ (ਵਿੱਚ) ਖੁੱਲ੍ਹੀ, ਵਰਣਾਤਮਕ ਸ਼ਬਦਾਵਲੀ ਵਿਚ ਸੌ ਸ਼ਬਦਾਂ ਵਿੱਚ ਵਰਨਣ ਕੀਤਾ ਗਿਆ ਹੈ।ਇਸੇ ਹੀ ਪੁਸਤਕ ਵਿਚ ਡਾ. ਪਿਆਰ ਸਿੰਘ ਜਨਮਸਾਖੀਆਂ ਗੁਰੂ ਬਾਬਾ ਨਾਨਕ ਜੀ ਦਾ ਤੁਲਨਾਤਮਕ ਅਧਿਐਨ ਵਿਚ ਲਿਖਦਾ ਹੈ, ਜਨਮਸਾਖੀਆਂ ਵਿਚ ਆਏ ਪ੍ਰਸੰਗਾਂ ਦੇ ਤੁਲਨਾਤਮਕ ਅਧਿਐਨ ਤੋਂ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਤੇ ਪੁਰਾਤਨ ਜਨਮਸਾਖੀ ਆਪਸ ਵਿਚ ਬਹੁਤ ਮੇਲ ਖਾਂਦੀਆਂ ਦਿਸ ਆਉਂਦੀਆਂ ਹਨ। ਬਹੁਤੀਆਂ ਥਾਵਾਂ ਤੇ, ਉਹੀ ਵਿਸ਼ੇ-ਉਠਾਣ, ਉਹੀ ਨਿਭਾ, ਉਹੀ ਸ਼ਬਦ, ਉਹੀ ਵਾਕੰਸ਼, ਉਹੀ ਲਹਿਜਾ, ਉਹੀ ਪ੍ਰਤੀ-ਧੁਨੀ ਹੈ।.... ਭਾਸ਼ਾ ਦੇ ਪੱਖ ਤੋਂ ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਖਾਸ ਕਰਕੇ ਸੱਚਖੰਡ ਪੋਥੀ ਪੁਰਾਤਨ ਜਨਮਸਾਖੀ ਦੇ ਬਹੁਤ ਨੇੜੇ ਹੈ।

ਡਾ. ਜਗਜੀਤ ਸਿੰਘ ਮਿਹਰਬਾਨ ਵਾਲੀ ਅਤੇ ਪੁਰਾਤਨ ਜਨਮਸਾਖੀ ਦੀ ਇੱਕਮਿੱਕਤਾ ਬਾਰੇ ਲਿਖਦੇ ਹੋਏ ਕਹਿੰਦੇ ਹਨ, ਪੁਰਾਤਨ ਜਨਮਸਾਖੀ ਵਿਚ ਦਰਜ ਸਾਖੀਆਂ ਦੀ ਮਿਹਰਬਾਨ ਰਚਿਤ ਜਨਮਸਾਖੀ ਅਤੇ ਆਦਿ ਸਾਖੀਆਂ ਦੀਆਂ ਸਾਖੀਆਂ ਦੀ ਤੁਲਨਾ ਕੀਤਿਆਂ ਪ੍ਰਤੱਖ ਤੌਰ ਤੇ ਇਹ ਸਿੱਧ ਹੁੰਦਾ ਹੈ ਕਿ ਇਹ ਜਨਮਸਾਖੀਆਂ ਉਨ੍ਹਾਂ ਦੋਹਾਂ ਜਨਮਸਾਖੀਆਂ ਤੋਂ ਪਿਛਲੇਰੀ ਰਚਨਾ ਹੈ। ਪੁਰਾਤਨ ਜਨਮਸਾਖੀ ਦੀਆਂ 1 ਤੋਂ 13, 22, 24, 30, 31, 32, 40, 44, 50 ਅਤੇ 51 ਨੰਬਰ ਦੀਆਂ ਸਾਖੀਆਂ ਸੱਚ ਖੰਡ ਪੋਥੀ ਮਿਹਰਬਾਨ ਵਾਲੀ ਦੇ ਆਧਾਰ ਤੇ ਲਿਖੀਆਂ ਗਈਆਂ ਹਨ। 'ਪੁਰਾਤਨ ਜਨਮਸਾਖੀ' ਸਚਖੰਡ ਪੋਥੀ ਤੋਂ ਪਿੱਛੋਂ ਦੀ ਰਚਨਾ ਹੈ ਇਹ ਪਹਿਲੋਂ ਹੀ ਸਾਬਤ ਕੀਤਾ ਜਾ ਚੁੱਕਿਆ ਹੈ। ਇਸ ਦੇ ਕਰਤਾ ਨੇ ਸਚਖੰਡ ਪੋਥੀ ਦੀ ਸਮੱਗਰੀ ਨੂੰ ਵਰਤ ਕੇ ਜਨਮਸਾਖੀ ਤਿਆਰ ਕੀਤੀ ਜਾਪਦੀ ਹੈ। ਸ਼ਾਇਦ ਉਸ ਦਾ ਆਪਣਾ ਨਾਂ ਪ੍ਰਗਟ ਨਾ ਕਰਨ ਦਾ ਇਕ ਕਾਰਣ ਇਹ ਵੀ ਸੀ।ਇਸ (ਪੁਰਾਤਨ ਜਨਮਸਾਖੀ) ਨੂੰ ਤਿਆਰ ਕਰਨ ਵਾਲਾ ਉੱਪਲ ਖੱਤਰੀ ਸੀ। ਅਤੇ ਪੱਛਮੀ ਪੰਜਾਬ ਦੇ ਪ੍ਰਸਿੱਧ ਨਗਰ ਤੁਲੰਭੇ ਦਾ ਵਸਨੀਕ ਸੀ। ਪੁਰਾਤਨ ਜਨਮਸਾਖੀ ਦੀ ਭਾਸ਼ਾ ਲਹਿੰਦੀ ਪ੍ਰਧਾਨ ਹੈ।

ਸੁਰਿੰਦਰ ਸਿੰਘ ਕੋਹਲੀ ਵੀ ਇਹੋ ਲਿਖਦਾ ਹੈ ਕਿ ਇਸ (ਪੁਰਾਤਨ) ਜਨਮਸਾਖੀ ਵਿਚ ਦਿੱਤਾ ਬਿਰਤਾਂਤ ਸੱਚ ਖੰਡ ਪੋਥੀ ਨਾਲ ਕਾਫੀ ਹੱਦ ਤੱਕ ਮਿਲਦਾ ਹੈ ਪਰ ਇਸ ਵਿਚ ਸਾਖੀਆਂ ਦੀ ਗਿਣਤੀ ਕੇਵਲ 57 ਹੈ। ਸਾਖੀਆਂ ਦੀ ਤਰਤੀਬ ਵਿਚ ਸੱਚ ਖੰਡ ਪੋਥੀ ਤੋਂ ਵੱਖਰੀ ਹੈ। ਇਸ ਤਰ੍ਹਾਂ ਇਸ ਗੱਲ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਰਹਿੰਦਾ ਕਿ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ ਦਾ ਸੰਖੇਪ ਕੀਤਾ ਰੂਪ ਹੀ ਹੈ। ਭਾਵ ਕਿ ਭਾਵੇਂ ਉਹ ਇੰਡੀਆ ਆਫ਼ਸ ਲੰਡਨ ਦੀ ਲਾਇਬ੍ਰੇਰੀ ਦੀ ਕਾਪੀ ਹੈ, ਭਾਵੇਂ ਉਹ ਮੈਕਾਲਿਫ ਵਾਲੀ ਕਾਪੀ ਹੈ, ਭਾਵੇਂ ਉਹ ਹਾਫ਼ਿਜ਼ਾਬਾਦ ਵਾਲੀ ਕਾਪੀ ਹੈ, ਭਾਵੇਂ ਉਹ ਸਿੰਘ ਸਭਾ ਦੇ ਪ੍ਰੋ. ਗੁਰਮੁਖ ਸਿੰਘ ਦੀ ਤਿਆਰ ਕੀਤੀ ਕਾਪੀ ਹੈ ਤੇ ਭਾਵੇਂ ਪੁਰਾਤਨ ਜਨਮਸਾਖੀ ਹੈ, ਉਸ ਦੀ ਮੂਲ ਜੜ੍ਹ ਮਿਹਰਬਾਨ ਵਾਲੀ ਜਨਮਸਾਖੀ ਹੀ ਹੈ। ਇਨ੍ਹਾਂ ਸਾਰੀਆਂ ਕਾਪੀਆਂ ਦੇ ਤਿਆਰ ਕਰਨ ਵਾਲੇ ਅਲੱਗ ਅਲੱਗ ਹੋ ਸਕਦੇ ਹਨ ਪਰ ਇਨ੍ਹਾਂ ਦਾ ਸਰੋਤ ਉਕਤ ਜਨਮਸਾਖੀ ਹੀ ਹੈ।

### ਗਿਆਨ ਰਤਨਾਵਲੀ

'ਗਿਆਨ ਰਤਨਾਵਲੀ' ਜਨਮਸਾਖੀ ਨੂੰ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਜਨਮਸਾਖੀ ਅਠਾਰ੍ਹਵੀ ਸਦੀ ਦੀ ਮਹੱਤਵਪੂਰਨ ਰਚਨਾ ਹੈ।ਕੁਝ ਵਿਦਵਾਨਾਂ ਨੇ ਇਸ ਦੇ ਲੇਖਕ ਭਾਈ ਮਨੀ ਸਿੰਘ ਨੂੰ ਮੰਨਿਆ ਹੈ ਪਰ ਕੁਝ ਇਸ ਮਤ ਨਾਲ ਸਹਿਮਤ ਨਹੀਂ ਹਨ। ਤਰਲੋਚਨ ਸਿੰਘ ਅਨੁਸਾਰ, "ਕਿ ਗਿਆਨ ਰਤਨਾਵਲੀ ਦਾ ਟੀਕਾ ਭਾਈ ਮਨੀ ਸਿੰਘ ਨੇ ਕਥਾ ਰੂਪ ਵਿੱਚ ਕੀਤਾ ਜਿਸ ਨੂੰ ਅੱਗੋਂ ਭਾਈ ਗੁਰਬਖ਼ਸ਼ ਸਿੰਘ ਪਾਸੋਂ ਸੁਣ ਕੇ ਭਾਈ ਸੂਰਤ ਸਿੰਘ ਨੇ ਵਾਰਤਕ ਵਿੱਚ ਲਿਖਿਆ।' ਭਾਈ ਸੂਰਤ ਸਿੰਘ ਚਨੀਓਟ ਦਾ ਵਾਸੀ ਸੀ। ਇਸ ਦਾ ਰਚਨਾ ਕਾਲ 1730-35 ਮੰਨਿਆ ਹੈ। ਇਹ ਜਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਤੇ ਆਧਾਰਿਤ ਮੰਨਿਆ ਹੈ। ਇਸ ਨੂੰ ਪਹਿਲੀ ਵਾਰ ਦਾ ਵਾਰਤਕ ਟੀਕਾ ਕਿਹਾ ਜਾਂਦਾ ਹੈ। ਪਰ ਇਹ ਇੱਕ ਸਿਰਾ ਟੀਕਾ ਨਹੀਂ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ।

ਜਨਮਸਾਖੀ ਪਰੰਪਰਾ ਦੇ ਤੁਲਨਾਤਮਕ ਅਧਿਐਨ ਵਿਚ 'ਭਾਈ ਬਾਲਾ ਜੀ ਦੀ ਜਨਮਸਾਖੀ' ਤੋਂ ਬਾਅਦ ਜੇ ਕਿਸੇ ਜਨਮਸਾਖੀ ਦਾ ਜ਼ਿਕਰ ਆਉਂਦਾ ਹੈ, ਉਹ 'ਭਾਈ ਮਨੀ ਸਿੰਘ ਦੀ ਜਨਮਸਾਖੀ' (ਗਿਆਨ ਰਤਨਾਵਲੀ) ਹੈ। ਇਹ ਜਨਮਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਵਿਚ ਲਿਖੀ ਗਈ। ਜੇਕਰ ਦੇਖਿਆ ਜਾਵੇ ਤਾਂ ਇਹ ਜਨਮਸਾਖੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਉੱਤੇ ਆਧਾਰਿਤ ਜਾਪਦੀ ਹੈ। ਇਸ ਲਈ ਚਾਰ ਪਰੰਪਰਾਵਾਂ ਨੇ ਤਾਂ ਇਨ੍ਹਾਂ ਜਨਮਸਾਖੀਆਂ ਲਈ ਜਿੱਥੋਂ ਤੱਕ ਹੋ ਸਕੇ ਸਮੱਗਰੀ ਪ੍ਰਾਪਤ ਕੀਤੀ ਗਈ ਹੈ। ਜਿਸ ਨੂੰ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਵੀ ਕਿਹਾ ਜਾਂਦਾ ਹੈ। ਇਸ ਜਨਮਸਾਖੀ ਦਾ ਦੂਸਰਾ ਨਾਮ 'ਗਿਆਨ ਰਤਨਾਵਲੀ' ਵਧੇਰੇ ਪ੍ਰਚਲਿਤ ਹੈ। ਸਾਖੀਕਾਰ ਦੀ ਇਸ ਖੋਜ ਤੋਂ ਪਤਾ ਲੱਗਦਾ ਹੈ ਕਿ ਭਾਈ ਮਨੀ ਸਿੰਘ ਜੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਨਿੱਤ ਕਥਾ ਕਰਦੇ ਸਨ। ਜਿਸ ਨੂੰ ਸਿੱਖ ਸੰਗਤਾਂ ਨੇ ਬੜੇ ਆਦਰ ਮਾਣ ਨਾਲ ਸੁਣਿਆ। ਇਸ ਤੋਂ ਇਲਾਵਾ ਭਾਈ ਸੂਰਤ ਸਿੰਘ ਨੇ ਜਦੋਂ ਇਹ ਕਥਾ ਸੁਣੀ ਤਾਂ ਉਸ ਨੇ ਜਨਮਸਾਖੀ ਨੂੰ ਕਲਮਬੱਧ ਕਰਕੇ ਅਮਰ ਕੀਤਾ। ਅਜਿਹਾ ਕਰਨ ਪਿੱਛੇ ਉਸਦਾ ਮਕਸਦ ਪੂਰੀ ਦੁਨੀਆਂ ਨੂੰ ਇਸ ਦਾ ਭਰਪੂਰ ਲਾਭ ਉਠਾਉਣਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਛੋਟੇ ਮੇਲ ਵਾਲਿਆ ਵਲੋਂ ਪਾ ਰਹੇ ਭੁਲੇਖਿਆ ਤੋਂ ਆਪਣੇ

ਆਪ ਨੂੰ ਬਚਾਉਣਾ ਹੈ। ਇਸ ਤਰਾਂ 'ਭਾਈ ਮਨੀ ਸਿੰਘ ਜੀ' ਨੇ 'ਭਾਈ ਗੁਰਦਾਸ ਜੀ' ਦੀ ਪਹਿਲੀ ਵਾਰ ਨੂੰ ਆਧਾਰ ਬਣਾ ਕੇ 'ਗੁਰੂ ਨਾਨਕ ਦੇਵ ਜੀ' ਦੇ ਜੀਵਨ ਦੇ ਅਸਲ ਬਿੰਬ ਉਸਾਰਿਆ ਹੈ। ਭਾਈ ਮਨੀ ਸਿੰਘ ਦੀ ਜਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਉੱਤੇ ਆਧਾਰਿਤ ਵਿਸ਼ੇਸ਼ ਜਨਮਸਾਖੀ ਉਭਰ ਕੇ ਸਾਹਮਣੇ ਆਈ, ਜਿਸ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਨੂੰ ਸ਼ੁੱਧ ਰੂਪ ਵਿਚ ਲਿਖ ਕੇ ਅਸਾਧਾਰਨ ਗੱਲਾਂ ਨੂੰ ਬਚਾਉਣਾ ਹੈ। ਡਾ. ਤਰਲੋਚਨ ਸਿੰਘ ਬੇਦੀ ਅਨੁਸਾਰ "ਇਸ ਜਨਮਸਾਖੀ ਦਾ ਰਚਨਾਕਾਲ 1830-35 ਦੇ ਲਗਭਗ ਹੋਇਆ।"

ਡਾ. ਰਤਨ ਸਿੰਘ ਜੱਗੀ ਨੇ ਇਸ ਜਨਮਸਾਖੀ ਵਿਚ 225 ਪ੍ਰਬੰਧਾਂ ਸਾਖੀਆਂ ਦਾ ਜ਼ਿਕਰ ਕੀਤਾ ਹੈ, ਉਹ ਲਿਖਦੇ ਹਨ ਕਿ ਇਸ ਵਿਚ ਕੁੱਲ ਮਿਲਾ ਕੇ 225 ਪ੍ਰਬੰਧ ਜਾਂ ਸਾਖੀਆਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ 7 ਸਾਖੀਆਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਹੈ।" 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਦਾ ਅਧਿਐਨ ਕਰਨ ਤੋਂ ਬਾਅਦ ਇਸ ਗੱਲ ਦਾ ਵੀ ਪਤਾ ਲੱਗਦਾ ਹੈ ਕਿ ਸਾਖੀਕਾਰ ਨੇ 'ਭਾਈ ਬਾਲੇ ਵਾਲੀ ਜਨਮਸਾਖੀ' ਨੂੰ ਆਧਾਰ ਬਣਾ ਕੇ ਭਾਈ ਗੁਰਦਾਸ ਦੀ ਪਹਿਲੀ ਵਾਰ ਅਨੁਸਾਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਪਰੰਤੂ ਕੁੱਝ ਗੱਲਾਂ ਉਸ ਨੇ ਪੁਰਾਤਨ ਜਨਮਸਾਖੀ, ਸੋਢੀ ਮਿਹਰਬਾਨ ਵਾਲੀ ਜਨਮਸਾਖੀ ਤੋਂ ਵੀ ਪ੍ਰਸਥਿਤੀਆਂ, ਘਟਨਾਵਾਂ ਤੇ ਕਥਾਨਕ ਉਸਾਰੀ ਵਜੋਂ ਸਹਾਇਤਾ ਲਈ ਹੈ। ਇਸ ਦਾ ਵਧੇਰੇ ਪਾਠਕ੍ਰਮ ਭਾਈ ਗੁਰਦਾਸ ਦੀ ਵਾਰ ਵਾਲਾ ਹੀ ਜਾਪਿਆ। ਭਾਈ ਗੁਰਦਾਸ ਜੀ ਦੀਆਂ ਪਹਿਲੀਆਂ 22 ਪਾਉੜੀਆਂ ਉਸ ਸਮੇਂ ਦੀ ਸਮਕਾਲੀ ਦਸ਼ਾ ਨੂੰ ਵੱਖੋ ਵੱਖਰੇ ਧਰਮਾਂ ਬਾਰੇ ਆਪਸੀ ਸੰਬੰਧਾਂ ਬਾਰੇ ਸਪੱਸ਼ਟੀਕਰਨ ਕੀਤਾ ਹੈ। 23 ਤੋਂ 44 ਪਾਉੜੀ ਤੱਕ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਜੀਵਨ ਗਾਥਾ ਨੂੰ ਬਿਆਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿਛਲੀਆਂ ਪਾਉੜੀਆਂ ਸਿੱਖ ਪੰਥ ਚਲਾਉਣ ਵਾਲੇ ਤੇ ਗੁਰਗੱਦੀ ਨੂੰ ਅੱਗੇ ਤੱਕ ਲਿਜਾਣ ਵਾਲੇ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਨ ਦਾ ਦ੍ਰਿਸ਼ ਦਿਖਾਇਆ ਗਿਆ ਹੈ। ਅੰਤਲੀ ਪਾਉੜੀ ਸਤਿਨਾਮੁ ਵਾਹਿਗੁਰੂ ਦੇ ਮੂਲ ਮੰਤਰਾਂ ਦੀ ਵਡਿਆਈ ਬਾਰੇ ਦੱਸਿਆ ਹੈ ਅਜਿਹਾ ਨਹੀਂ ਹੋ ਸਕਦਾ ਕਿ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਵਾਰ ਨੂੰ ਪ੍ਰਸਤੁਤ ਕਰਦਿਆ ਬਹੁਤ ਸਾਰੀਆਂ ਘਟਨਾਵਾਂ ਬਾਰੇ ਵਿਸਥਾਰ ਨਾ ਕੀਤਾ ਹੋਵੇ। ਇਸ ਕਰਕੇ ਸਾਖੀਕਾਰ ਨੇ ਆਪਣੀ ਸੂਝ-ਬੂਝ ਅਨੁਸਾਰ ਆਪਣੇ ਤੋਂ ਪਹਿਲਾਂ ਵਾਲੀਆਂ ਜਨਮਸਾਖੀਆਂ ਤੋਂ ਸਮੱਗਰੀ ਲੈ ਕੇ 'ਗਿਆਨ ਰਤਨਾਵਲੀ' ਜਨਮਸਾਖੀ ਦੇ ਰੂਪ ਨੂੰ ਵੀ ਹੋਰਨਾਂ ਜਨਮਸਾਖੀਆਂ ਵਾਂਗ ਪੇਸ਼ ਕੀਤਾ ਹੈ। ਜਿਵੇਂ ਕਿ "ਗੁਰੂ ਨਾਨਕ ਦੇਵ ਜੀ ਦਾ ਬਚਪਨ, ਸਿੱਖਿਆ, ਸ਼ੇਖ ਬ੍ਰਹਮ ਨਾਲ ਬਚਪਨ ਵਿਚ ਹੋਈ ਮੁਲਾਕਾਤ, ਫ਼ਾਰਸੀ ਪੜ੍ਹਨਾ, ਮਰਦਾਨੇ ਦੀ ਲੜਕੀ ਦੇ ਵਿਆਹ ਤੇ ਗਹਿਣੇ ਦੇਣ ਵਾਸਤੇ ਗੁਰਦਿਆਲ ਨਾਂ ਦੇ ਸਿੱਖ ਨੂੰ ਲਾਹੌਰ ਭੇਜਣਾ ਅਤੇ ਮੁਲਤਾਨ ਵਿਖੇ ਬ੍ਰਹਮ ਭੋਜ ਵਾਲੀ ਸਾਖੀ ਆਦਿ ਸੱਭ ਗੱਲਾਂ ਨੂੰ ਗਿਆਨ ਰਤਨਾਵਲੀ ਜਨਮਸਾਖੀ ਵਿਚ ਵੀ ਅੰਕਿਤ ਕੀਤਾ।"ਬੇਸ਼ੱਕ ਇਹ ਵਿਸ਼ੇ ਪਹਿਲੀਆਂ ਜਨਮਸਾਖੀਆਂ ਵਿਚ ਵੀ ਮੌਜੂਦ ਨੇ ਪਰ ਭਾਈ ਮਨੀ ਸਿੰਘ ਨੇ ਇਨ੍ਹਾਂ ਘਟਨਾਵਾਂ ਅਤੇ ਵਿਸ਼ਿਆਂ ਨੂੰ ਤਾਜ਼ਗੀ ਤੇ ਰੂਹਾਨੀਅਤ ਦੀ ਰੰਗਤ ਵਿਚ ਰੰਗ ਕੇ ਪੇਸ਼ ਕੀਤਾ।

ਪੂਰਬ ਦੀ ਉਦਾਸੀ ਦਾ ਵਰਨਣ ਕਰਨ ਸਮੇਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਦੂਸਰੀਆ ਜਨਮਸਾਖੀਆਂ ਨਾਲ ਸਮਾਨਤਾ ਰੱਖਦੀਆਂ ਪ੍ਰਤੀਤ ਹੁੰਦੀਆਂ ਹਨ। ਇਹ ਜਨਮਸਾਖੀ ਭਾਸ਼ਾ ਤੇ ਸ਼ੈਲੀ ਦੇ ਪੱਖ ਤੋਂ ਵਿੱਲਖਣ ਪ੍ਰਤੀਤ ਹੁੰਦੀ ਹੈ ਪਰੰਤੂ ਕਲਾ ਪੱਖ ਤੋਂ ਇਹ ਜਨਮਸਾਖੀ 'ਪੁਰਾਤਨ ਜਨਮਸਾਖੀ' ਤੇ 'ਭਾਈ ਬਾਲੇ ਵਾਲੀ ਜਨਮਸਾਖੀ' ਨੂੰ ਪਿੱਛੇ ਪਾਉਣ ਵਿਚ ਸਫਲਤਾ ਹਾਸਿਲ ਨਹੀਂ ਕਰ ਸਕੀ। ਪਰੰਤੂ ਇਹ ਕਿਹਾ ਜਾ ਸਕਦਾ ਹੈ ਕਿ ਇਹ ਜਨਮਸਾਖੀ ਇਤਿਹਾਸਕ ਪੱਖ ਤੋਂ ਵਿਸ਼ੇਸ਼ ਮਹੱਤਤਾ ਵਾਲੀ ਹੈ। ਭੂਗੋਲਿਕ ਦ੍ਰਿਸ਼ਟੀ ਤੋਂ ਇਸ ਜਨਮਸਾਖੀ ਦਾ ਪੂਰਨ ਰੂਪ ਦੇਖਿਆ ਜਾ ਸਕਦਾ ਹੈ। ਇਸ ਜਨਮਸਾਖੀ ਦੇ ਅੰਦਰ ਲੇਖਕ ਨੇ ਉਦਾਸੀਆਂ ਵਿਚ ਇਸ ਗੱਲ ਦਾ ਸਪੱਸ਼ਟੀਕਰਨ ਕੀਤਾ ਕਿ ਪਹਿਲੀਆਂ ਜਨਮਸਾਖੀਆਂ ਦੇ ਮੁਕਾਬਲੇ ਹੋਰ ਵੀ ਬਹੁਤ ਸਾਰੇ ਨਾਵਾਂ-ਥਾਵਾਂ ਬਾਰੇ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਸ਼ੇਖ ਬ੍ਰਹਮ ਦਾ ਗੁਰੂ ਜੀ ਦਾ ਅੱਠ ਸਾਲ ਦੀ ਉਮਰ ਤੋਂ ਪਹਿਲਾਂ ਮਿਲਣਾ, ਫਿਰ ਉਦਾਸੀਆਂ ਤੋਂ ਵਾਪਸ ਆਉਣ ਤੇ ਮਿਲਣਾ ਇਹ ਤੱਥ ਦੀ ਭੂਗੋਲਿਕ ਜਾਣਕਾਰੀ ਪ੍ਰਗਟਾਵਾ ਕਰਦੇ ਹਨ ਉੱਤੇ ਇਤਿਹਾਸਕ ਪੱਖ ਤੋ ਗਲਤ ਹਨ ਭੂਗੋਲ ਤੇ ਖਗੋਲ ਨਾਲ ਸੰਬੰਧਿਤ ਜਾਣਕਾਰੀ ਇਸ ਜਨਮਸਾਖੀ ਦਾ ਵਿਸ਼ੇਸ਼ ਪੱਖ ਹੈ ਜਿਵੇਂ ਧਰਤੀ ਦਾ ਘੇਰਾ, ਸੁਮੇਰ ਪਰਬਤ, ਅੱਠ ਚੋਟੀਆਂ ਦੇ ਨਾਮ, ਸੂਰਜ ਮੰਡਲ ਤੇ ਮੇਘ ਮੰਡਲ ਦੀ ਆਪਸੀ ਵਿੱਥ ਦੀ ਜਾਣਕਾਰੀ, ਚੰਦਰਲੋਕ ਦੀ ਸੂਰਜ ਲੋਕ ਦੀ ਵਿੱਥ ਹਜ਼ਾਰ ਯੋਜਨਾ ਤੋਂ ਬਿਨ੍ਹਾਂ ਗ੍ਰਹਿਆਂ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ।ਸਾਨੂੰ ਅਜਿਹੀ ਜਾਣਕਾਰੀ ਵੀ ਮਿਲੀ ਹੈ ਕਿ ਇਹ 'ਭਾਈ ਬਾਲੇ ਵਾਲੀ ਜਨਮਸਾਖੀ' ਅਤੇ ਦੂਸਰੀਆਂ ਜਨਮਸਾਖੀਆਂ ਨਾਲੋਂ ਵੱਖਰਾ ਸਥਾਨ ਰੱਖਦੀ ਹੈ। ਪਰ

ਵਿਗਿਆਨਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਕੁੱਝ ਥਾਵਾਂ ਤੇ ਇਹ ਜਾਣਕਾਰੀ ਖੋਖਲੀ ਜਾਪਦੀ ਹੈ। ਜਿਵੇਂ ਕਿ "ਸਾਖੀ ਨੰਬਰ 69 ਵਿਚ ਸੰਤ ਬੰਦ ਰਾਮੇਸ਼ਵਰਮ, ਪੁਲ ਦੇ ਲਈ ਗੋਵਰਧਨ ਪਰਬਤ ਨੂੰ ਲਿਆਉਣ ਦਾ ਜ਼ਿਕਰ ਕੀਤਾ ਹੈ, ਦੂਜੇ ਗੁਰੂ ਨਾਨਕ ਦੇਵ ਜੀ ਨੂੰ ਭਰਥਰੀ ਨੂੰ ਉਡਾ ਕੇ ਰਾਜੇ ਪਦਮ ਨਾਮ ਦੇ ਨਗਰ ਪਹੁੰਚਾਉਣ ਦਾ ਵਰਨਣ ਹੈ।ਬੇਸ਼ੱਕ ਇਸ ਜਨਮਸਾਖੀ ਵਿਚ ਮਿਥਿਹਾਸਕ ਕਥਾਵਾਂ ਬਾਰੇ ਵੀ ਦੱਸਿਆ ਗਿਆ ਹੈ, ਪਰ ਇਨ੍ਹਾਂ ਕਥਾਵਾਂ ਦੀ ਆਪਣੀ ਮਹੱਤਤਾ ਹੈ। 'ਭਾਈ ਮਨੀ ਸਿੰਘ ਦੀ ਜਨਮਸਾਖੀ' ਵਿਚ ਕਈ ਅਜਿਹੀਆਂ ਮਿਥਿਹਾਸਕ ਘਟਨਾਵਾਂ ਆਮ ਦੇਖੀਆਂ ਜਾ ਸਕਦੀਆਂ ਹਨ ਪਰੰਤੂ ਇਹ ਕਹਿਣਾ ਗਲਤ ਹੋਵੇਗਾ ਕਿ ਸਮੁੱਚੀ ਜਨਮਸਾਖੀ ਇਤਿਹਾਸਕ ਪੱਧਰ ਉੱਤੇ ਨਹੀਂ ਖੜੀ। ਕਿਉਂਕਿ ਗਿਆਨ ਰਤਨਾਵਲੀ ਜਨਮਸਾਖੀ ਜਿੱਥੇ ਕਲਪਣਾ ਦਾ ਪ੍ਰਗਟਾਵਾ ਕਰਦੀ ਹੈ ਉੱਤੇ ਇਹ ਇਤਿਹਾਸਕ ਪੱਖ ਨੂੰ ਵੀ ਅੱਖੋਂ ਓਹਲੇ ਨਹੀਂ ਕਰਦੀ। ਇਸ ਲਈ ਇਹ ਜਨਮਸਾਖੀ ਇਤਿਹਾਸਕਤਾ ਦੇ ਵੀ ਬਹੁਤ ਨੇੜੇ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਿਥਿਹਾਸਕ ਕਥਾਵਾਂ ਦਾ ਸਾਖੀਕਾਰ ਵਲੋਂ ਪ੍ਰਗਟਾਵਾ ਕਰਨਾ ਗੁਰੂ ਨਾਨਕ ਬਿੰਬ ਵਿਚ ਚਮਤਕਾਰੀ ਅੰਸ਼ਾਂ ਨੂੰ ਭਰਨਾ ਹੈ। ਸਾਖੀਕਾਰ ਸ਼ਰਧਾ ਵੱਸ ਹੋ ਕੇ ਨਾਇਕ ਨੂੰ ਮਹਾਨਾਇਕ ਬਣਾ ਦਿੰਦਾ ਹੈ। ਇਸੇ ਤਰ੍ਹਾਂ 'ਭਾਈ ਮਨੀ ਸਿੰਘ' ਤੇ 'ਭਾਈ ਬਾਲਾ ਜੀ' ਵਾਂਗ ਗੁਰੂ ਨਾਨਕ ਦੇਵ ਜੀ ਨੂੰ ਗੈਬੀ ਤਾਕਤਾਂ ਤੇ ਦਿੱਬ ਸ਼ਕਤੀਆਂ ਦੀ ਭਰਮਾਰ ਵਾਲਾ ਨਾਇਕ ਸਿਰਜਿਆ ਹੈ। ਦੋਹਾਂ ਸਾਖੀਕਾਰਾਂ ਦੀ ਇਸ ਬਿਆਨਕਾਰੀ ਪਿੱਛੇ ਗੁਰੂ ਨਾਨਕ ਦੇਵ ਜੀ ਨੂੰ ਆਮ ਲੋਕਾਂ ਨਾਲੋਂ ਵੱਖਰਾ ਤੇ ਉੱਚਾ ਦਰਸਾਉਣਾ ਹੈ। ਇਹ ਜਨਮਸਾਖੀ ਗੁਰੂ ਨਾਨਕ ਦੇਵ ਦੀ ਰੂਹਾਨੀ ਸ਼ਖ਼ਸੀਅਤ ਨੂੰ ਹੀ ਨਹੀਂ ਬਿਆਨ ਕਰਦੀ ਬਲਕਿ ਇਹ ਉਸ ਸਮੇਂ ਦੇ ਸਮਾਜਿਕ, ਰਾਜਸੀ, ਆਰਥਿਕ, ਅਤੇ ਸਭਿਆਚਾਰਕ ਸਮਾਜ ਦੀ ਵਿਲੱਖਣ ਤਸਵੀਰ ਨੂੰ ਪੇਸ਼ ਵੀ ਕਰਦੀ ਹੈ। ਜਿਸ ਵਿਚ ਭਾਰਤ ਨੂੰ ਹਿੰਦੂ ਅਤੇ ਮੁਸਲਮਾਨ ਦੋ ਵਰਗਾਂ ਵਿਚ ਵੰਡਿਆ ਹੋਇਆ ਸੀ। ਇਹ ਤਸਵੀਰ ਨਾ ਕੇਵਲ ਸਮਾਜਿਕ ਤਣਾਅ ਨੂੰ ਹੀ ਵਿਅਕਤ ਕਰਦੀ ਹੈ ਬਲਕਿ ਇਸ ਤਸਵੀਰ ਨੂੰ ਸ਼ੁੱਧਤਾ ਪ੍ਰਦਾਨ ਕਰਨ ਲਈ ਗੁਰੂ ਜੀ 'ਨਾ ਕੋ ਹਿੰਦੂ ਨਾ ਮੁਸਲਮਾਨ' ਵਰਗੇ ਉਤਕ੍ਰਿਸ਼ਟ ਵਾਕਾਂ ਦਾ ਉਚਾਰ ਵੀ ਮਿਲਦਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕਤਾ ਦੁਆਰਾ ਸਮਾਜ ਨੂੰ ਉਸਾਰੂ ਤੇ ਸੁਚਾਰੂ ਬਣਾਉਣ ਵਿਚ ਅਹਿਮ ਸਥਾਨ ਰੱਖਦੀ ਹੈ।

ਭਾਈ ਮਨੀ ਸਿੰਘ ਦੀ ਜਨਮਸਾਖੀ 'ਗਿਆਨ ਰਤਨਾਵਲੀ' ਵਿਚ ਅਨੇਕਾਂ ਵਿਸ਼ਿਆਂ ਦੀ ਭਰਮਾਰ ਮਿਲਦੀ ਹੈ। ਇਸ ਵਿਚ ਜਿੱਥੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਤਕ ਅੰਸ਼ਾਂ ਦੀ ਪੇਸ਼ਕਾਰੀ ਮਿਲਦੀ ਹੈ ਉੱਥੇ ਗੁਰੂ ਸਾਹਿਬ ਨਾਲ ਜੋੜੇ ਮਿਥਿਹਾਸਕ ਅੰਸ਼ਾਂ ਨੂੰ ਵੀ ਬਾਖ਼ੂਬੀ ਬਿਆਨ ਕੀਤਾ ਹੈ। ਇਸ ਜਨਮਸਾਖੀ ਦੀ ਸ਼ੁਰੂਆਰ ਮੰਗਲਾਚਰਨ ਨਾਲ ਹੁੰਦੀ ਹੈ ਅਤੇ ਮੰਗਲਾਚਰਨ ਤੋਂ ਤੁਰੰਤ ਬਾਅਦ ਹੀ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਨੇਕਾਂ ਵਿਸ਼ਿਆਂ ਨਾਲ ਅੱਗੇ ਵੱਧਦੀ ਹੈ। ਇਸ ਵਿਚ 'ਭਾਈ ਗੁਰਦਾਸ ਜੀ ਦੀ ਵਾਰ', 'ਗਿਆਨ ਰਤਨਾਵਲੀ', 'ਵਾਹੇਗੁਰੂ ਦੀ ਫਤਹਿ ਦਾ ਮਹਾਤਮ', 'ਵਾਹੇਗੁਰੂ ਨੇ ਚਾਹਿਆ', 'ਮੈਂ ਏਕ ਦਾ ਅਨੇਕ ਹੋਵਾਂ', 'ਕਲਜੁਗ ਕਾ ਧਰਮ', 'ਵੇਦ', 'ਉਪਦੇਸ ਕਿਆ ਹੈ', 'ਨਿਆਇ ਸਾਸਤ੍ਰ ਕਾ ਵਰਨਣ', 'ਵਿਦਾਂਤ ਸਾਸਤ੍ਰ ਕਾ ਵਰਨਣ', 'ਭਾਗਵਤ ਕਾ ਵਿਚਾਰ', 'ਬਤੀ ਸੁਭ ਲਖਣ', 'ਬਿਆਸ ਜੀ ਕੀ ਉਤਪਤਿ', 'ਸੋਲਾਂ ਕਲਾ ਕਾ ਵਰਨਣ', 'ਸਾਂਖ ਸਾਸਤ੍ਰ ਕਾ ਬੀਚਾਰ', 'ਵਿਸ਼ੇਸ਼ਕ ਸਾਸਤ੍ਰ ਕਾ ਬੀਚਾਰ', 'ਪਾਤੰਜਲ ਸਾਸਤ੍ਰ ਕਾ ਬੀਚਾਰ', 'ਕਲਜੁਗ ਕਾ ਵਰਤਾਰਾ', 'ਜੁਗ ਗਰਦੀ ਕਾ ਬ੍ਰਿਤਾਂਤ', 'ਫੋਕਟ ਧਰਮੀ ਭਰਮ ਭੁਲਾਵੈ', 'ਕਲਜੁਗ ਕਾ ਵਰਨਣ', 'ਮੁਹੰਮਦ ਸਾਹਿਬ ਵਰਨਣ', 'ਚਾਰ ਵਰਨ', 'ਥੰਮੇ ਕੋਈ ਨਾ ਸਾਧ ਬਿਨ', 'ਬਾਬੇ ਜੀ ਕਾ ਜਨਮ', 'ਕਲਿ ਤਾਰਨ ਗੁਰੂ ਨਾਨਕ ਆਇਆ', 'ਚੌਦਾਂ ਵਿਦਿਆ', 'ਵਾਹਿਗੁਰੂ ਕਾ ਜਾਪ', 'ਬਾਬੇ ਜੀ ਕੋ ਪਾਂਧੇ ਤੇ ਬਠਾਇਆ' ਅਤੇ 'ਬਾਬੇ ਨੇ ਪਟੀ ਲਿਖੀ', 'ਸਾਖੀ ਪਟਨ ਨਗਰ ਦੀ', 'ਸਾਖੀ ਸੇਖ ਬ੍ਰਹਮ ਦੀ', 'ਸੇਖ ਬ੍ਰਹਮ ਨਾਲ ਗੋਸਟ', 'ਰਾਇ ਬੁਲਾਰ ਨਾਲ ਗੋਸਟ', 'ਸਾਖੀ ਜਨੇਊ ਪਾਵਨੇ ਦੀ', 'ਸਾਖੀ ਮਕਤਬ ਬੈਠਣ ਦੀ', 'ਸਾਖੀ ਮਹੀਂਆਂ ਚਰਾਵਣ ਦੀ', 'ਸਾਖੀ ਸੌਦਾਗਰੀ ਦੀ', 'ਸਾਖੀ ਬਾਬੇ ਦੇ ਵਿਆਹ ਦੀ', 'ਸਾਖੀ ਮਨਸੁਖ ਬਾਣੀਏ ਦੀ', 'ਸਾਖੀ ਮੋਦੀਖਾਨੇ ਦੇ ਦੀਵਾਨ ਨਾਲ', 'ਸਾਖੀ ਦੀਵਾਨ ਨਾਲ ਹੋਈ', 'ਸਾਖੀ ਵੇਈਂ ਵਿਚ ਟੁਬੀ ਮਾਰਨ ਦੀ', 'ਵੇਈਂ ਤੋਂ ਬਾਬਾ ਬਾਹਰ ਆਇਆ', 'ਸਾਖੀ ਨਿਮਾਜ ਪੜ੍ਹਨ ਦੀ', 'ਸਾਖੀ ਮਰਦਾਨੇ ਦੇ ਮਿਲਣ ਦੀ', 'ਸਾਖੀ ਚਹੁੰ ਵਸਤਾਂ ਦੀ', 'ਸਾਖੀ ਕੁਰੂਖੇਤਰ ਦੀ', 'ਸਾਖੀ ਸਾਹ ਸ਼ਰਫ਼', 'ਸਾਖੀ ਸਜਨ ਠੱਗ ਦੀ', 'ਸਾਖੀ ਮਰਦਾਨੇ ਨਾਲ', 'ਸਾਖੀ ਕੌਡੇ ਰਾਕਸ਼ ਦੀ', 'ਸਾਖੀ ਤ੍ਰਿਅ ਰਾਜ ਮੈਂ ਗਏ', 'ਬਾਬਾ ਜੀ ਸਿਆਲਕੋਟ ਗਏ', 'ਸਾਖੀ ਭਾਈ ਮੂਲੇ ਨਾਲ ਹੋਈ', 'ਸਾਖੀ ਹਿਰਨ ਖੰਡ ਦੀ',

'ਸਾਖੀ ਮਛ ਦੀ', 'ਕਰਤਾਰਪੁਰ ਆਏ', 'ਸਾਖੀ ਸੈਦੇ ਚਮਾਰ ਦੀ', 'ਸਾਖੀ ਮਾਤਾ ਪਿਤਾ ਨਾਲ ਮੇਲ', 'ਕਿਕਰ ਤੋਂ ਮਠਿਆਈ ਝਾੜੀ' ਆਦਿ ਸਾਖੀਆਂ ਗਿਆਨ ਰਤਨਾਵਲੀ ਵਿਚ ਦਰਜ਼ ਹਨ।

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅੱਗੇ ਭਾਈ ਸਾਹਿਬ ਦਾ ਨਾਂ ਇਸ ਜਨਮਸਾਖੀ ਨਾਲ ਕਿਵੇਂ ਜੁੜ ਗਿਆ ਹੈ ਇਸ ਬਾਰੇ ਸਿਰਫ ਇਹੋ ਹੀ ਕਿਆਸ ਕੀਤਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੇ ਕਥਾ-ਵਿਖਿਆਨ ਭਾਈ ਸਾਹਿਬ ਆਪਣੇ ਸਮੇਂ ਸਿੱਖ ਸੰਗਤਾਂ ਵਿਚਕਾਰ ਕਰਿਆ ਕਰਦੇ ਸਨ, ਉਨ੍ਹਾਂ ਸੁਣ ਕੇ ਉਨ੍ਹਾਂ ਦੇ ਕਿਸੇ ਸ਼ਰਧਾਵਾਨ ਸਰੋਤੇ ਨੇ ਆਪਣੇ ਵੱਲੋਂ ਇਹ ਜਨਮਸਾਖੀ ਲਿਖ ਦਿੱਤੀ ਹੋਵੇ। ਸ਼ਰਧਾ ਵਜੋਂ ਆਪਣੀ ਇਸ ਲਿਖਤ ਨੂੰ ਆਪਣਾ ਨਾਂ ਦੇਣ ਦੀ ਥਾਂ ਭਾਈ ਮਨੀ ਸਿੰਘ ਜੀ ਦਾ ਨਾਂ ਦੇ ਦਿੱਤਾ ਹੋਵੇ। ਇਸ ਤੋਂ ਇਲਾਵਾ ਇਸ ਦੀ ਹੋਰ ਕੋਈ ਵਜ੍ਹਾ ਨਹੀਂ ਹੋ ਸਕਦੀ। ਭਾਈ ਮਨੀ ਸਿੰਘ ਦੇ ਵਿਖਿਆਨਾ ਦਾ ਸਮਾਂ 1708 ਤੋਂ ਲੈ ਕੇ 1734 ਈ. ਤਕ ਦਾ ਹੀ ਹੋ ਸਕਦਾ ਹੈ। ਜੇਕਰ ਇਹ ਵਿਆਖਿਆਨ ਇਸ ਸਮੇਂ ਦੇ ਹੁੰਦੇ ਤਾਂ ਇਨ੍ਹਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਇਸ ਸਮੇਂ ਦੀਆਂ ਘਟਨਾਵਾਂ ਦਾ ਥੋੜ੍ਹਾ-ਬਹੁਤਾ ਝਲਕਾਰਾ ਜ਼ਰੂਰ ਮਿਲਣਾ ਸੀ। ਪਰ ਐਸਾ ਝਲਕਾਰਾ ਇਸ ਜਨਮਸਾਖੀ ਵਿਚ ਉੱਕਾ ਹੀ ਨਹੀਂ ਹੈ। ਕੋਈ ਵੀ ਲਿਖਾਰੀ ਆਪਣੇ ਸਮੇਂ ਨਾਲੋਂ ਉੱਕਾ ਹੀ ਨਹੀਂ ਟੁੱਟਿਆ ਹੁੰਦਾ। ਇਹ ਵੀ ਹੋ ਸਕਦਾ ਹੈ ਕਿ ਇਸ ਜਨਮਸਾਖੀ ਨੂੰ ਸਿੱਖ ਮਿਸਲਾਂ ਦੇ ਸਮੇਂ ਲਿਖਿਆ ਗਿਆ ਹੋਵੇ ਕਿਉਂਕਿ ਕੁਝ ਅਸਪੱਸ਼ਟ ਜਿਹੇ ਝਲਕਾਰੇ ਸਿੱਖਾਂ ਦੀ ਅਮੀਰੀ ਬਾਰੇ ਜ਼ਰੂਰ ਮਿਲਦੇ ਹਨ ਪਰ ਇਹ ਵੀ ਬਹੁਤੇ ਨਹੀਂ ਹਨ ਅਤੇ ਨਾ ਹੀ ਸਪਸ਼ਟ ਹਨ। ਪਰ ਸੰਭਾਵਨਾ ਇਹ ਹੀ ਹੈ ਕਿ ਕਿਸੇ ਸ਼ਰਧਾਲੂ ਸਿੱਖ ਵਲੋਂ ਸਿੱਖ ਮਿਸਲਾਂ ਦੇ ਸਮੇਂ ਇਹ ਜਨਮਸਾਖੀ ਲਿਖੀ ਹੋਵੇ ਅਤੇ ਉਸ ਨੇ ਸ਼ਰਧਾ ਵਜੋਂ ਹੀ ਭਾਈ ਸਾਹਿਬ ਦਾ ਨਾਂ ਵਰਤ ਲਿਆ ਹੋਵੇ। ਭਾਈ ਸਾਹਿਬ ਦਾ ਨਾਂ ਭਾਈ ਸਾਹਿਬ ਦੇ ਜਿਉਂਦਿਆਂ ਨਹੀਂ ਵਰਤਿਆ ਜਾ ਸਕਦਾ ਸੀ। ਇਸ ਨਾਂ ਦੀ ਵਰਤੋਂ ਉਨ੍ਹਾਂ ਦੇ ਸ਼ਹੀਦ ਹੋ ਜਾਣ (1734 ਈ:) ਤੋਂ ਬਾਅਦ ਹੀ ਕੀਤੀ ਜਾ ਸਕਦੀ ਸੀ।

ਜਨਮਸਾਖੀ ਲਿਖਣ ਦੇ ਉਦੇਸ਼ ਬਾਰੇ ਇਸ ਜਨਮਸਾਖੀ ਵਿਚ ਅੰਕਤ ਇਹ ਟੂਕ ਜ਼ਰੂਰ ਕੁਝ ਜਾਣਕਾਰੀ ਦਿੰਦੀ ਹੈ: ਫੇਰ ਸਿੱਖਾਂ ਕਿਹਾ ਉਹ ਤਾਂ ਸਾਖੀ ਸੂਚਨਾ ਕੀਤੀ ਹੋਈ ਹੈ ਤੁਸੀਂ ਕਿਰਪਾ ਕਰਕੇ ਇਸ ਦਾ ਟੀਕਾ ਵਿਸਥਾਰ ਨਾਲ ਕਰ ਦੇਵੋ ਜੋ ਸਿੱਖਾਂ ਸੁਣ ਕੇ ਸ਼ਰਧਾ ਉਪਜੈ। ਤਾਂ ਭਾਈ ਮਨੀ ਸਿੰਘ ਜੀ ਕਹਿਆ, ਜੈਸੇ ਚੀਟੀ ਸੇ ਹਸਤੀ ਕਾ ਭਾਰ ਉਠਾਇਆ ਨਹੀਂ ਜਾਤਾ ਅਰ ਤਲਾਉ ਕੇ ਕੱਛੂ ਸੇ ਮੰਦ੍ਰਾਚਲ ਪਰਬਤ ਚੁੱਕਿਆ ਨਹੀਂ ਜਾਂਦਾ ਤੈਸੇ ਮੁਝ ਸੇ ਵੀ ਸ੍ਰੀ ਬਾਬੇ ਜੀ ਦੀ ਗੋਸ਼ਟ ਦਾ ਟੀਕਾ ਕੀਤਾ ਨਹੀਂ ਜਾਂਦਾ। ਪਰ ਜੈਸੇ ਤਾਰੂ ਪੁਰਖ ਨਦੀ ਕੇ ਬੀਚ ਕਾਨੇ ਟੁੰਗ ਜਾਤੇ ਹੈਂ ਤਾਂ ਉਸ ਰਾਹੁ ਅਣਜਾਣੂ ਬੀ ਪਾਰ ਲੰਘ ਜਾਤੇ ਹੈਂ। ਤੈਸੇ ਮੈਂ ਭਾਈ ਗੁਰਦਾਸ ਜੀ ਦੀ ਵਾਰ ਕੋ ਮੁੱਖ ਰੱਖ ਕੇ ਉਸ ਦੇ ਅਨੁਸਾਰ ਅਤੇ ਜੋ ਦਸਵੀਂ ਪਾਤਿਸ਼ਾਹੀ ਦੇ ਦਰਬਾਰ ਥੀ ਸਾਖੀਆਂ ਸੁਣੀਆਂ ਹੈਨ ਉਨ੍ਹਾਂ ਦੇ ਅਨੁਸਾਰੀ ਜੋ ਕੁਛ ਮੇਰੀ ਤੁੱਛ ਬੁੱਧ ਮੇਂ ਆਂਵਦਾ ਹੈ ਸੋ ਮੈਂ ਤੁਹਾਡੇ ਅੱਗੇ ਟੀਕਾ ਕਰ ਸੁਣਾਂਵਦਾ ਹਾਂ। ਇਹ ਜਾਣਕਾਰੀ ਤਾਂ ਬਿਲਕੁਲ ਠੀਕ ਹੈ। ਸਿੱਖ ਭਾਈ ਸਾਹਿਬ ਕਹਿ ਸਕਦੇ ਸਨ ਕਿਉਂਕਿ ਭਾਈ ਗੁਰਦਾਸ ਜੀ ਦੀ ਵਾਰ ਇੰਨੀ ਸੰਖੇਪ ਅਤੇ ਭਾਵ-ਪੂਰਨ ਸ਼ਬਦਾਵਲੀ ਵਾਲੀ ਹੈ ਕਿ ਇਸ ਦੀਆਂ ਪਉੜੀਆਂ ਵਿਚਲੀ ਸਾਖੀਆਂ ਦਾ ਵਿਸਥਾਰ ਉਨ੍ਹਾਂ ਲੋੜੀਂਦਾ ਸੀ। ਪਰ ਜਦੋਂ ਇਸ ਜਨਮਸਾਖੀ ਦੇ ਵਿਸਥਾਰ ਨੂੰ ਪੜ੍ਹਦੇ ਹਾਂ ਤਾਂ ਅੰਦਰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚਲੀਆਂ ਸਾਖੀਆਂ ਦਾ ਸਾਰਾ ਵਿਸਥਾਰ ਨਹੀਂ ਮਿਲਦਾ। ਸਗੋਂ ਕਿਸੇ ਟਾਵੀਂ-ਟਾਵੀਂ ਪਉੜੀ ਦਾ ਹੀ ਵੇਰਵਾ ਮਿਲਦਾ ਹੈ ਵਿਸਥਾਰਪੂਰਵਕ ਜਾਣਕਾਰੀ ਨਹੀਂ। ਜਿਵੇਂ ਕਿ ਇਹ ਦੇਖੋ: ਅਰ ਗੁਰੂ ਨਾਨਕ ਕੇ ਪ੍ਰਗਟੇ ਤੇ ਜੋ ਅਗਿਆਨ ਕੀ ਧੁੰਦ ਸੀ ਸੋ ਸਭ ਮਿਟ ਗਈ। ਅਰ ਕਬਰੋਂ ਅਰ ਮੜ੍ਹੀਓਂ ਅਰ ਅਗਿਆਨਹੁ ਕੀ ਜੋ ਪੂਜਾ ਥੀ ਸੋ ਮਿਟ ਗਈ ਕਯੋਂ ਕਿ ਜੈਸੇ ਸੂਰਜ ਪ੍ਰਕਾਸ਼ਤਾ ਹੈ ਤਾਂ ਤਾਰੇ ਛਪ ਜਾਤੇ ਹੈਂ ਅਰ ਅੰਧੇਰਾ ਭੀ ਦੂਰ ਹੋ ਜਾਤਾ ਹੈ ਤੈਸੇ ਨਾਮ ਕੇ ਪ੍ਰਕਾਸ਼ ਤੇ ਦਵੈਤ ਅਰ ਅਗਿਆਨ ਦਾ ਅੰਧੇਰਾ ਮਿਟ ਜਾਤਾ ਹੈ ਅਰ ਜੈਸੇ ਸਿੰਘ ਕੇ ਬੋਲਣੇ ਸੇ ਮਿਰਗਾਵਲੀ ਸਭ ਭੱਜ ਜਾਤੀ ਹੈ ਤੈਸੇ ਮਹਾਰਾਜ ਕੇ ਨਾਮ ਕਰ ਸਭ ਪਾਪ ਨਸ਼ਟ ਹੋ ਗਏ ਤਾਂ ਆਕਾਸ਼ ਬਾਣੀ ਭਈ ਕਿ ਜਿਥੇ ਬਾਬਾ ਨਾਨਕ ਪੈਰ ਧਰੇਗਾ ਸੋਈ ਪੂਜਾ ਕਾ ਆਸਣ ਹੋਵੇਗਾ। ਅਰ ਜਿਸ ਜਿਸ ਨਾਲ ਗੋਸ਼ਟ ਕਰੇਗਾ ਸੋ ਮੁਨੀਸ਼ਰ ਰਖੀਸਰ ਅਰ ਪੀਰ ਪੈਗੰਬਰੋਂ ਕੇ ਆਸਣ ਭੀ ਪੂਜਣ ਜੋਗ ਹੋਣਹਿੰਗੇ। ਇਹ ਵਿਆਖਿਆ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 27ਵੀਂ ਪਉੜੀ ਦੀ ਹੈ ਜਿਹੜੀ ਕਿ ਇਸ ਤਰ੍ਹਾਂ ਹੈ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।

ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣ ਥਾਪਣਿ ਸੋਆ।

ਸਿਧਾਸਣ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।

ਬਾਬੇ ਤਾਰੇ ਚਾਰਿ ਚੱਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।

ਗੁਰਮੁਖਿ ਕਲਿ ਵਿਚਿ ਪਰਗਟ ਹੋਆ॥27॥

ਪਉੜੀ ਦਾ ਇਕ-ਇਕ ਸ਼ਬਦ ਪ੍ਰਭਾਵਸ਼ਾਲੀ ਹੈ ਅਤੇ ਬਾਬਾ ਨਾਨਕ ਦੀ ਆਮਦ ਨਾਲ ਮੇਲ ਖਾਂਦਾ ਹੈ ਪਰ ਵਿਆਖਿਆ ਵੀ ਕਿਸੇ ਟਾਵੀਂ-ਟਾਵੀਂ ਪਉੜੀ ਦੀ ਹੀ ਹੈ ਸਾਰੀਆਂ ਪਉੜੀਆਂ ਦੀ ਨਹੀਂ। ਇਸ ਜਨਮਸਾਖੀ ਵਿਚ ਮੁੱਢ ਵਿਚ ਭਾਈ ਬਾਲਾ ਨਹੀਂ ਹੈ ਪਰ ਬਾਅਦ ਵਿਚ ਪੂਰੀ ਤਰ੍ਹਾਂ ਆ ਖੜ੍ਹਦਾ ਹੈ। ਇਸ ਤਰ੍ਹਾਂ ਇਉਂ ਜਾਪਦਾ ਹੈ ਜਿਵੇਂ ਕਿ ਲਿਖਣ ਵਾਲੇ ਨੇ ਸਾਰੀਆਂ ਜਨਮਸਾਖੀਆਂ ਤੋਂ ਸਾਂਝੀ ਜਿਹੀ ਜਾਣਕਾਰੀ ਲੈ ਕੇ ਇਕ ਨਵੀਂ ਜਨਮਸਾਖੀ ਬਣਾ ਦਿੱਤੀ ਹੋਵੇ ਪਰ ਇਸ ਵਿਚ ਲੇਖਕ ਸਫਲ ਨਹੀਂ ਹੋ ਸਕਿਆ। ਕਿਉਂਕਿ ਇਸ ਜਨਮਸਾਖੀ ਨੇ ਨਾ ਹੀ 'ਭਾਈ ਬਾਲੇ ਵਾਲੀ ਜਨਮਸਾਖੀ' ਨੂੰ ਪਛਾੜ ਸਕਿਆ ਹੈ ਅਤੇ ਨਾ ਹੀ 'ਮਿਹਰਵਾਨ' ਵਾਲੀ। ਸਗੋਂ ਇਨ੍ਹਾਂ ਦੋਹਾਂ ਦੇ ਮੁਕਾਬਲੇ ਤੇ ਆਪ ਹੀ ਪਛੜੀ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਸਬੰਧ ਵਿਚ ਇਹ ਜਨਮਸਾਖੀ ਕੋਈ ਨਵੀਂ ਜਾਣਕਾਰੀ ਮੁਹੱਈਆ ਨਹੀਂ ਕਰ ਰਹੀ। ਪਰ ਇਸ ਨੇ ਜਨਮਸਾਖੀਆਂ ਦੀ ਗਿਣਤੀ ਜ਼ਰੂਰ ਵਧਾ ਦਿੱਤੀ ਹੈ।

'ਭਾਈ ਬਾਲੇ ਵਾਲੀ ਜਨਮਸਾਖੀ', 'ਜਨਮਸਾਖੀ ਪਰੰਪਰਾ' ਵਿੱਚ ਅਹਿਮ ਸਥਾਨ ਰੱਖਦੀ ਹੈ। ਇਸ ਜਨਮਸਾਖੀ ਦੇ ਡੇਰਿਆਂ, ਗੁਰਦੁਆਰਿਆਂ ਵਿੱਚ ਪਾਠ ਕੀਤਾ ਜਾਂਦਾ ਸੀ ਪਰ ਬਾਅਦ ਵਿੱਚ ਇਸ ਜਨਮ ਸਾਖੀ ਨੂੰ ਸਿੱਖਾਂ ਦੇ ਆਦਰਸ਼ਾਂ ਦੇ ਉਲਟ ਸਮਝ ਕੇ ਇਸ ਨੂੰ ਅਪ੍ਰਮਾਣਿਕ ਮੰਨਿਆ ਗਿਆ। ਇਸ ਜਨਮਸਾਖੀ ਦੀ ਪਹਿਲੀ ਸ਼ਾਖਾ ਵਿੱਚ 75 ਤੋਂ 85 ਸਾਖੀਆਂ, ਦੂਜੀ ਵਿੱਚ 90, ਤੀਜੀ ਵਿੱਚ 100 ਤੋਂ ਲੈ ਕੇ 232 ਸਾਖੀਆਂ ਮਿਲਦੀਆਂ ਹਨ।ਪ੍ਰੋ. ਪਿਆਰ ਸਿੰਘ ਦੇ ਮਤ ਅਨੁਸਾਰ ਬਾਲਾ ਜਨਮਸਾਖੀ ਦੀਆਂ ਹੱਥ ਲਿਖਤ ਪੋਥੀਆਂ 3 ਪ੍ਰਮੁਖ ਸ਼ਾਖਾਵਾਂ ਜਾਂ ਪਾਠ-ਭੇਦਾਂ ਵਾਲੀਆ ਮਿਲਦੀਆ ਹਨ। ਇੱਕ ਉਹ ਸ਼ਾਖਾ ਹੈ ਜਿਸ ਵਿੱਚ ਗੁਰੂ ਚਰਿਤ੍ਰ ਨੂੰ ਦੂਸ਼ਿਤ ਕਰਨ ਅਤੇ ਹੰਦਾਲ ਦੀ ਪ੍ਰਤਿਸ਼ਠਾ ਸੰਬੰਧੀ ਅਤਿ ਅਧਿਕ ਸਾਮਗ੍ਰੀ ਸ਼ਾਮਲ ਹੈ।ਦੂਜੀ ਸ਼ਾਖਾ ਵਿੱਚ ਬਹੁਤ ਸਾਰੀਆ ਮਿਹਰਬਾਨ ਸਾਖੀਆ ਤੋਂ ਲੈ ਕੇ ਇੱਕ ਨਵਾਂ ਜਿਹਾ ਰੂਪ ਦਿਤਾ ਗਿਆ ਹੈ।ਤੀਜੀ ਸ਼ਾਖਾ ਵਿੱਚ ਗੁਰੂ-ਚਰਿਤ੍ਰ ਨੂੰ ਕੱਢ ਕੇ ਬਾਕੀ ਅੰਸ਼ਾਂ ਨੂੰ ਨਵੀਂ ਤਰਤੀਬ ਦਿਤੀ ਗਈ ਹੈ। ਇਸ ਜਨਮਸਾਖੀ ਦੇ ਰਚਨਾਕਾਲ ਤੇ ਰਚੈਤਾ ਬਾਰੇ ਵਿਦਵਾਨਾਂ ਵਿੱਚ ਆਪਸੀ ਮਤਭੇਦ ਹੈ। ਇਸ ਜਨਮਸਾਖੀ ਦੇ ਲੇਖਕ ਭਾਈ ਬਾਲੇ ਨੂੰ ਸਮਝਿਆ ਜਾਂਦਾ ਹੈ। ਕੁੱਝ ਇਤਿਹਾਸਕਾਰਾਂ ਅਨੁਸਾਰ ਇਸ ਦਾ ਰਚੈਤਾ 'ਪੈੜਾ ਮੋਖਾ' ਅਤੇ 'ਹੰਦਾਲ' ਨੂੰ ਮੰਨਿਆ ਹੈ। ਪਰ ਇਸ ਦੇ ਰਚੈਤਾ ਬਾਰੇ ਨਿਰਣਾ ਲੈਣਾ ਸਰਲ ਨਹੀਂ ਹੈ।ਹੰਦਾਲ ਦਾ ਜਨਮ, ਸੰਮਤ 1630/1573 ਈ. ਵਿਚ ਹੋਇਆ ਸੀ। "ਸੰਮਤ 1630 ਵਿਸਾਖ ਸੁਦੀ ਪੂਰਨਮਾਸ਼ੀ ਸੁਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ"[1] ਇਸ ਦੀ ਮੌਤ ਸੰਮਤ 1705/1648 ਈ. ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660/1603 ਈ. ਅਤੇ ਮੌਤ ਸੰਮਤ 1715/1685 ਈ. ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਪਹਿਲਾਂ ਜਨਮਿਆ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਨਵੇ ਜ਼ਮਾਨੇ ਵਿੱਚ ਇਸੇ ਨੂੰ ਹੀ ਛਾਪੇ ਖ਼ਾਨੇ ਵਾਲਿਆਂ ਨੇ ਛਾਪਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ

ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ। ਜਨਮ ਸਾਖੀ ਦੀ ਪਰਖ-ਪੜਚੋਲ ਦਾ ਸਭ ਤੋਂ ਪਹਿਲਾ ਇਸ਼ਾਰਾ ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿਚ ਮਿਲਦਾ ਹੈ। ਸਿੰਘ ਸਭਾ ਦੇ ਸਮੇਂ 1884 ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੀ ਸੁਧਾਰਕ ਨਾਂ ਦੀ ਮਾਸਿਕ ਪਤ੍ਰਿਕਾ ਵਿਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ. ਕਰਮ ਸਿੰਘ ਹਿਸਟੋਰੀਅਨ ਨੇ 1912 ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ ਤੇ ਇਸ ਵਿਸ਼ੇ ਤੇ ਖੋਜ ਕਾਰਜ ਦਾ ਅਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਦੇ ਆਸ-ਪਾਸ ਹੀ ਹੋਇਆ ਸੀ। ਸ. ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ 1781 ਮਿਤੀ ਮੱਘਰ ਵਦੀ ਦਸਮੀ ਹੈ। (18 ਨਵੰਬਰ 1725 ਯੂਲੀਅਨ) ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"। ਹੁਣ ਖੋਜੀ ਵਿਦਵਾਨਾਂ ਨੂੰ ਸੰਮਤ 1715/1685 ਈ. ਦੀ ਮਿਲੀ ਹੋਈ ਹੱਥ ਲਿਖਤ ਮਿਲੀ ਹੈ ਜੋ ਸ੍ਰੀ ਪਿਆਰੇ ਲਾਲ ਕਪੂਰ, ਦਿੱਲੀ ਦੀ ਸੰਤਾਨ ਪਾਸ ਸੁਰੱਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ ਵਿਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ।

ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀਂ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਅਨਪੜ੍ਹ ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ ਜੋ ਇਤਿਹਾਸ ਵਿਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾਂ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲਾ ਹਰ ਸੱਜਣ ਇਹ ਜਾਣਦਾ ਹੈ ਕਿ ਬਾਲੇ ਵਾਲੀ ਜਨਮਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮਸਾਖੀ ਨਹੀਂ ਹੈ। ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਦੀ ਲਿਖੀ ਹੋਈ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਛੜਯੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ' ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"।

ਕਵੀ ਭਾਈ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' (1823 ਈ.) ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ :

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ।

ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼।।

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮਸਾਖੀ ਦਾ ਜ਼ਿਕਰ ਕਰ ਰਹੇ ਹਨ ਜੋ ਇਨ੍ਹਾਂ ਦੀ ਲਿਖਤ ਦਾ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਨ ਵਿਚ ਵਿਚਾਰ ਕੀਤੀ ਅਤੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ

ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।

ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ।

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।

ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ।

ਕਵੀ ਸੰਤੋਖ ਸਿੰਘ ਜੀ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਜੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਡੋਬ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715/1685 ਈ. ਤੋਂ ਪਹਿਲਾਂ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਵਸੀਲਾ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ ਤਾ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਭਾਈ ਮਰਦਾਨਾ ਜੀ ਦਾ ਤਾਂ ਜ਼ਿਕਰ ਕੀਤਾ ਹੈ ਬਾਲੇ ਦਾ ਨਹੀਂ।

ਫਿਰਿ ਬਾਬਾ ਗਿਆ ਬਗਦਾਦ ਨੋ ਬਹਾਰ ਜਾਇ ਕੀਆ ਅਸਾਥਨਾ॥

ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ"॥[1]

ਇਸ ਜਨਮਸਾਖੀ ਬਾਰੇ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਦਾ ਤੱਤ ਸਾਰ, "ਪਾਠਕ ਜੀ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਜਾਲੀ ਹੈ, ਝੂਠੀ ਹੈ, ਬਨਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਨਣ ਦੇ ਯੋਗ ਨਹੀਂ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ, ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪਹੁੰਚਾਉਣਾ ਚਾਹੀਦਾ ਹੈ, ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ"।ਪੁਰਾਤਨ ਜਨਮਸਾਖੀ, ਜਿਸ ਦੇ ਲਿਖਣ ਦਾ ਸਮਾਂ ਵਿਦਵਾਨਾਂ ਨੇ ਸੰਮਤ 1692/1635 ਈ. ਅਤੇ ਮਿਹਰਬਾਨ ਵਾਲੀ ਜਨਮਸਾਖੀ ਜਿਸ ਦੇ ਲਿਖਣ ਦਾ ਸਮਾਂ ਵਿਦਵਾਨਾਂ ਨੇ ਸੰਮਤ 1708/1651 ਈ. ਸਿੱਧ ਕੀਤਾ ਹੈ, ਵਿੱਚ ਕਿਤੇ ਵੀ ਬਾਲੇ ਦਾ ਗੁਰੂ ਜੀ ਦੇ ਨਿਕਟਵਰਤੀ ਵਜੋਂ ਜਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ ਅਤੇ ਮੌਜੂਦਾ ਜਨਮਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਬਾਲਾ ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1697/ 1540 ਈ. ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀਂ ਕਰਦੀਆਂ।

'ਭਾਈ ਬਾਲੇ ਵਾਲੀ ਜਨਮਸਾਖੀ' ਬਾਰੇ ਵੱਖ-ਵੱਖ ਵਿਦਵਾਨਾਂ ਦੀ ਆਪੋ-ਆਪਣੀ ਧਾਰਨਾ ਹੈ ਜਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ 'ਭਾਈ ਬਾਲੇ ਵਾਲੀ ਜਨਮਸਾਖੀ' ਗੁਰੂ ਅੰਗਦ ਦੇਵ ਜੀ ਵਲੋਂ ਪ੍ਰਮਾਣਿਤ ਨਹੀਂ ਹੋਈ। ਅਜਿਹੇ ਹੀ ਵਿਚਾਰਾਂ ਦੀ ਤਰਜ਼ਮਾਨੀ ਕਰਦਾ ਹੋਇਆ ਗਿਆਨੀ ਦਿੱਤ ਸਿੰਘ 'ਭਾਈ ਬਾਲਾ ਵਾਲੀ ਜਨਮਸਾਖੀ' ਦੀਆਂ ਤਰੁੱਟੀਆਂ ਉੱਤੇ ਟਿੱਪਣੀ ਕਰਦਾ ਹੋਇਆ ਲਿਖਦਾ ਹੈ ਕਿ ਇੱਕ ਜਨਮਸਾਖੀ ਭਾਈ ਬਾਲੇ ਵਾਲੀ ਜਨਮਸਾਖੀ ਕਰਕੇ ਪ੍ਰਸਿੱਧ ਹੈ। ਉਸ ਵਿਚ ਲਿਖਿਆ ਹੈ ਕਿ ਸੰਮਤ 1601 ਵਿਚ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਆਪਣੀ ਯਾਦ ਨਾਲ ਆਦਿ ਪਾਤਸ਼ਾਹੀ ਦੀ ਸਾਖੀ ਲਿਖਵਾਈ। ਗੁਰੂ ਨਾਨਕ ਸਾਹਿਬ ਜੀ ਸੰਮਤ 1596 ਵਿਚ ਜੋਤੀ ਜੋਤਿ ਸਮਾਏ ਸਨ, ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਜਨਮਸਾਖੀ ਉਹਨਾਂ ਦੇ ਦੇਹਾਂਤ ਤੋਂ ਪੰਜ ਵਰ੍ਹੇ ਪਿੱਛੋਂ ਲਿਖੀ ਗਈ ਸੀ। ਭਾਵੇਂ ਗੁਰੂ ਨਾਨਕ ਜੀ ਮਹਾਰਾਜ ਦੇ ਸਾਰੇ ਚਰਿਤ ਅਰਥਾਤ ਜੀਵਨ ਬਿਰਤਾਂਤ ਜੋ ਸੱਤ੍

ਬਰਸਾਂ ਵਿਚ ਪ੍ਰਗਟ ਹੁੰਦੇ ਰਹੇ ਇੱਕ ਬਾਲੇ ਦੀ ਯਾਦ ਵਿਚ ਨਹੀਂ ਰਹਿ ਸਕਦੇ ਸੇ, ਪਰ ਫਿਰ ਵੀ ਇਹ ਬਾਤ ਮੰਨਣੀ ਪਵੇਗੀ ਕਿ ਜੇਕਰ ਗੁਰੂ ਅੰਗਦ ਸਾਹਿਬ ਜੀ ਨੇ ਆਦਿ ਗੁਰੂ ਜੀ ਦੀ ਜਨਮਸਾਖੀ ਆਪ ਲਿਖਵਾਈ ਹੈ ਤਾਂ ਉਹ ਅਵਸ਼ਯ ਹੀ ਠੀਕ ਅਤੇ ਪ੍ਰਮਾਣੀਕ ਹੈ, ਅਤੇ ਉਸ ਵਿਚ ਕੋਈ ਸੰਦੇਹ ਨਹੀਂ ਹੋ ਸਕਦਾ ਪਰ ਕਈ ਯੁਕਤੀਆਂ ਕਰਕੇ ਇਹ ਗੱਲ ਮੰਨਣੀ ਪਵੇਗੀ ਕਿ ਗੁਰੂ ਅੰਗਦ ਸਾਹਿਬ ਵਾਲੀ ਜਨਮਸਾਖੀ ਅਜੇ ਤੱਕ ਨਹੀਂ ਲੱਭੀ। ਜਿਹੜੀ ਜਨਮਸਾਖੀ ਭਾਈ ਬਾਲੇ ਵਾਲੀ ਕਰਕੇ ਹੁਣ ਪ੍ਰਸਿੱਧ ਹੋ ਰਹੀ ਹੈ, ਉਸ ਵਿਚ ਬਹੁਤ ਸਾਖੀਆਂ ਐਸੀਆਂ ਜੋ ਖਾਲਸਾ ਧਰਮ ਯੁਕਤੀ ਔਰ ਨਿਆਏ ਦੇ ਵਿਰੁੱਧ ਹਨ। ਇਸ ਤੋਂ ਜਾਣੀਦਾ ਹੈ ਕਿ ਇਹ ਜਨਮਸਾਖੀ ਸ੍ਰੀ ਗੁਰੂ ਅੰਗਦ ਜੀ ਦੀ ਪ੍ਰਮਾਣ ਕੀਤੀ ਹੋਈ ਨਹੀਂ ਹੋ ਸਕਦੀ। ਗਿਆਨੀ ਦਿੱਤ ਸਿੰਘ ਠੋਸ ਦਲੀਲ ਨਾਲ ਭਾਈ ਬਾਲੇ ਵਾਲੀ ਜਨਮਸਾਖੀ ਦੀ ਅਪ੍ਰਮਾਣਿਕਤਾ ਬਾਰੇ ਵਿਚਾਰ ਪ੍ਰਸਤੁਤ ਕਰਦਾ ਹੈ ਜਿਸ ਤੋਂ ਇਹ ਹੀ ਸਪੱਸ਼ਟ ਹੁੰਦਾ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਪੇਸ਼ ਘਟਨਾਵਾਂ ਸੱਚ ਦੇ ਬਹੁਤਾ ਨੇੜੇ ਨਹੀਂ ਹਨ ਇਸ ਜਨਮਸਾਖੀ ਵਿਚ ਕਲਪਨਾ ਤੱਤ ਭਾਰੂ ਹੈ।

ਭਾਈ ਬਾਲੇ ਵਾਲੀ ਜਨਮਸਾਖੀ ਅਤੇ ਹੋਰਨਾਂ ਜਨਮਸਾਖੀਆਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਜਨਮਸਾਖੀਆਂ ਵਿਸ਼ਿਆਂ ਤੇ ਕਲਾ ਪੱਖ ਤੋਂ ਥੋੜ੍ਹੀ-ਬਹੁਤੀ ਭਿੰਨਤਾ ਰੱਖਦੀਆਂ ਹਨ। ਜਨਮਸਾਖੀ ਪਰੰਪਰਾ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਬਾਰੇ ਵੀ ਉਲੇਖ ਮਿਲਦਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਵਲੋਂ ਕੀਤੀਆਂ ਉਦਾਸੀਆਂ ਬਾਰੇ ਵੀ ਇੱਕਮਤ ਨਹੀਂ ਹਨ। ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਸਾਹਿਬ ਜੀ ਨੇ ਚਾਰ ਉਦਾਸੀਆਂ ਕੀਤੀਆਂ ਦੱਸੀਆਂ ਹਨ ਜਦਕਿ ਪੁਰਾਤਨ ਜਨਮਸਾਖੀ ਵਿਚ ਗੁਰੂ ਸਾਹਿਬ ਜੀ ਦੀਆਂ ਪੰਜ ਉਦਾਸੀਆਂ ਦਾ ਜ਼ਿਕਰ ਹੈ। ਪਰ ਜਦੋਂ ਇਨ੍ਹਾਂ ਦੋਵਾਂ ਜਨਮਸਾਖੀਆਂ ਦੇ ਵਿਸ਼ਿਆਂ ਵੱਲ ਝਾਤ ਪਾਈ ਜਾਂਦੀ ਹੈ ਤਾਂ ਇਨ੍ਹਾਂ ਦੋਹਾਂ ਜਨਮਸਾਖੀਆਂ ਵਿਚ ਬਹੁਤ ਹੱਦ ਤੱਕ ਸਮਾਨਤਾ ਵੀ ਦੇਖਣ ਨੂੰ ਮਿਲਦੀ ਹੈ ਜਿਵੇਂ :

"ਵੇਈਂ ਪ੍ਰਵੇਸ਼ ਵਾਲੀ ਸਾਖੀ ਸਾਰੀਆਂ ਪੋਥੀਆਂ ਵਿਚ ਪ੍ਰਾਪਤ ਹੈ ਪਰ ਬਾਲੇ ਵਿਚ ਗੋਬਿੰਦ ਲੋਮ ਗੁਰੂ ਜੀ ਨੂੰ ਮਿਲ ਕੇ ਵੇਈਂ ਵਿਚ ਇਸ਼ਨਾਨ ਕਰਨ ਦੀ ਪ੍ਰੇਰਣਾ ਦਿੰਦੇ ਹਨ ਇਹ ਘਟਨਾ ਪੁਰਾਤਨ , ਪੋਥੀ ਸਚਖੰਡ ਤੇ ਆਦਿ ਸਾਖੀਆਂ ਵਿਚ ਨਹੀਂ ਮਿਲਦੀ, ਇਨ੍ਹਾਂ ਸਾਖੀਆਂ ਅਨੁਸਾਰ ਗੁਰੂ ਨਾਨਕ ਸਾਹਿਬ ਵੇਈਂ ਨਹਾਉਣ ਰੋਜ਼ ਜਾਇਆ ਕਰਦੇ ਸਨ।

ਕਾਜ਼ੀ ਨਾਲ ਨਮਾਜ਼ ਪੜ੍ਹਨ ਵਾਲੀ ਘਟਨਾ ਵੀ ਸਾਰੀਆਂ ਪੋਥੀਆਂ ਵਿਚ ਸਾਂਝੀ ਹੈ ਇਨ੍ਹਾਂ ਅਨੁਸਾਰ ਗੁਰੂ ਜੀ ਆਪਣੀ ਮਰਜ਼ੀ ਨਾਲ ਨਮਾਜ਼ ਪੜ੍ਹਦੇ ਹਨ ਪਰ ਬਾਲੇ ਵਾਲੀ ਵਿਚ ਕਾਜ਼ੀ ਦੇ ਮਜ਼ਬੂਰ ਕਰਨ ਉੱਤੇ ਨਮਾਜ਼ ਵਿਚ ਸ਼ਾਮਿਲ ਹੁੰਦੇ ਹਨ।

ਮਰਦਾਨੇ ਦੀ ਭੁੱਖ ਗਵਾਈ' ਸਾਖੀ 'ਪੁਰਾਤਨ', ਪੋਥੀ ਸਚਖੰਡ ਤੇ 'ਆਦਿ ਸਾਖੀਆਂ' ਵਿਚ ਥੋੜ੍ਹੇ ਫ਼ਰਕ ਨਾਲ ਮੌਜੂਦ ਹੈ ਪਰ ਇਨ੍ਹਾਂ ਪੋਥੀਆਂ ਵਿਚ ਇਸ ਸਾਖੀ ਦੇ ਵਾਪਰਨ ਦਾ ਕੋਈ ਸਥਾਨ ਨਹੀਂ ਦਿੱਤਾ, ਹਾਂ ਬਾਲੇ ਵਿਚ ਇਹ 'ਢਾਕੇ ਬੰਗਾਲ' ਦੀ ਧਰਤੀ ਉੱਤੇ ਵਾਪਰਦੀ ਦੱਸੀ ਗਈ ਹੈ।

'ਕੌਡਾ ਰਾਕਸ਼' ਵਾਲੀ ਸਾਖੀ 'ਪੁਰਾਤਨ ਜਨਮਸਾਖੀ' ਅਨੁਸਾਰ 'ਧਨਾਸਰੀ ਦੇਸ਼' ਵਿਚ ਵਾਪਰਦੀ ਹੈ ਪਰ ਬਾਲੇ ਵਿਚ ਇਹ ਸਥਾਨ 'ਵਲਾਇਤ ਅਸਰਾਪਨਾ' ਹੈ।

ਬਾਲੇ ਦੀ ਸੱਜਣ ਠੱਗ' ਵਾਲੀ ਸਾਖੀ ਦੀ 'ਪੁਰਾਤਨ ਜਨਮਸਾਖੀ', ਪੋਥੀ ਸਚਖੰਡ ਤੇ ਆਦਿ ਸਾਖੀਆਂ' ਨਾਲ ਸਮਤਾ ਹੈ, ਪਰ ਬਾਲੇ ਵਾਲੀ ਵਿਚ ਗੁਰੂ ਨਾਨਕ ਸਾਹਿਬ ਨਾਲ ਮਰਦਾਨੇ ਦੀ ਥਾਂ ਮਰਦਾਨੇ ਦਾ ਲੜਕਾ 'ਸ਼ਹਜ਼ਾਦਾ' 'ਸੱਜਣ' ਪਾਸ ਜਾਂਦਾ ਹੈ।

ਬਾਬਰ' ਵਾਲੀ ਸਾਖੀ 'ਪੁਰਾਤਨ', ਪੋਥੀ ਸਚਖੰਡ', ਤੇ ਆਦਿ ਸਾਖੀਆਂ' ਵਿਚ ਮੌਜੂਦ ਹੈ, ਪਰ 'ਚੱਕੀ ਦੇ ਆਪੇ ਚਲਣ ਵਾਲੀ ਘਟਨਾ 'ਪੁਰਾਤਨ ਜਨਮਸਾਖੀ' ਤੇ 'ਬਾਲੇ ਵਾਲੀ ਸਾਖੀ ' ਵਿਚ ਮਿਲਦੀ ਹੈ ਤੇ ਇਨ੍ਹਾਂ ਪੋਥੀਆਂ ਵਿਚ ਵੀ ਇਸ ਘਟਨਾ ਦੇ ਵਾਪਰਨ ਦੇ ਸਥਾਨ ਵਿਚ ਵੀ ਫ਼ਰਕ ਹੈ। 'ਪੁਰਾਤਨ ਜਨਮਸਾਖੀ' ਅਨੁਸਾਰ ਇਹ ਘਟਨਾ

'ਸੈਦਪੁਰ' ਬਾਬਰ ਦੀ ਕੈਦ ਵਿਚ ਬੰਦ ਅਤੇ ਬਾਲੇ ਵਾਲੀ ਜਨਮਸਾਖੀ ਅਨੁਸਾਰ ਦਿੱਲੀ ਦੇ ਬਾਦਸ਼ਾਹ ਬ੍ਰਹਮ ਖਾਨ (ਇਬਰਾਹਿਮ ਖ਼ਾਨ) ਦੀ ਕੈਦ ਵਿਚ ਵਾਪਰਦੀ ਹੈ।

ਭਾਈ ਲਹਿਣਾ' ਵਾਲੀ ਸਾਖੀ 'ਪੁਰਾਤਨ', ਪੋਥੀ ਹਰਿ ਜੀ' ਤੇ ਆਦਿ ਸਾਖੀਆਂ ਵਿਚ ਮਿਲਦੀ ਹੈ। ਪਰ ਭਾਈ ਲਹਿਣਾ ਜੀ ਦਾ ਗੁਰੂ ਨਾਨਕ ਦੇ ਕਹਿਣ ਉੱਤੇ ਮੋਈ ਚੂਹੀ ਨੂੰ ਪੈਰ ਦੇ ਅੰਗੂਠੇ ਨਾਲ ਬਾਹਰ ਸੁੱਟਣ ਤੇ ਅੱਧੀ ਰਾਤ ਨੂੰ ਪਹਿਰ ਰਾਤ ਰਹਿੰਦੀ ਕਹਿਣ ਵਾਲੀ ਘਟਨਾ ਜਨਮਸਾਖੀ ਭਾਈ ਬਾਲਾ ਤੋਂ ਸਿਵਾ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਮਿਲਦੀ।

ਇਨ੍ਹਾਂ ਤੋਂ ਬਿਨ੍ਹਾਂ ਬਾਲੇ ਦੀ ਬੋਲੀ ਤੇ ਸ਼ੈਲੀ ਬਾਕੀ ਸਾਰੀਆਂ ਜਨਮਸਾਖੀਆਂ ਨਾਲੋਂ ਇਤਨੀ ਭਿੰਨ ਤੇ ਨਿਖੜਵੀਂ ਹੈ ਕਿ ਇਹ ਜਲਦੀ ਪਛਾਣੀ ਜਾਂਦੀ ਹੈ। ਆਪਣੇ ਇਨ੍ਹਾਂ ਵਿਭਿੰਨ ਗੁਣਾ ਕਰਕੇ ਹੀ ਇਸ ਜਨਮਸਾਖੀ ਨੇ ਸੱਭ ਤੋ ਪ੍ਰਸਿੱਧੀ ਪ੍ਰਾਪਤ ਕੀਤੀ।

# ਮੁਢਲੀ ਪੰਜਾਬੀ ਵਾਰਤਕ:ਤਾਰਨ ਸਿੰਘ

ਮੁਢਲੀ ਵਾਰਤਕ ਲਿਖਤੀ ਰੂਪ ਵਿੱਚ ਸਤਾਰ੍ਹਵੀਂ,ਅਠਾਰ੍ਹਵੀ ਸਦੀਂ ਵਿੱਚ ਸਾਡੇ ਸਾਹਮਣੇ ਆਉਂਦੀ ਹੈ।ਇਸ ਵਾਰਤਕ ਵਿੱਚ ਹੇਠ ਲਿਖੇ ਰੂਪ ਹਨ:-

-ਜਨਮ ਸਾਖੀਆਂ।

-ਪਰਚੀਆਂ।

-ਆਦਿ ਸਾਖੀਆਂ।

-ਮਸਲੇ।

-ਟੀਕੇ।

-ਪਰਮਾਰਥ।

-ਗੋਸ਼ਟਾਂ।

-ਨਸੀਹਤ ਨਾਮੇ।

-ਸੁਖ਼ਨ।

-ਵਚਨ।

-ਰਹਿਤਨਾਮੇ।

-ਹੁਕਮਨਾਮੇ।

ਪੁਰਾਤਣ ਗੱਦ ਦੇ ਵਿਕਾਸ ਨਾਲ ਹੀ ਅਸੀਂ ਪੰਜਾਬੀ ਗੱਦ ਦੇ ਸੋਨ-ਸੁਨਹਿਰੀ ਕਾਲ ਵਿੱਚ ਪ੍ਰਵੇਸ਼ ਕਰਦੇ ਹਾਂ। ਇਹ ਅਠਾਰ੍ਹਵੀ-ਸਦੀਂ ਦਾ ਵਾਰਤਕ ਹੈ। ਮੱਧਕਾਲ ਦੀ ਵਾਰਤਕ ਵਿੱਚ ਰਾਜਸੀ, ਰੋਮਾਂਟਿਕ ਤੇ ਅਧਿਆਤਮਿਕ ਵਿਸ਼ੇ ਛੂਹੇ ਗਏ। ਜੀਵਨੀਆਂ ਤੇ ਜਨਮਸਾਖੀਆਂ ਦੀਆਂ ਕਈ ਪ੍ਰਤੀਆਂ ਲਿਖੀਆਂ ਗਈਆਂ। ਹਿੰਦੂ ਤੇ ਮੁਸਲਮਾਨੀ ਧਾਰਮਿਕ ਸਾਹਿਤ ਦੀ ਵੀ ਕਾਫੀ ਰਚਨਾ ਹੋਈ। ਭਗਵਤ ਪੁਰਾਣ, ਭਗਵਤ ਗੀਤਾ, ਉਪਨਿਸ਼ਦਾਂ, ਵਿਸ਼ਨੂੰ ਪੁਰਾਣ ਆਦਿ ਦੇ ਉੱਲੇਖ ਕੀਤੇ ਗਏ ਤੇ ਲੋਕ-ਕਹਾਣੀਆਂ ਰਚੀਆਂ ਗਈਆਂ। ਹਜ਼ਰਤ ਮਹੁੰਦਮ ਸਾਹਿਬ ਤੇ ਭਗਤ ਰਵਿਦਾਸ ਦੀਆਂ ਜੀਵਨੀਆਂ ਰਚੀਆਂ ਗਈਆ, ਭਾਈ ਮਨੀ ਸਿੰਘ ਨੇ ‘ਗਿਆਨ ਰਤਨਾਵਲੀ’ ਤੇ ਸਿੱਖਾਂ ਦੀ ਭਗਤ ਮਾਲਾਂ ਲਿਖੀਆਂ ਗਈਆਂ ਹਨ। ਮੱਧਕਾਲੀਨ ਵਾਰਤਕ ਦੀਆਂ ਮੁੱਖ ਰੂਪ ਵਿੱਚ ਸਾਖੀਆਂ ਜਾਂ ਜਨਮ-ਸਾਖੀਆਂ, ਗੋਸ਼ਟਾਂ, ਬਚਨ, ਟੀਕੇ ਜਾਂ ਨਾਮਾ ਆਦਿ, ਫੁਟਕਲ ਜਿਹਨਾਂ ਵਿੱਚ ਭਿੰਨ-ਭਿੰਨ ਵਿਸ਼ਿਆ ਉੱਤੇ ਬਹੁਤ ਕੁਝ ਲਿਖਿਆ ਮਿਲਦਾ ਹੈ ਅਤੇ ਅਨੁਵਾਦ ਪ੍ਰਸਿੱਧ ਵੰਨਗੀਆਂ ਤੇ ਰੂਪ ਹਨ।

ਮੱਧਕਾਲ 'ਚ ਹੇਠ ਲਿਖੇ ਵੰਨਗੀ ਰੂਪ ਹਨ, ਜਿਵੇਂ:-

ਸਾਖੀ ਅਤੇ ਜਨਮਸਾਖੀਆਂ:- ਸਾਖੀ ਸ਼ਬਦ ਨੂੰ ਸਿੱਖ ਵਿਦਵਾਨ ਰਤਨ ਸਿੰਘ ਜੱਗੀ ‘ਸਾਖਸ਼ੀ’ ਸ਼ਬਦ ਦਾ ਰੂਪਾਤਰਣ ਮੰਨਦਾ ਹੈ। ਭਾਰਤੀ ਸੰਸਕ੍ਰਿਤੀ ਵਿੱਚ ਇਸ ਦੇ ਅਰਥ ਉਸ ਪੁਰਸ਼ ਦੇ ‘ਪ੍ਰਤੱਖ ਗਿਆਨ’ ਤੋਂ ਹਨ, ਜਿਹੜਾ ਕਿਸੇ ਘਟਨਾ ਜਾਂ ਵਸਤੂ ਦਾ ਸਾਖਸ਼ਾਤ ਗਵਾਹ ਹੋਵੇ। ਜਨਮਸਾਖੀ ਸ਼ਬਦ ਦੋ ਸ਼ਬਦਾਂ ਤੋਂ ਬਣਿਆ ਹੈ ਜਨਮ ਸਾਖੀ ਪੰਜਾਬੀ ਸਾਹਿਤ ਵਿੱਚ ਜਨਮਸਾਖੀ ਦਾ ਪ੍ਰਵਾਨਿਤ ਅਰਥ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀ ਸੰਗ੍ਰਹਿ ਤੋਂ ਹੈ। ਸਾਖੀ ਦਾ ਰੂਪ ਬਿਰਤਾਂਤਕ ਹੈ। ਸਾਖੀ ਦਾ ਪ੍ਰਕਾਰਜ ਨੈਤਿਕ ਹੁੰਦਾ ਹੈ ਤੇ ਵਿਸ਼ਵਾਸ ਇਸ ਦਾ ਮੂਲ ਆਧਾਰ ਹੈ। ਦੇਵੀ ਚਰਿੱਤਰ, ਕਰਾਮਾਤੀ ਅਲੌਕਿਕ ਵਾਤਾਵਰਨ ਸਾਖੀ ਦਾ ਮਾਹੌਲ ਹੁੰਦਾ ਹੈ। ਮੱਧਕਾਲ ਵਿੱਚ ਸਿੱਖ ਗੁਰੂਆਂ ਤੋਂ ਇਲਾਵਾ ਬਹੁਤ ਸਾਰੇ ਪ੍ਰਸਿੱਧ ਸਿੱਖ ਸਾਧਨਾਂ ਨੇ ਵੀ ਸਾਖੀਆਂ ਜਨਮਸਾਖੀਆਂ ਲਿਖੀਆਂ। ਇਹਨਾਂ ਵਿੱਚ ਸਮਾਜਿਕ ਤੇ ਅਧਿਆਤਮਕ ਕਾਰਜਾਂ ਦੀ ਸਿਫਤ ਸਲਾਹ ਮਿਲਦੀ ਹੈ। ਪ੍ਰਸਿੱਧ ਸਾਖੀਆਂ ਦੇ ਸੰਗ੍ਰਹਿਆਂ ਵਿੱਚ ‘ਸਿੱਖਾਂ ਦੀ ਭਗਤ ਮਾਲਾ’ ਸ਼੍ਰੀ ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ, ਸੌ ਸਾਖੀ, ਸਾਖੀਆਂ ਅੱਡਣ ਸ਼ਾਹ ਪ੍ਰਸਿੱਧ ਪੁਸਤਕਾਂ ਹਨ।

**ਪਰਚੀ:-** ਪਰਚੀ ਸ਼ਬਦ ਦਾ ਤਦਭਵ ਰੂਪ 'ਪਰਿਚਯ' ਹੈ। ਜਿਸ ਦਾ ਅਰਥ ਹੈ- ਜਾਣ-ਪਛਾਣ ਪਰਚੀ ਕਿਸੇ ਮਹਾਪੁਰਸ਼ ਬਾਰੇ ਪਰਿਚੈ ਕਰਵਾਉਂਦੀ ਹੈ। ਨਾਇਕ ਦੇ ਜੀਵਨ ਨੂੰ ਬਿਰਤਾਂਤ ਘਟਨਾਵਲੀ ਦੁਆਰਾ ਦਰਸਾਉਣ ਦੀ ਥਾਂ ਉਸ ਦੇ ਉਪਦੇਸ਼ਾਂ ਤੇ ਵਿਚਾਰਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। 'ਪਰਚੀਆਂ ਭਾਈ ਕਨ੍ਹਈਆਂ, 'ਪਰਚੀਆਂ ਸੇਵਾ ਦਾਸ' ਤੇ ਪਰਚੀਆਂ ਗੁਰੂ ਗੋਬਿੰਦ ਸਿੰਘ ਇਸ ਵੰਨਗੀ ਦੀਆਂ ਸਰੇਸ਼ਟ ਪੁਸਤਕਾਂ ਹਨ।

**ਕਥਾ:-** ਡਾ. ਗੁਰਚਰਨ ਸਿੰਘ ਅਨੁਸਾਰ 'ਕਥਾ' ਦਾ ਅਰਥ 'ਕਥਨ' ਤੋਂ ਹੈ ਕਿਸੇ 'ਸਿਧਾਂਤ' ਅਥਵਾ 'ਗਿਆਨ' ਦਾ ਕਥਨ ਕਰਨਾ। ਡਾ. ਵਣਜਾਰਾ ਬੇਦੀ ਅਨੁਸਾਰ ਕਥਾ ਦਾ ਅਰਥ ਕਹਾਣੀ, ਵਾਰਤਾ ਜਾਂ ਧਾਰਮਿਕ ਵਿਖਿਆਨ ਹੈ। ਪੰਜਾਬੀ ਸਾਹਿਤ ਵਿੱਚ ਇਸ ਦੇ ਤਿੰਨ ਪੱਖਾਂ ਵਿੱਚ ਅਰਥ ਲਏ ਜਾਂਦੇ ਹਨ, ਪਹਿਲਾ ਕੋਈ ਵੀ ਬਿਰਤਾਂਤਕ ਰਚਨਾ, ਦੂਜਾ ਵਿਸ਼ੇਸ਼ ਧਾਰਮਿਕ ਬਿਰਤਾਂਤ ਤੇ ਤੀਜਾ ਬਿਰਤਾਂਤ ਤੋਂ ਮੁਕਤ ਵਿਆਖਿਆ। ਪ੍ਰਸਿੱਧ ਕਥਾਵਾਂ ਵਿਚੋਂ ਕਥਾ ਰਾਜਾ ਜਨਕ, ਨਾਸਕੰਤ ਦੀ ਕਥਾ, ਕਥਾ ਰਾਜਾ ਭਰਥਰੀ ਕੀ, ਸਿੰਘ ਗਊ ਕੀ ਕਥਾ ਆਦਿ ਵਰਣਨਯੋਗ ਕਿਰਤਾਂ ਹਨ।

**ਗੋਸ਼ਟਿ:-** 'ਗੋਸ਼ਟਿ' ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ 'ਗੋਸ਼ਠ' ਹੈ। ਵਿਉਹਾਰਕ ਧਾਰਣਾ ਵਿੱਚ ਇਸ ਦੇ ਅਰਥ ਕਿਸੇ ਬਹਿਸ ਜਾਂ ਚਰਚਾ ਆਦਿ ਤੋਂ ਲਏ ਜਾਂਦੇ ਹਨ, ਇਹ ਦੋਂ ਜਾਂ ਦੋਂ ਤੋਂ ਵਧੀਕ ਪੁਰਸ਼ਾਂ ਦਰਮਿਆਨ ਸੰਵਾਦਕ ਚਰਚਾ ਹੈ। ਗੋਸ਼ਟਿ ਦਾ ਵਿਸ਼ਾ ਰਹੱਸਮਈ ਤੇ ਦਾਰਸ਼ਨਿਕ ਹੁੰਦਾ ਹੈ। ਪੰਜਾਬੀ ਵਾਰਤਕ ਵਿੱਚ ਗੁਰੂ ਨਾਨਕ ਦੇਵ ਤੋਂ ਇਲਾਵਾ ਹੋਰ ਸੰਤਾਂ, ਭਗਤਾ ਨਾਲ ਵੀ ਗੋਸ਼ਟਾਂ ਲਿਖੀਆਂ ਮਿਲਦੀਆਂ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਮੱਕੇ ਮਦੀਨੇ ਦੀ ਗੋਸ਼ਟਿ, ਅਜਿਤੇ ਰੰਧਾਵੇ ਦੀ ਗੋਸ਼ਟਿ ਪ੍ਰਸਿੱਧ ਹਨ। ਇਸ ਤੋਂ ਇਲਾਵਾ ਗੋਸ਼ਟਿ ਬਾਬਾ ਫ਼ਰੀਦ ਨਾਲ, ਕਾਰੂੰ ਨਾਲ ਗੋਸ਼ਟਿ ਪ੍ਰਸਿੱਧ ਹਨ। ਇਸ ਤੋਂ ਇਲਾਵਾ ਗੋਸ਼ਟਿ ਰਾਜਾ ਜਨਮ ਕੀ ਤੇ ਹੋਰ ਅਨੇਕਾਂ ਗੋਸ਼ਟਾਂ ਪ੍ਰਾਣ ਸੰਗਲੀ ਵਿੱਚ ਲਿਖੀਆਂ ਮਿਲਦੀਆਂ ਹਨ।

**ਪਰਮਾਰਥ, ਟੀਕਾ ਪਰੰਪਰਾ:-** ਟੀਕੇ ਤੋਂ ਹੀ ਟਿੱਕਾ ਲਗਾਉਣ ਦੀ ਪ੍ਰਥਾ ਚਾਲੂ ਹੋਈ, ਡਾ. ਰਤਨ ਸਿੰਘ ਜੱਗੀ ਅਨੁਸਾਰ 'ਟੀਕਾ' ਸ਼ਬਦ ਸੰਸਕ੍ਰਿਤ ਦਾ ਹੈ ਤੇ ਇਸ ਦਾ ਵਿਉਤਪੱਤੀ ਅਰਥ ਹੈ ਕਿਸੇ ਵਸਤੂ ਜਾਂ ਰੱਬ ਦਾ ਬੋਧ ਅਥਵਾ ਪ੍ਰਕਾਸ਼ਨ ਕਰਵਾਉਣ ਵਾਲਾ ਵਾਕ-ਸਾਧਨ। ਇਸ ਸਮੇਂ ਅਨੰਦ ਸਾਹਿਬ ਦੇ ਟੀਕੇ ਵੀ ਮਿਲਦੇ ਹਨ। ਪਰੰਤੂ ਇਸ ਟੀਕੇ ਵਿੱਚ ਪਹਿਲੇ ਟੀਕਿਆਂ ਵਰਗੀ ਸਰਲਤਾ ਤੇ ਸੰਜਮ ਨਹੀਂ, ਤਰਕਸ਼ੀਲ ਵਿਆਖਿਆ ਤੇ ਬੋਲੀ ਸਧੂਕੜੀ ਹੈ। 'ਸਤਿਨਾਮ ਹੈ ਸੋ ਕਰਤਾ ਪੁਰਖ ਪਰਮੇਸ਼ਰ ਦਾ ਹੀ ਨਾਂ ਹੈ ਔਰ ਸਭੀ ਨਾਮ ਝੂਠੇ ਹੈ। 'ਪਰਮਾਰਥ' ਦੇ ਸ਼ਬਦੀ ਅਰਥ ਪਰਮ ਅਰਥ ਅਰਥਾਤ ਸ਼ਰੇਸ਼ਟ ਅਰਥ ਮੰਨੇ ਜਾਂਦੇ ਹਨ। ਮਿਹਰਬਾਨ ਸੰਪਰਦਾਇ ਨੇ ਵਧੇਰੇ ਪਰਮਾਰਥ ਹੀ ਲਿਖੇ।

**ਸੁਖਨ/ਬਚਨ/ਮਸਲੇ:-** ਸੁਖਨ ਅਤੇ ਬਚਨ ਦੇ ਸ਼ਬਦੀ ਅਰਥ ਬੋਲ ਜਾਂ ਕਥਨ ਹਨ। ਸੁਖ਼ਨ ਵਿੱਚ ਇਸਲਾਮਕ ਪੀਰਾਂ ਫਕੀਰਾਂ ਦੇ ਬਚਨ ਤੇ ਧਾਰਮਿਕ ਕਿਰਿਆ ਕਰਮ ਦਾ ਵਰਣਨ ਮਿਲਦਾ ਹੈ। ਬਚਨ ਹਿੰਦੂ ਸਾਧੂ ਮਹਾਤਮਾ ਤੇ ਸੰਤਾਂ ਭਗਤਾ ਦੇ ਨਾਲ ਸੰਬੰਧਿਤ ਹਨ। ਬਚਨ ਗੋਬਿੰਦ ਲੋਕਾਂ ਕੇ, ਆਸਾ ਵਰੀਆ, ਸੁਖਨ ਫ਼ਕੀਰਾਂ ਕੇ, ਸੁਖਨ ਸਾਈਂ ਲੋਕਾਂ ਦੇ ਵਰਣਨਯੋਗ ਪੁਸਤਕਾਂ ਹਨ। ਮਸਲਿਆਂ ਦਾ ਸੰਬੰਧ ਪੀਰਾਂ ਫ਼ਕੀਰਾਂ ਤੇ ਪੈਗੰਬਰਾਂ ਦੇ ਅਧਿਆਤਮਕ ਜੀਵਨ ਨਾਲ ਸੰਬੰਧਿਤ ਵਾਰਤਾਵਾਂ ਨਾਲ ਹੈ। ਪ੍ਰਸਿੱਧ ਮਸਲੇ- ਮਸਲੇ ਸ਼ੇਖ ਫਰੀਦ ਕੇ, ਮਸਲਾ ਹਜ਼ਰਤ ਰਸੂਲ ਕਾ, ਮਸਲਾ ਮੂਸੇ ਪੈਗਬਰ ਦਾ ਆਦਿ।

**ਨਾਮਾ ਸਾਹਿਤ:-**ਰਹਿਤਨਾਮੇ, ਹੁਕਮਨਾਮਾ- ਨਾਮਾ ਫ਼ਾਰਸੀ ਦਾ ਪਿਛੇਤਰ ਹੈ। ਪੰਜਾਬੀ ਸਾਹਿਤ ਵਿੱਚ ਇਸ ਦੇ ਦੋ ਰੂਪ ਪ੍ਰਚਲਿਤ ਹੋਏ ਪਹਿਲਾ ਰਹਿਤਨਾਮਾ ਤੇ ਦੂਜਾ ਹੁਕਮਨਾਮਾ ਰਹਿਤਨਾਮੇ ਦਾ ਸੰਬੰਧ ਵਧੇਰੇ ਕਰ ਕੇ ਸਿੱਖ ਸੰਸਥਾ ਦੇ ਆਚਾਰ ਸੰਹਿਤਾ ਨਾਲ ਹੈ। ਪੰਜਾਬੀ ਵਾਰਤਕ ਵਿੱਚ ਰਹਿਤਨਾਮਾ ਚੋਪਾ ਸਿੰਘ ਤੇ ਪ੍ਰੇਮ-ਸੁਮਾਰਗ ਗ੍ਰੰਥ ਉੱਚ ਪੱਧਰ ਦੀਆਂ ਰਚਨਾਵਾਂ ਮੰਨੀਆਂ ਜਾਂਦੀਆਂ ਹਨ। ਹੁਕਮਨਾਮੇ ਦਾ ਅਰਥ 'ਆਦੇਸ਼ ਵਾਲੀ ਚਿੱਠੀ ਹੈ, ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਵੱਲੋਂ ਲਿਖੇ ਪੱਤਰ ਤੇ ਬਹੁਤ ਸਾਰੇ ਹੁਕਮਨਾਮੇ ਪ੍ਰਸਿੱਧ ਹਨ।

ਅਨੁਵਾਦ ਤੇ ਫੁਟਕਲ:-' ਅਨੁਵਾਦ ਇੱਕ ਅਜਿਹੀ ਪਰੰਪਰਾ ਹੈ ਜਿਸ ਦੁਆਰਾ ਅਸੀਂ ਪਰਾਏ ਸਾਹਿਤ ਵਿੱਚੋਂ ਵਸ਼ਿਸ਼ਟ ਸਾਹਿਤ ਤੇ ਰੂਪਾਕਾਰ ਲੈ ਕੇ ਆਪਣੇ ਸਾਹਿਤ ਨੂੰ ਅਮੀਰ ਬਣਾ ਸਕਦੇ ਹਾਂ। ਇਸ ਤੋਂ ਇਲਵਾਵਾ

ਉਥਾਨਿਕਾਵਾਂ, ਮਹਾਤਮ ਤੇ ਹੋਰ ਅਨੇਕ ਰਚਨਾਵਾਂ ਹਨ, ਜਿਹੜੀਆਂ ਮੱਧਕਾਲੀਨ ਪੰਜਾਬੀ ਵਾਰਤਕ ਦਾ ਸਰਮਾਇਆ ਹਨ।

ਸੋ, ਮੱਧਕਾਲੀਨ ਵਾਰਤਕ ਵੰਨਗੀਆਂ ਵਿੱਚ ਸਮੁੱਚੀ ਵਾਰਤਕ ਦੀਆਂ ਵੰਨਗੀਆਂ ਸ਼ਾਮਲ ਹਨ, ਇਸੇ ਕਰ ਕੇ ਹੀ ਇਸ ਯੁੱਗ ਨੂੰ ਸੋਨ-ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਜਨਮਸਾਖੀ ਤੇ ਪੁਰਾਤਨ ਜਨਮਸਾਖੀ ਵਿਚ ਕੁੱਝ ਵੱਖਰਤਾਵਾਂ ਵੀ ਹਨ। ਪੁਰਾਤਨ ਜਨਮਸਾਖੀ ਵਿਚ ਸਿਰਫ਼ ਪਹਿਲੀ ਉਦਾਸੀ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਨਾਲ ਮਰਦਾਨੇ ਨੂੰ ਦੱਸਿਆ ਗਿਆ ਹੈ ਜਦਕਿ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਮਰਦਾਨੇ ਨੂੰ ਸਾਰੀਆਂ ਉਦਾਸੀਆਂ ਵਿਚ ਨਾਲ ਦੱਸਿਆ ਗਿਆ ਹੈ। ਇਸ ਤੁਲਨਾਤਮਕ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਪਰੋਕਤ ਜਨਮਸਾਖੀਆਂ ਵਿਚ ਵਿਸ਼ਿਆਂ ਦੀ ਬਹੁਤੀ ਹੱਦ ਤੱਕ ਸਮਾਨਤਾ ਹੈ ਪਰ ਇਨ੍ਹਾਂ ਜਨਮਸਾਖੀਆਂ ਦੀ ਅਭਿਵਿਅਕਤੀ ਦਾ ਢੰਗ ਵੱਖਰਾ ਤੇ ਨਿਵੇਕਲਾ ਹੈ। ਭਾਈ ਬਾਲੇ ਵਾਲੀ ਜਨਮਸਾਖੀ ਮਿਥਿਹਾਸਕਤਾ ਨਾਲ ਭਰਪੂਰ ਹੈ ਤੇ ਇਸ ਦੀ ਪੇਸ਼ਕਾਰੀ ਵਿਚ ਵੀ ਕਲਾਤਮਕਤਾ ਤੇ ਚਮਤਕਾਰੀ ਅੰਸ਼ਾਂ ਦੀ ਭਰਮਾਰ ਹੈ। ਜਦਕਿ ਪੁਰਾਤਨ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਵੀ ਕਲਪਣਾ ਦਾ ਅੰਸ਼ ਹੈ ਪਰ ਇੰਨਾ ਨਹੀਂ ਜਿੰਨਾ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹੈ। ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹੋਰਨਾਂ ਜਨਮਸਾਖੀਆਂ ਨਾਲੋਂ ਭਿੰਨ ਤੇ ਵੱਖਰੇ ਵਿਸ਼ਿਆਂ ਦੀ ਪੇਸ਼ਕਾਰੀ ਮਿਲਦੀ ਹੈ ਜਿਵੇਂ :

"ਬਾਲੇ ਦੀ ਜਨਮਸਾਖੀ ਦਾ ਇੱਕ ਹੋਰ ਨਿਖੜਵਾਂ ਲੱਛਣ ਇਸ ਦੀਆਂ ਕੁੱਝ ਹੋਰ ਅਜਿਹੀਆਂ ਸਾਖੀਆਂ ਹਨ ਜੋ ਕਿਸੇ ਹੋਰ ਸ਼ਾਖਾ ਵਿਚ ਨਹੀਂ ਮਿਲਦੀਆਂ, ਜਿਵੇਂ 'ਗੁਰੂ ਜੀ ਦੀ ਜਨਮ ਪਤ੍ਰੀ ਲਿਖਾਉਣੀ', 'ਸਰਪ ਛਾਇਆ', 'ਖਰਾ ਸੌਦਾ', 'ਨਾਨਕੀ ਦੀ ਕੁੜਮਾਈ ਤੇ ਵਿਆਹ', 'ਨਾਨਕੀ ਦਾ ਮੁਕਲਾਵਾ', 'ਅਤੀਤ ਨੂੰ ਗਡਵਾ ਤੇ ਛਾਪ ਭੇਂਟ ਕਰਨਾ', 'ਚੰਦੋਰਾਣੀ ਦਾ ਝਗੜਾ ਕਰਨਾ', 'ਮੋਦੀਖਾਨੇ ਦਾ ਲੇਖਾ ਦੇਣਾ', 'ਮਰਦਾਨੇ ਦਾ ਰਬਾਬ ਦੀ ਭਾਲ ਕਰਨਾ', 'ਫਿਰੰਦੇ ਦਾ ਗੁਰੂ ਜੀ ਨੂੰ ਮਿਲਣਾ', 'ਲਾਲੋ ਪਾਸ ਏਮਨਾਬਾਦ ਜਾਣਾ', 'ਮਲਕ ਭਾਗੋ ਦੇ ਬ੍ਰਹਮ ਭੋਜ ਵਿਚੋਂ ਲਹੂ ਤੇ ਲਾਲੋ ਦੀ ਰੋਟੀ ਵਿਚੋਂ ਦੁੱਧ ਨਿਕਲਨਾ', 'ਸਾਲਸ ਰਾਇ ਨਿਸਤਾਰਾ', 'ਮੱਛ ਦੀ ਸਾਖੀ', 'ਕਾਲਿ ਤੇ ਨਾਰਦ ਦੀ ਸਾਖੀ', 'ਰਾਜਾ ਸੁਧਰਸੈਨ', 'ਰਾਜਾ ਮਧੁਰਬੈਣ', 'ਦੇਵਲੂਤ', 'ਵਣਮਾਣੂ ਰਾਜਾ', 'ਤੀਖਣਸੈਨ', 'ਕਉਲਨੈਨ', 'ਸਾਖੀ ਮਦੀਨਾ', 'ਮਾਰੂਫਤ ਦੇਸ', 'ਊਨਾਰ ਤੇ ਸਿਲਕਾ ਪਰਬਤ', 'ਕੂਨਾ ਤੇ ਮੀਨਾ', 'ਬਿਆਰ', 'ਅਲਲਾਚੀਨ ਪਰਬਤ', 'ਕੈਲਾਸ਼', 'ਕਲਕਾ ਪਰਬਤ', 'ਸੀਲਾ ਤੇ ਨਿਰਬਕਾਰ', 'ਉਹਾਰ ਤੇ ਇਖਨ', 'ਘਿਰਾਨ', 'ਉਲਾਕ ਪਰਬਤ', 'ਤਲਵੰਡੀਓ ਸ਼ਹਜ਼ਾਦੇ ਨੂੰ ਲਿਆਉਣਾ', 'ਸ਼ਹਜ਼ਾਦੇ ਨੂੰ ਖੁਰਮੇ ਲੈ ਜਾਣਾ', 'ਕੰਧਾਰ ਵਿਚ ਵਲੀ ਕੰਧਾਰੀ ਨੂੰ ਮਿਲਣਾ', 'ਸ਼ੇਖ਼ ਸ਼ਰਫ ਤੇ ਦੀਨਾ ਨਾਥ ਦਇਆਲ ਦੀ ਸਾਖੀ', (ਹੰਦਾਲ ਬਾਰੇ ਭਵਿਖਬਾਣੀ), 'ਫੇਰ ਵਲੀ ਕੰਧਾਰੀ ਨੂੰ ਮਿਲੇ', 'ਕਾਬਲ ਮਾਨ ਚੰਦ ਨਾਲ ਗੋਸ਼ਟਿ', 'ਪੱਖੋ ਕੇ ਆਉਣਾ' (ਪੱਖੋ ਕੇ ਦੀਆਂ ਦੋ ਸਾਖੀਆਂ ਹੋਰ ਵੀ ਹਨ), 'ਪਰਿਵਾਰ ਦਾ ਝਗੜਾ ਕਰਨਾ', 'ਬੂੜੇ ਰੰਧਾਵੇ ਦਾ ਮਿਲਣਾ', 'ਸ਼ੇਖ ਮਾਲੋ ਤਖਾਣ ਕੋਲ ਜਾਣਾ', 'ਉਭਾਰੇ ਖਾ ਪਠਾਣ ਸਉੜੀਆਂ', 'ਸ਼ਾਹ ਆਦਰਮਾਨ ਨਾਲ ਗੋਸ਼ਟਿ', 'ਉਚ ਸਯਦ ਜਲਾਲ ਨੂੰ ਮਿਲਣਾ', 'ਪੀਰ ਦਾ ਮੱਕੇ ਜਾਣਾ', 'ਪੀਰ ਨੂੰ ਨਾਰਦ ਗੁਸਾਂਈ ਦੇ ਸਿਖਾਂ ਦਾ ਮਿਲਣਾ', 'ਤਲਵੰਡੀ ਜਾਣਾ', ਅਤੇ 'ਗੁਰੂ ਅੰਗਦ ਦੀ ਪੁੱਤਰੀ ਦੀ ਸਾਖੀ' ਅਤੇ 'ਭਾਈ ਬਾਲੇ ਦਾ ਪਰਲੋਕ ਗਮਨ'।"

ਭਾਈ ਬਾਲਾ ਵਾਲੀ ਜਨਮਸਾਖੀ ਅਨੇਕਾਂ ਪ੍ਰਕਾਰ ਦੇ ਮਿਥਿਹਾਸਕ ਵਿਸ਼ਿਆਂ ਦੀ ਤਰਜ਼ਮਾਨੀ ਕਰਨ ਵਾਲੀ ਜਨਮਸਾਖੀ ਹੈ। ਇਸ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਨੂੰ ਜਿੱਥੇ ਚਮਤਕਾਰੀ ਪੁਰਸ਼ ਦਰਸਾ ਕੇ ਰੱਬੀ ਦਰਜ਼ਾ ਦਿੱਤਾ ਗਿਆ ਹੈ ਉੱਥੇ ਮਿਥਿਹਾਸਕ ਘਟਨਾਵਾਂ ਨੂੰ ਕਲਾਮਈ ਢੰਗ ਨਾਲ ਸਿਰਜ ਕੇ ਜਨਮਸਾਖੀ ਵਿਚ ਰੌਚਕਤਾ ਵੀ ਕਾਇਮ ਕੀਤੀ ਹੈ। ਕਲਾ ਪੱਖ ਤੋਂ ਭਾਈ ਬਾਲਾ ਵਾਲੀ ਜਨਮਸਾਖੀ ਉਤਮ ਤੇ ਰੌਚਕ ਜਨਮਸਾਖੀ ਹੈ ਵਿਸ਼ੇ ਪੱਖੋਂ ਇਸ ਜਨਮਸਾਖੀ ਵਿਚ ਮਿਥਿਹਾਸਕ ਤੱਤ ਜਿਆਦਾ ਭਾਰੂ ਪ੍ਰਤੀਤ ਹੁੰਦਾ ਨਜ਼ਰ ਆਉਂਦਾ ਹੈ। ਭਾਈ ਬਾਲਾ ਵਾਲੀ ਜਨਮਸਾਖੀ ਕੁੱਝ ਇਸ ਤਰ੍ਹਾਂ ਦੇ ਮਿਥਿਹਾਸਕ ਵਿਸ਼ਿਆਂ ਦੀ ਤਰਜ਼ਮਾਨੀ ਕਰਦੀ ਹੈ।

1. ਕਉਰੂ (ਕੁਰੂਕਸ਼ੇਤਰ) ਦੇਸ਼ ਵਿਚ ਮਰਦਾਨੇ ਦਾ ਉਥੋਂ ਦੀਆਂ ਇਸਤਰੀਆਂ ਦੁਆਰਾ ਲੇਲੇ ਵਿਚ ਬਦਲਣਾ ਤੇ ਗੁਰੂ ਨਾਨਕ ਦੀ ਕਰਾਮਾਤੀ ਸ਼ਕਤੀ ਨਾਲ ਮੁੜ ਕੇ ਮਨੁੱਖ ਬਣਨਾ (ਸਾ: 37)
2. ਗੁਰੂ ਨਾਨਕ ਦੇਵ ਦੀ ਕਲਜੁਗ ਨਾਲ ਭੇਂਟ (ਸਾ: 33)

3. ਕੀੜ ਨਗਰ ਦੀ ਸਾਖੀ (ਸਾਖੀ ਨੰ : 24; ਹੱਥ ਲਿਖਤ ਨੰ: 763 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।)
4. ਕਲ ਤੇ ਨਾਰਦ ਦਾ ਉਲੇਖ (ਸਾ : ਨੰ : 25; ਪਿਆਰੇ ਲਾਲ ਕਪੂਰ ਵਾਲੀ ਹੱਥ-ਲਿਖਤ)।
5. ਨੌਂ ਨਾਥਾਂ, ਚੌਰਾਸੀ ਸਿਧਾਂ ਅਤੇ ਛੇ ਜਤੀਆਂ ਦਾ ਜ਼ਿਕਰ (ਪਰਬਤਾਂ ਦੀਆਂ ਸਾਖੀਆਂ)

"ਅਜਿਹੀਆਂ ਹੋਰ ਭੀ ਅਨੇਕ ਸਾਖੀਆਂ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹਨ ਜਿਨ੍ਹਾਂ ਨੂੰ ਅਣਹੋਣੀਆਂ ਜਾਂ ਕਰਾਮਾਤੀ ਅੰਸ਼ ਵਾਲੀਆਂ ਸਾਖੀਆਂ ਮੰਨੀਆਂ ਜਾ ਸਕਦੀਆਂ ਹਨ। ਡਾ. ਸੁਰਿੰਦਰ ਸਿੰਘ ਕੋਹਲੀ ਤੇ ਡਾ. ਜਗਜੀਤ ਸਿੰਘ ਨੇ ਅਜਿਹੀਆਂ ਸਾਖੀਆਂ ਦਾ ਬਿਉਰਾ ਦਿੱਤਾ ਹੈ ਅਤੇ ਨਾਲ ਹੀ ਪੰਜ ਸਾਖੀਆਂ ਇਤਿਹਾਸਕ ਦ੍ਰਿਸ਼ਟੀ ਕੋਣ ਤੋਂ ਮੰਨਣ ਯੋਗ ਨਹੀਂ ਸਮਝਿਆ।" ਅਸੀਂ ਜਨਮਸਾਖੀ ਦੀ ਸਾਹਿਕਤ ਵਿਸ਼ੇਸ਼ਤਾ ਮਨਦੇ ਹਾਂ ਕਿ ਇਹ ਇਤਿਹਾਸਕ ਅਧਿਆਤਮਕ ਸਿਧਾਂਤਕ ਤੇ ਗੋਸ਼ਟਾਂ ਦੇ ਆਧਾਰ ਤੇ ਲਿਖੀ ਗਈ ਹੈ। ਸਾਖੀਕਾਰ ਨੇ ਮੂਲ ਰੂਪ ਵਿਚ ਇਸ ਦੇ ਅਰਥਾਂ ਦੀ ਸਪੱਸ਼ਟਤਾ ਲਈ ਮਹੱਤਵਪੂਰਨ ਸਰੋਤਾਂ ਨੂੰ ਸ਼ਾਮਿਲ ਕੀਤਾ ਜਿਸ ਨੂੰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਲੇਖਕ ਨੇ ਅਜਿਹੇ ਰੰਗ ਵਿਚ ਰੰਗਣਾ ਜਿਸ ਵਿਚ ਲਿਖਣ ਵਾਲਾ ਮਸਤ ਹੋ ਕੇ ਆਪਣੀ ਰਚਨਾ ਲਿਖੇ ਤੇ ਆਪਣੇ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟ ਕਰ ਸਕੇ। ਇਸ ਨਾਲ ਲੇਖਕ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਜਿਸ ਨਾਲ ਉਹ ਅਜਿਹੀਆਂ ਘਟਨਾਵਾਂ ਨੂੰ ਸਮਝ ਕੇ ਉਸ ਨੂੰ ਆਪਣੀ ਰਚਨਾ ਵਿਚ ਅਧਾਰ ਬਣਾ ਕੇ ਪ੍ਰਸਤੁਤ ਕਰਦਾ ਹੈ। ਇਸ ਵਾਰਤਕ ਪੁਸਤਕ ਦੇ ਵਿਸ਼ੇ ਵੀ ਉਸ ਦੇ ਵਿਚਾਰ ਦਾ ਮੁੱਖ ਸਥਾਨ ਰੱਖਦੇ ਹਨ ਇਹ ਵਰਨਣ ਲੇਖਕ ਦੀ ਕਲਪਣਾ ਸ਼ਕਤੀ, ਉਸਦੇ ਜੀਵਨ ਦੀ ਰੁਚੀ, ਉਸਦੇ ਸਿਧਾਂਤਾਂ ਦੇ ਅਰਥ ਸਪੱਸ਼ਟ ਕਰਨ ਦਾ ਜ਼ਰੀਆ ਹੁੰਦਾ ਹੈ। ਇਹ ਹੋਣਾ ਸੰਭਵ ਹੈ ਕਿ ਗੁਰੂ ਨਾਨਕ ਤੇ ਹੋਰ ਸਾਧੂ ਸੰਤਾਂ ਆਦਿ ਦੀ ਭਾਸ਼ਾ ਤੇ ਸ਼ਬਦ ਚੋਣ ਦਾ ਅੰਤਰ ਸ਼ਪੱਸ਼ਟ ਕੀਤਾ ਗਿਆ ਹੈ ਜਿਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਭਿੰਨਤਾ ਆਉਂਦੀ ਦਿਸੀ ਹੈ। 'ਭਾਈ ਬਾਲਾ ਵਾਲੀ ਜਨਮਸਾਖੀ' ਦਾ ਇੱਕ ਹੋਰ ਰੂਪ ਇਸ ਦੀਆਂ ਕੁੱਝ ਹੋਰ ਸਾਖੀਆਂ ਹਨ, ਜੋ ਹੋਰ ਕਿਸੇ ਰੂਪ ਵਿਚ ਨਹੀਂ ਮਿਲਦੀਆਂ। ਜਿਵੇਂ ਗੁਰੂ ਜੀ ਦੀ ਜਨਮਪੱਤ੍ਰੀ ਲਿਖਵਾਉਣੀ, ਸਰਪ ਛਾਇਆ, ਖਰਾ ਸੌਦਾ, ਨਾਨਕੀ ਦੀ ਕੁੜਮਾਈ ਤੇ ਵਿਆਹ, ਮੋਦੀਖਾਨੇ ਦਾ ਲੇਖਾ ਦੇਣਾ, ਮਰਦਾਨੇ ਦਾ ਰਬਾਬ ਦੀ ਭਾਲ ਕਰਨਾ, ਕਾਬਲ ਮਾਨ ਚੰਦ ਨਾਲ ਗੋਸ਼ਟੀ, ਪੀਰ ਦਾ ਮੱਕੇ ਜਾਣਾ ਆਦਿ ਬਹੁਤ ਸਾਰੀਆਂ ਵਿਸ਼ਾ ਵਿਧਾਨ ਘਟਨਾਵਾਂ ਦਾ ਜ਼ਿਕਰ ਹੋਇਆ ਹੈ।

"ਇਹ ਭੀ ਚੇਤੇ ਰੱਖਣ ਯੋਗ ਤੱਥ ਹੈ ਕਿ ਜਨਮਸਾਖੀ ਭਾਈ ਬਾਲਾ ਵਿਚ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਭੀ ਹੈ ਫਿਰ ਭੀ ਇਤਿਹਾਸਕ ਪੱਖ ਦਾ ਵਿਚਾਰ ਸਾਨੂੰ ਸੁਖੈਨ ਹੀ ਇਸ ਨਿਰਣੇ ਉੱਤੇ ਪਹੁੰਚਾਉਂਦਾ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਹੁਣ ਤੱਕ ਉਪਲੱਬਧ ਖਰੜਿਆਂ ਦੇ ਆਧਾਰ ਉੱਤੇ ਗੁਰੂ ਕਾਲ ਦੀ ਪਹਿਲੀ ਇੰਨੀ ਲੰਮੀ ਵਾਰਤਕ ਹੈ।"

'ਪੁਰਾਤਨ ਜਨਮਸਾਖੀ' ਵਾਂਗ 'ਭਾਈ ਬਾਲਾ ਵਾਲੀ ਜਨਮਸਾਖੀ' ਵੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਤੇ ਚਮਤਕਾਰੀ ਸਰੂਪ ਨੂੰ ਪੇਸ਼ ਕਰਦੀ ਹੈ। ਜਿਸ ਤਰ੍ਹਾਂ 'ਪੁਰਾਤਨ ਜਨਮਸਾਖੀ' ਵਿਚ ਪਸ਼ੂਆਂ ਵਲੋਂ ਉਜਾੜੇ ਖੇਤ ਮੁੜ ਹਰੇ ਭਰੇ ਹੋ ਗਏ ਉਸ ਘਟਨਾ ਨੂੰ ਭਾਈ ਬਾਲੇ ਨੇ ਇਤਿਹਾਸਕ ਤੇ ਮਿਥਿਹਾਸਕ ਵੇਰਵਿਆਂ ਦੇ ਮਿਸ਼ਰਣ ਨਾਲ ਜਨਮਸਾਖੀ ਨੂੰ ਹੋਰ ਵੀ ਰੌਚਕ ਬਣਾਇਆ ਹੈ। ਪੁਰਾਤਨ ਜਨਮਸਾਖੀ ਵਾਚਣ ਤੋਂ ਬਾਅਦ ਜਦੋਂ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਵਾਚਦੇ ਹਾਂ ਤਾਂ ਇੱਕ ਗੱਲ ਪ੍ਰਮੁੱਖ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਪੁਰਾਤਨ ਜਨਮਸਾਖੀ ਨਾਲੋਂ ਵੱਧ ਮਿਥਿਹਾਸਕ ਤੇ ਚਮਤਕਾਰੀ ਅੰਸ਼ਾਂ ਨਾਲ ਭਰਪੂਰ ਹੈ। ਉਦਾਹਰਣ ਵਜੋਂ ਪੁਰਾਤਨ ਜਨਮਸਾਖੀ ਵੀ ਗੁਰੂ ਨਾਨਕ ਦੇਵ ਜੀ ਦੇ ਭਗਤੀ 'ਚ ਲੀਨ ਦੌਰਾਨ ਪਸ਼ੂਆਂ ਵਲੋਂ ਖੇਤਾਂ ਨੂੰ ਉਜਾੜਿਆ ਵਿਖਾਇਆ ਗਿਆ ਹੈ ਤੇ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਵੀ। ਫਰਕ ਸਿਰਫ਼ ਇੰਨਾ ਹੈ ਕਿ ਭਾਈ ਬਾਲਾ ਵੈਸਾਖ ਦਾ ਦਿਨ ਦੱਸ ਕੇ ਘਟਨਾ ਨੂੰ ਇਤਿਹਾਸਕ ਤੱਥਾਂ ਨਾਲ ਜੋੜਦਾ ਹੈ ਤੇ ਕਾਲੇ ਨਾਗ ਦੇ ਫੱਨ ਦੀ ਛਾਂ ਹੇਠ ਗੁਰੂ ਨਾਨਕ ਦੇਵ ਜੀ ਦੇ ਸੁੱਤੇ ਹੋਣ ਦੇ ਦ੍ਰਿਸ਼ ਨੂੰ ਸਿਰਜ ਕੇ ਮਿਥਿਹਾਸ ਨੂੰ ਤਰੋਤਾਜ਼ਾ ਰੱਖਦਾ ਹੈ ਭਾਵ ਇਤਿਹਾਸ ਤੇ ਮਿਥਿਹਾਸ ਦੇ ਸੁਮੇਲ ਨੂੰ ਸਿਰਜਦਾ ਹੈ। ਜਿਵੇਂ :

"ਜਬ ਬਾਬਾ ਨਾਨਕ ਨਵਾ ਵਰਿਆ ਕਾ ਸੀ ਵੈਸਾਖ ਕੇ ਦਿਨ ਆਹੈ। ਤਾ ਦੁਪਹਿਰ ਵੇਲੇ ਦਰਖਤ ਹੇਠ ਆਇ ਕੇ ਟਿਕ ਗਇਆ। ਅਤੇ ਮੰਝੀ ਭੀ ਖੜੋਤੀਆਂ ਆਹੀਆਂ। ਜਿਉਂ ਜਿਉਂ ਟਿਕ ਗਇਆ ਸੀ। ਤਿਉ ਕਾਲਾ ਨਾਗ

ਆਦਿ ਕਰ ਮਥੇ ਉਪਰਿ ਫਣ ਕਢੁ ਕਰਿ ਬੈਠਾ ਹੈ। ਤਾਂ ਕਛਾਂ ਦੇ ਦਿਨ ਆਹੇ ਕਣਕ ਦੀ ਕਛ ਕਰਾਇਕੈ ਰਾਇ ਬੁਲਾਰ ਘਰਾਂ ਨੂੰ ਆਵਦਾ ਸੀ।

ਭਾਈ ਬਾਲਾ ਜੀ ਗੁਰੂ ਨਾਨਕ ਦੇਵ ਜੀ ਨੇ ਉਸੇ ਤਰ੍ਹਾਂ ਯਾਦਸ਼ਕਤੀ ਦੀ ਬਖਸ਼ਿਸ਼ ਕੀਤੀ ਹੋਈ ਸੀ ਜਿਸ ਤਰ੍ਹਾਂ ਭਾਈ ਮਰਦਾਨਾ ਜੀ ਤਾਰ ਦਾ ਗੁਣ ਬਖਸ਼ਿਆ ਸੀ। ਭਾਈ ਮਰਦਾਨਾ ਜੀ ਰਬਾਬ ਦੇ ਧਨੀ ਸਨ ਅਤੇ ਭਾਈ ਬਾਲਾ ਜੀ ਯਾਦਸ਼ਕਤੀ ਦੇ ਧਨੀ ਸਨ। ਭਾਈ ਬਾਲਾ ਜੀ ਅੰਤਰ-ਧਿਆਨ ਹੋਏ ਅਤੇ ਗੁਰੂ ਨਾਨਕ ਦੇਵ ਜੀ ਆਪਣੇ ਅੰਗ-ਸੰਗ ਮਹਿਸੂਸ ਕਰਦੇ ਸਭ ਕੁਝ ਬੋਲਦੇ ਰਹਿੰਦੇ ਸਨ ਅਤੇ ਭਾਈ ਪੈੜਾ ਮੋਖਾ ਜੀ ਲਿਖਦੇ ਜਾਂਦੇ ਸਨ। ਜਿਥੇ-ਜਿਥੇ ਭਾਈ ਬਾਲਾ ਜੀ ਗੁਰੂ ਨਾਨਕ ਜੀ ਦੇ ਸਾਥ ਨਹੀਂ ਵੀ ਹੁੰਦੇ ਸਨ ਉੱਥੇ-ਉੱਥੇ ਉਹ ਇਹ ਵੀ ਕਹਿ ਦਿੰਦੇ ਸਨ ਕਿ ਗੁਰੂ ਜੀ ਉਹ ਇਸ ਸਮੇਂ ਵੱਡੇ ਸਤਿਗੁਰਾਂ ਪਾਸ ਨਹੀਂ ਸਨ ਪਰ ਇਹ ਗੱਲਾਂ ਮੈਂ ਪਿੱਛੋਂ ਸੁਣੀਆਂ ਸਨ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਪਣੀ ਹਜ਼ੂਰੀ ਵਿਚ ਅਤੇ ਆਪਣੇ ਨਿਰਦੇਸ਼ਾਂ ਹੇਠ, ਭਾਈ ਬਾਲੇ ਵਲੋਂ ਸੁਣ ਕੇ ਅਤੇ ਭਾਈ ਪੈੜਾ ਜੀ ਵਲੋਂ ਲਿਖਵਾ ਕੇ ਇਕ ਐਸੀ ਜਨਮਸਾਖੀ ਤਿਆਰ ਕਰਵਾਈ ਸੀ, ਜਿਹੜੀ ਸਿੱਖ ਇਤਿਹਾਸ ਦੀ ਸਭ ਤੋਂ ਪਹਿਲੀ ਲਿਖਤ ਬਣ ਗਈ ਸੀ। ਇਹ ਸੀ ਭਾਈ ਬਾਲੇ ਵਾਲੀ ਜਨਮਸਾਖੀ ਜਿਸ ਦੀ ਬੁਨਿਆਦ ਭਾਈ ਬਾਲੇ ਦੀਆਂ ਜ਼ਬਾਨੀ ਦੱਸੀਆਂ ਹੋਈਆਂ ਗੱਲਾਂ ਸਨ। ਇਸ ਤਰ੍ਹਾਂ ਸਾਡੀਆਂ ਮੌਖਿਕ ਪਰੰਪਰਾਵਾਂ ਸਾਡੇ ਇਤਿਹਾਸ ਦੀ ਬੁਨਿਆਦ ਬਣ ਗਈਆਂ ਸਨ। ਅੱਜ ਦਾ ਸਾਰਾ ਸਿੱਖ ਇਤਿਹਾਸ ਇਸੇ ਹੀ ਬੁਨਿਆਦ ਤੇ ਉਸਰਿਆ ਹੋਇਆ ਹੈ। ਭਾਈ ਬਾਲਾ ਜੀ ਸਾਡੀ ਮੌਖਿਕ ਜਾਣਕਾਰੀ ਦੇ ਜਾਂ ਸਾਡੇ ਇਤਿਹਾਸ ਦੀ ਜਾਣਕਾਰੀ ਦੇ ਐਸੇ ਪਹਿਲੇ ਵਿਅਕਤੀ ਹਨ, ਜਿਨ੍ਹਾਂ ਦੀ ਯਾਦਸ਼ਕਤੀ ਤੇ ਸਾਡੀਆਂ ਮੌਖਿਕ ਪਰੰਪਰਾਵਾਂ ਪ੍ਰਚੱਲਿਤ ਹੋਈਆਂ ਸਨ ਅਤੇ ਫਿਰ ਇਨ੍ਹਾਂ ਦੇ ਆਧਾਰ ਤੇ ਹੀ ਸਾਡੇ ਲਿਖਤੀ ਇਤਿਹਾਸ ਦਾ ਢਾਂਚਾ ਉਸਰਿਆ ਸੀ।

ਭਾਈ ਬਾਲੇ ਵਾਲੀ ਇਸ ਪਰਮ-ਪਵਿੱਤਰ ਜਨਮਸਾਖੀ ਸਮੇਂ ਦੀ ਨਜ਼ਰ ਲੱਗ ਗਈ ਸੀ। ਸਿੱਖ ਧਰਮ ਦੇ ਇਨਕਲਾਬੀ ਰੂਪ ਨੂੰ ਦੇਖਦੇ ਹੋਏ ਇਸ ਦੇ ਅਨੇਕਾਂ ਵਿਰੋਧੀ ਪੈਦਾ ਹੁੰਦੇ ਰਹੇ ਸਨ। ਪਹਿਲੀ ਵਿਰੋਧਤਾ ਸਿੱਖ ਸਮਾਜ ਦੇ ਵਿਚੋਂ ਹੀ ਐਸੇ ਵਿਅਕਤੀਆਂ ਵਲੋਂ ਹੋਣੀ ਸ਼ੁਰੂ ਹੋਈ ਸੀ ਜਿਨ੍ਹਾਂ ਆਪਹੁਦਰੀਆਂ ਕਾਰਵਾਈਆਂ ਕਰਨ ਕਰਕੇ ਸਿੱਖ ਸਮਾਜ ਅਤੇ ਧਰਮ ਵਿਚੋਂ ਛੇਕ ਦਿੱਤਾ ਗਿਆ ਸੀ। ਦੂਸਰੇ ਕਦਮ ਦੇ ਤੌਰ ਤੇ ਸਮੇਂ ਦੀ ਹਕੂਮਤ ਵਲੋਂ ਵਿਰੋਧਤਾ ਹੋਈ ਸੀ। ਸਿੱਟੇ ਵਜੋਂ ਸਾਡੇ ਵਿਰੋਧੀਆਂ ਨੇ ਹਕੂਮਤ ਨਾਲ ਮਿਲ ਕੇ ਸਿੱਖ ਧਰਮ ਦੀਆਂ ਲਿਖਤਾਂ ਨੂੰ ਬਿਗਾੜਨਾ ਜਾਂ ਸਿੱਖ ਲਿਖਤਾਂ ਨੂੰ ਗੁੰਮ ਕਰਨਾ ਆਦਿ ਤਰੀਕੇ ਅਪਣਾ ਕੇ ਆਪਣੀ ਵਿਰੋਧਤਾ ਦੀ ਭੜਾਸ ਕੱਢੀ ਸੀ। ਅਕਬਰ ਬਾਦਸ਼ਾਹ ਦੇ ਸਮੇਂ ਤੱਕ (1604 ਈ. ਤੱਕ) ਹਕੂਮਤ ਦਾ ਝੁਕਾਅ ਧਰਮ-ਨਿਰਪੱਖ ਹੀ ਰਿਹਾ ਸੀ ਪਰ ਅਕਬਰ ਦੀ ਮੌਤ ਅਤੇ ਜਹਾਂਗੀਰ ਦੇ ਬਾਦਸ਼ਾਹ ਬਣਨ ਨਾਲ ਹਕੂਮਤ ਵੀ ਵਿਰੋਧੀਆਂ ਨਾਲ ਰਲ ਕੇ ਸਿੱਖ ਧਰਮ ਨੂੰ ਰੋਕਣ ਦੇ ਮੰਤਵ ਨਾਲ ਸਾਹਮਣੇ ਆ ਗਈ ਸੀ। ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਹੀ ਸਿੱਖਾਂ ਉੱਪਰ ਬਿਪਤਾਵਾਂ ਦੇ ਪਹਾੜ ਡਿੱਗ ਪਏ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਉਪਰ ਵੀ ਹਕੂਮਤ ਦੀ ਗਹਿਰੀ ਨਜ਼ਰ ਸੀ। ਪਹਿਲਾਂ ਲੰਮਾਂ ਸਮਾਂ ਗੁਰੂ ਜੀ ਨੂੰ ਕੈਦ ਵਿਚ ਰੱਖਿਆ ਗਿਆ ਸੀ। ਫਿਰ ਪਿੱਛੋਂ ਸਥਾਨਕ ਪੱਧਰ ਤੇ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਅਖੀਰ ਇਸ ਤਰ੍ਹਾਂ ਦੀ ਸਥਿਤੀ ਵਿਚੋਂ ਗੁਰੂ ਹਰਿਗੋਬਿੰਦ ਸਾਹਿਬ ਉਸ ਸਮੇਂ ਹੀ ਸੁੱਖ ਅਤੇ ਸ਼ਾਂਤੀ ਨਸੀਬ ਹੋਈ ਸੀ ਜਦੋਂ ਉਹ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਸਾਹਿਬ ਵਿਖੇ ਆ ਕੇ ਰਹਿਣ ਲਗ ਪਏ ਸਨ। ਇਹ ਗੱਲ 1635 ਈ. ਦੇ ਨੇੜੇ-ਤੇੜੇ ਦੀ ਹੈ। ਫਿਰ ਕੋਈ ਵੀ ਗੁਰੂ ਮੁੜ ਕੇ ਅੰਮ੍ਰਿਤਸਰ ਨਹੀਂ ਜਾ ਸਕਿਆ ਸੀ। ਸਿਰਫ ਗੁਰੂ ਤੇਗ ਬਹਾਦਰ ਜੀ ਹੀ ਸਿਰਫ ਇਕ ਵਾਰ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਗਏ ਸਨ ਪਰ ਉਨ੍ਹਾਂ ਵੀ ਉਸ ਸਮੇਂ ਦੇ ਸਿੱਖ ਵਿਰੋਧੀਆਂ ਨੇ (ਪ੍ਰਿਥੀ ਚੰਦ ਦੇ ਘਰਾਣੇ ਨੇ) ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਵੀ ਅੰਮ੍ਰਿਤਸਰ ਨਹੀਂ ਜਾ ਸਕੇ ਸਨ। ਇਹ ਸਿਰਫ 1699 ਈ. ਵਿਚ ਖਾਲਸਾ ਸਾਜਣ ਤੋਂ ਬਾਅਦ ਹੀ, ਜਦੋਂ ਕਿ ਗੁਰੂ ਜੀ ਨੇ ਖਾਲਸੇ ਅੰਮ੍ਰਿਤਧਾਰੀ ਅਤੇ ਹਥਿਆਰਬੰਦ ਕਰਕੇ ਸਿੱਧਾ ਐਕਸ਼ਨ ਕਰਨ ਲਈ ਤਿਅਰ ਕਰ ਦਿੱਤਾ ਸੀ, ਅੰਮ੍ਰਿਤਸਰ ਉਪਰ ਸਿੱਖ ਸੰਗਤਾਂ ਦਾ ਮੁੜ ਤੋਂ ਕਬਜ਼ਾ ਹੋਇਆ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਲੈ ਕੇ, ਭਾਵ ਕਿ 1604 ਈ. ਤੋਂ ਲੈ ਕੇ 1699 ਈ. ਤੱਕ, ਲਗਭਗ 95 ਸਾਲਾਂ ਤੱਕ, ਅੰਮ੍ਰਿਤਸਰ ਵਿਚ ਸਿੱਖਾਂ ਦੇ ਖਿਲਾਫ਼ ਮਾਹੌਲ ਬਣਿਆ ਰਿਹਾ ਸੀ। ਪਰ ਇਸ ਸਮੇਂ ਉਹ ਸਾਰੇ ਸਿੱਖ ਵਿਰੋਧੀ ਘਰਾਣੇ, ਜਿਨ੍ਹਾਂ ਵਿਚ ਹਿੰਦਾਲੀਏ, ਪ੍ਰਿਥੀ ਚੰਦ ਦੇ ਮਿਹਰਬਾਨੀਏ ਅਤੇ ਹੋਰ ਸੋਢੀ ਲੋਕ, ਪੂਰੇ ਆਰਾਮ ਨਾਲ ਅੰਮ੍ਰਿਤਸਰ ਵਿਚ ਰਹਿ ਰਹੇ ਸਨ। ਇਹ

ਸਭ ਹਕੂਮਤ ਨਾਲ ਮਿਲੇ ਹੋਏ ਸਨ। ਇਸ ਸਮੇਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਵੀ ਨਵੇਂ ਨਕਲੀ ਗ੍ਰੰਥ ਤਿਆਰ ਕੀਤੇ ਜਾਂਦੇ ਸਨ, ਨਵੀਆਂ ਨਕਲੀ ਬਾਣੀਆਂ ਵੀ ਤਿਆਰ ਕੀਤੀਆਂ ਜਾਂਦੀਆਂ ਸਨ। ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਮੁਕਾਬਲੇ ਤੇ ਬਰਾਬਰ ਦਾ ਜਨਮ-ਅਸਥਾਨ ਚਾਹਲਾਂਵਾਲਾ ਸਥਾਪਤ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਸਨ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਭਾਈ ਬਾਲੇ ਵਾਲੀ ਜਨਮਸਾਖੀ ਦੇ ਮੁਕਾਬਲੇ ਤੇ ਨਵੀਆਂ ਜਨਮਸਾਖੀਆਂ ਵੀ ਲਿਖੀਆਂ ਅਤੇ ਲਿਖਵਾਈਆਂ ਗਈਆਂ ਸਨ। ਮਿਹਰਬਾਨ ਨੇ ਆਪਣੀ ਜਨਮਸਾਖੀ ਇਸੇ ਸਮੇਂ ਤਿਆਰ ਕੀਤੀ ਸੀ। ਉਸ ਦੀ ਮ੍ਰਿਤੂ 1640 ਈ. ਵਿਚ ਹੋਈ ਸੀ ਅਤੇ ਉਸ ਦੀਆਂ ਰਚੀਆਂ ਸਾਖੀਆਂ 1650 ਵਿਚ ਬਾਕਾਇਦਾ ਜਨਮਸਾਖੀ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ ਸੀ। ਮਿਹਰਬਾਨ ਵਾਲੀ ਜਨਮਸਾਖੀ ਰਾਹੀਂ ਭਾਈ ਬਾਲੇ ਨੂੰ ਇਤਿਹਾਸ ਵਿਚੋਂ ਕੱਢ ਦਿੱਤਾ ਗਿਆ ਸੀ।

ਭਾਈ ਬਾਲੇ ਵਾਲੀ ਜਨਮਸਾਖੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਤਾਂ ਕਿ ਮਿਹਰਬਾਨ ਵਾਲੀ ਜਨਮਸਾਖੀ ਇਕੱਲੀ ਹੀ ਸਿੱਖ ਸੰਗਤਾਂ ਵਿਚ ਪ੍ਰਚੱਲਿਤ ਰਹੇ। ਖ਼ਤਮ ਕਰਨ ਦੇ ਨਾਲ-ਨਾਲ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਦੁਬਾਰਾ ਤੋਂ ਲਿਖਵਾਇਆ ਗਿਆ ਸੀ। ਇਉਂ ਇਸ ਵਿਚੋਂ ਬਹੁਤ ਸਾਰੀਆਂ ਸਾਖੀਆਂ ਕੱਢ ਦਿੱਤੀਆਂ ਗਈਆਂ ਸਨ ਅਤੇ ਬਹੁਤ ਸਾਰੀਆਂ ਹੋਰ ਪਾ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਭਾਈ ਬਾਲੇ ਵਾਲੀ ਜਨਮਸਾਖੀ ਦਾ ਮੂੰਹ-ਮੱਥਾ ਸਾਰਾ ਹੀ ਵਿਗਾੜ ਦਿੱਤਾ ਗਿਆ ਸੀ। ਹਿੰਦਾਲੀਆਂ ਦੇ ਹੱਕ ਦੀਆਂ ਅਤੇ ਗੁਰੂ ਨਾਨਕ ਸਾਹਿਬ ਦੇ ਕਿਰਦਾਰ ਨੂੰ ਖ਼ਰਾਬ ਕਰਨ ਵਾਲੀਆਂ ਸਾਖੀਆਂ ਪਾਈਆਂ ਗਈਆਂ ਸਨ। ਇਸ ਤਰ੍ਹਾਂ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਐਸੀ ਰਚਨਾ ਬਣਾ ਦਿੱਤਾ ਗਿਆ ਸੀ ਜਿਵੇਂ ਕਿ ਉਹ ਗੁਰੂ ਘਰ ਦੀ ਵਿਰੋਧੀ ਲਿਖਤ ਹੁੰਦੀ ਹੋਵੇ।

ਮਿਹਰਬਾਨ ਨੇ ਆਪਣੀ ਜਨਮਸਾਖੀ ਵਿਚ ਆਪਣੀ ਜਾਣਕਾਰੀ ਦਾ ਸਰੋਤ ਕੋਈ ਵੀ ਨਹੀਂ ਦੱਸਿਆ ਹਾਲਾਂਕਿ ਉਸ ਨੇ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਤਕਰੀਬਨ ਸੌ ਸਾਲਾਂ ਬਾਅਦ ਆਪਣੀ ਜਨਮਸਾਖੀ ਲਿਖੀ ਜਾਂ ਲਿਖਵਾਈ ਸੀ। ਪੁਰਾਤਨ ਜਨਮਸਾਖੀ ਵਿਚ ਨਾ ਕਿਸੇ ਲੇਖਕ ਦਾ ਨਾਂ ਦਿੱਤਾ ਹੈ ਅਤੇ ਨਾ ਹੀ ਲਿਖੇ ਜਾਣ ਵਾਲੇ ਸਮੇਂ ਬਾਰੇ ਦੱਸਿਆ ਗਿਆ ਹੈ। ਜਿਸ ਜਨਮਸਾਖੀ ਵਿਚ ਇਹ ਸਾਰੀ ਜਾਣਕਾਰੀ ਦਿੱਤੀ ਗਈ ਹੈ ਉਸ ਨੂੰ ਇਹ ਸ਼ਰਾਰਤੀ ਕਿਸਮ ਦੇ ਲੇਖਕ ਰੱਦ ਕਰ ਰਹੇ ਹਨ। ਇਸ ਲਈ ਭਾਈ ਬਾਲੇ ਵਾਲੀ ਹੀ ਇਕੋ-ਇਕ ਐਸੀ ਜਨਮਸਾਖੀ ਹੈ, ਜਿਹੜੀ ਬਾਕਾਇਦਾ ਗੁਰੂ ਘਰ ਵਲੋਂ ਲਿਖਵਾਈ ਗਈ ਸੀ। ਇਸ ਦੀ ਭੂਮਿਕਾ ਹੀ ਆਪਣੇ ਆਪ ਵਿਚ ਬੇਮਿਸਾਲ ਹੈ ਅਤੇ ਪਰਮਾਣੀਕ ਹੈ। ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ, ਗੁਰੂ ਨਾਨਕ ਦੇਵ ਜੀ ਦੇ ਪੱਕੇ ਸਾਥੀ ਭਾਈ ਬਾਲੇ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਤੇ ਗੁਰੂ ਘਰ ਦੇ ਹੀ ਅਨਿੰਨ ਸਿੱਖ ਭਾਈ ਪੈੜਾ ਮੋਖਾ ਵਲੋਂ ਲਿਖੀ ਜਾਣੀ ਆਪਣੇ-ਆਪ ਹੀ ਐਸੀ ਜਾਣਕਾਰੀ ਹੈ ਜਿਸ ਤੋਂ ਕਿਸੇ ਵੀ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹੋਰ ਕਿਹੜੀ ਲਿਖਤ ਜਾਂ ਜਨਮਸਾਖੀ ਹੈ ਜਿਸ ਵਿਚ ਇਤਨੀ ਵਿਸ਼ਵਾਸ ਕਰਨ ਯੋਗ ਅਤੇ ਪਰਮਾਣਿਕ ਜਾਣਕਾਰੀ ਦਿੱਤੀ ਗਈ ਹੋਵੇ? ਵਿਰੋਧੀਆਂ ਨੇ ਬੜੀ ਬੇਸ਼ਰਮੀ ਨਾਲ ਕਹਿ ਦਿੱਤਾ ਹੈ ਕਿ ਇਸ ਜਨਮਸਾਖੀ ਨੂੰ ਹਿੰਦਾਲੀਆਂ ਨੇ ਲਿਖਵਾਇਆ ਸੀ। ਕੀ ਹਿੰਦਾਲੀਏ ਆਪਣੀ ਲਿਖਤ ਨੂੰ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਅਤੇ ਭਾਈ ਬਾਲੇ ਦੀ ਜਾਣਕਾਰੀ ਅਨੁਸਾਰ ਲਿਖਦੇ ਸਨ? ਜੇਕਰ ਉਨ੍ਹਾਂ ਨੇ ਆਪਣੀ ਪ੍ਰਸੰਸਾ ਵਿਚ ਕੋਈ ਲਿਖਤ ਲਿਖਵਾਉਣੀ ਸੀ ਤਾਂ ਉਹ ਉਨ੍ਹਾਂ ਨੇ ਆਪ ਲਿਖਣੀ ਸੀ। ਕੀ ਕਦੇ ਕਿਸੇ ਵਿਰੋਧੀ ਸੰਪ੍ਰਦਾਇ ਵਾਲਿਆਂ ਨੇ ਦੂਜੀ ਸੰਪਰਦਾ ਦਾ ਨਾਂ ਵਰਤ ਕੇ ਕਦੇ ਕੋਈ ਲਿਖਤ ਆਪਣੀ ਲਿਖਤ ਦੇ ਤੌਰ ਤੇ ਲਿਖੀ ਹੈ? ਜਿਨ੍ਹਾਂ ਸਿੱਖ ਸਕਾਲਰਾਂ ਨੇ ਭਾਈ ਬਾਲੇ ਵਾਲੀ ਜਨਮਸਾਖੀ ਨਿੰਦਿਆ ਹੈ ਅਤੇ ਰੱਦ ਕੀਤਾ ਹੈ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦਾ ਵੀ ਅਪਮਾਨ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਦਾ ਵੀ। ਇਸ ਅਪਮਾਨ ਦੇ ਉਹ ਦੋਸ਼ੀ ਹਨ। ਉਨ੍ਹਾਂ ਦਾ ਇਹ ਦੋਸ਼ ਮੁਆਫ਼ ਕਰਨ ਯੋਗ ਨਹੀਂ ਹੈ। ਬੀਬੀ ਨਾਨਕੀ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚੋਂ ਹੀ ਕੱਢ ਦਿੱਤਾ ਹੈ, ਭਾਈ ਬਾਲੇ ਨੂੰ ਕੱਢ ਦਿੱਤਾ ਹੈ, ਖਰੇ ਸੌਦੇ ਵਾਲੀ ਵੀਹ ਰੁਪੱਈਆਂ ਵਾਲੀ ਸਾਖੀ ਨੂੰ ਕੱਢ ਦਿੱਤਾ ਹੈ। ਕਿੰਨਾ ਧਰੋਹ ਕਮਾਇਆ ਹੈ ਇਨ੍ਹਾਂ ਅਖਉਤੀ ਸਿੱਖ ਸਕਾਲਰਾਂ ਨੇ ਭਾਈ ਬਾਲੇ ਵਾਲੀ ਜਨਮਸਾਖੀ ਰੱਦ ਕਰਕੇ। ਬਿਨਾਂ ਸ਼ੱਕ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਪਿਛੋਂ ਮਿਲਾਵਟ ਹੋਈ ਹੈ ਪਰ ਭਾਈ ਬਾਲੇ ਵਾਲੀ ਜਨਮਸਾਖੀ ਇਤਿਹਾਸ ਦਾ ਇਕ ਤੱਥ ਹੈ। ਇਹ ਮਿਲਾਵਟ ਕਿਸੇ ਵਲੋਂ ਵੀ ਹੋ ਸਕਦੀ ਹੈ। ਜੇਕਰ ਭਾਈ ਬੰਨੋ ਵਰਗੇ ਲੋਕ ਮੁਕਾਬਲੇ ਦੀ ਬੀੜ ਤਿਆਰ ਕਰ ਸਕਦੇ ਸਨ ਤਾਂ ਕੋਈ ਦੁਸ਼ਟਬੋਧੀ ਲੋਕ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਵੀ ਮਿਲਾਵਟ ਕਰ ਸਕਦੇ ਸਨ। ਜਰੂਰਤ ਇਸ ਗੱਲ ਦੀ ਹੈ ਕਿ ਉਹ ਮਿਲਾਵਟੀ ਗੱਲਾਂ

ਬਾਹਰ ਕੱਢ ਕੇ ਭਾਈ ਬਾਲੇ ਵਾਲੀ ਜਨਮਸਾਖੀ ਸ਼ੁੱਧ ਰੂਪ ਵਿਚ ਲਿਖਣਾ ਚਾਹੀਦਾ ਸੀ ਜਿਸ ਤਰ੍ਹਾਂ ਭਾਈ ਦਿੱਤ ਸਿੰਘ ਗਿਆਨੀ ਨੇ 1896 ਈ. ਵਿਚ ਸ਼ੁੱਧ ਕਰਕੇ ਇਸ ਜਨਮਸਾਖੀ ਲਿਖਿਆ ਸੀ।

ਕੇਸਰ ਸਿੰਘ ਛਿੱਬਰ ਦੀ 'ਬੰਸਾਵਲੀਨਾਮਾ' ਵੀ ਭਾਈ ਬਾਲਾ ਵਾਲੀ ਜਨਮਸਾਖੀ ਵਾਲੇ ਅੰਸ਼ਾਂ ਦੀ ਤਰਜ਼ਮਾਨੀ ਕਰਦਾ ਹੈ। ਇਹ 1769 ਈ. ਦੀ ਲਿਖਤ ਹੈ। ਇਸ ਲਿਖਤ ਨੂੰ ਕੇਸਰ ਸਿੰਘ ਛਿੱਬਰ ਨੇ ਆਪਣੀ ਪੂਰੀ ਪਰੋੜ੍ਹ (ਬਜ਼ੁਰਗ) ਉਮਰ ਵਿਚ ਲਿਖਿਆ ਸੀ। ਇਸ ਸਮੇਂ ਉਸ ਦੀ ਉਮਰ 70 ਸਾਲ ਦੀ ਸੀ। ਇਹ ਵੀ ਕਿ ਛਿੱਬਰ ਦਾ ਸਮੁੱਚਾ ਪਰਿਵਾਰਕ ਪਿਛੋਕੜ ਕਈ ਪੀੜ੍ਹੀਆਂ ਤੋਂ ਨਾ ਸਿਰਫ ਗੁਰੂ ਸਾਹਿਬਾਨ ਨਾਲ ਸੰਬੰਧਤ ਹੀ ਤੁਰਿਆ ਆ ਰਿਹਾ ਸੀ ਸਗੋਂ ਉਸ ਦੇ ਬਜ਼ੁਰਗ ਗੁਰੂ-ਘਰ ਵਿੱਚ ਜਿੰਮੇਵਾਰ ਅਹੁਦਿਆਂ ਤੇ ਵੀ ਸਨ। ਉਹ ਸਾਰੇ ਵਹੀ-ਖਾਤੇ, ਕਾਗਜ਼-ਪੱਤਰ, ਹਿਸਾਬ-ਕਿਤਾਬ ਸਭ ਕੁਝ ਕੇਸਰ ਸਿੰਘ ਛਿੱਬਰ ਪਾਸ ਸੀ ਜਿਹੜੇ ਉਸ ਨੂੰ ਆਪਣੇ ਬਜ਼ੁਰਗਾਂ ਰਾਹੀਂ ਗੁਰੂ-ਘਰ ਵਿਚੋਂ ਪ੍ਰਾਪਤ ਹੋਏ ਸਨ। ਇੰਨੇ ਵੱਡੇ ਖਾਨਦਾਨੀ ਪਿਛੋਕੜ ਵਾਲਾ ਲੇਖਕ ਇੰਨੀ ਅਮੀਰ ਜਾਣਕਾਰੀ ਹਾਸਲ ਕਰ ਕੇ ਜੇਕਰ ਇਉਂ ਲਿਖਦਾ ਹੈ ਤਾਂ ਇਸ ਨੂੰ ਕਿਸੇ ਵੀ ਸੂਰਤ ਵਿਚ ਅਪਰਵਾਣ ਨਹੀਂ ਕੀਤਾ ਜਾ ਸਕਦਾ :

ਬਾਲਾ ਸੰਧੂ ਆਇਆ ਪੁਰਕਰਤਾਰ। ਉੱਥੇ ਸੁਣਿਆ ਜੇ ਵਸਤੁ ਲੈ ਗਿਆ ਕੋਈ ਕਿਰਾੜ।

ਬਾਲਾ ਸੰਧੂ ਨਾਉਂ ਸੁਣ ਕਰਿ ਢੂੰਡਣ ਚੜ੍ਹਿਆ। ਪੁਛਦੇ ਢੂੰਡਦੇ ਆਏ ਖਡੂਰੇ ਵੜਿਆ।

ਕਰ ਦੀਦਾਰ ਡਿਠਾ ਮਸਤਕੁ ਭਰਿਆ। ਮਹੀਨੇ ਗੁਜਰੇ ਚਾਰਿ ਪੰਜਵਾਂ ਸੀ ਚੜ੍ਹਿਆ।

ਗੁਰੂ ਅੰਗਦ ਜੀ ਬਾਲੇ ਪਾਸੋਂ ਸਾਰੀ ਹਕੀਕਤ ਬਾਬੇ ਦੀ ਲਈ।

ਜਨਮ ਪਤ੍ਰੀ ਕੀ ਖੋਜਨਾ ਕਰੀ।

ਬਾਲੇ ਤਲਵੰਡੀ ਪਠਾਇਆ। ਸੋ ਬਾਲਾ ਲਾਲ ਚੰਦੁ ਪਾਸ ਆਇਆ।

ਸੋ ਲਾਲ ਚੰਦੁ ਬਿਰਧ ਅਖੀਂ ਦਿਸੇ ਮੱਠਾ। ਤਿਨ ਕਹਿਆ ਭਾਈ ਬਾਲਾ ਜਨਮ ਪਤ੍ਰੀ ਕਾ ਕਾਗਤ ਚਿਰ ਹੋਏ ਮੈਂ ਡਿਠਾ।...

ਪਤ੍ਰੀ ਹਥ ਨਾ ਲਗੀ ਬਾਲਾ ਮੁੜ ਆਇਆ। ਇਕ ਟੇਵਾ ਜੇਹਾ ਹੱਥ ਆਇਆ।

ਉਸ ਉਪਰੋਂ ਸਭ ਉਤਾਰਾ ਕੀਤਾ। ਜਨਮਸਾਖੀ ਦਾ ਪੁਸਤਕ ਬਣਾਇ ਲੀਤਾ।

ਬਾਲੇ ਸਧੂ ਦੇ ਮਿਲਾਪ ਗੁਰੂ ਅੰਗਦ ਜਾਹਰ ਹੋਆ। ਸੰਗਤਾਂ ਲਗੀਆਂ ਆਵਣ ਖਬਰ ਹੋਈ ਤ੍ਰੈ ਲੋਆ।

ਕੇਸਰ ਸਿੰਘ ਛਿੱਬਰ ਜੈਸੇ ਗੁਰੂ-ਘਰ ਦੇ ਅਮੀਰ ਪਿਛੋਕੜ ਰੱਖਣ ਵਾਲੇ ਲੇਖਕ ਦੀ ਉਕਤ ਗੱਲ ਕਿਵੇਂ ਰੱਦ ਕੀਤਾ ਜਾ ਸਕਦਾ ਹੈ? ਉਪਰਲੇ ਕਥਨਾਂ ਵਿਚ ਕਿਹੜੀ ਐਸੀ ਗੱਲ ਹੈ ਜਿਸ ਨੂੰ ਕਾਲਪਨਿਕ ਜਾਂ ਮਿਥਿਹਾਸਕ ਕਿਹਾ ਜਾ ਸਕਦਾ ਹੋਵੇ? ਹਾਂ ਇਹ ਗੱਲ ਠੀਕ ਹੈ ਕਿ ਹਰ ਲੇਖਕ ਦੇ ਲਿਖਣ ਦਾ ਅਤੇ ਵਰਨਣ ਕਰਨ ਦਾ ਆਪਣਾ ਢੰਗ-ਤਰੀਕਾ ਅਤੇ ਆਪਣਾ ਨਜ਼ਰੀਆ ਹੁੰਦਾ ਹੈ। ਕੇਸਰ ਸਿੰਘ ਦਾ ਵੀ ਆਪਣਾ ਨਜ਼ਰੀਆ ਹੈ।

ਗਿਆਨੀ ਗਿਆਨ ਸਿੰਘ ਲੌਂਗੋਵਾਲ ਨਿਵਾਸੀ ਸਿੱਖ ਇਤਿਹਾਸ ਦੇ ਲਿਖਣ ਵਾਲੇ ਬਹੁਤ ਵੱਡੇ ਪਹਿਲੇ ਇਤਿਹਾਸਕਾਰ ਹੋਏ ਹਨ। ਉਨ੍ਹਾਂ ਨੇ ਆਪਣੀ ਮਸ਼ਹੂਰ ਰਚਨਾ ਸ੍ਰੀ ਗੁਰੂ ਪੰਥ ਪ੍ਰਕਾਸ਼ (ਪੰਥ ਪ੍ਰਕਾਸ਼) 1880 ਵਿਚ ਪਹਿਲੀ ਵਾਰ ਤੇ 1889 ਵਚ ਦੂਜੀ ਵਾਰ ਛਪਵਾਇਆ ਸੀ। ਇਸ ਵਿਚ ਸਿੱਖ ਇਤਿਹਾਸ ਦਾ ਸੰਪੂਰਣ ਬਿਰਤਾਂਤ ਹੈ। 1891 ਵਿਚ ਇਨ੍ਹਾਂ ਨੇ ਤਵਾਰੀਖ ਗੁਰੂ ਖਾਲਸਾ ਲਿਖੀ। ਪੰਥ ਪ੍ਰਕਾਸ਼ ਉੱਚ ਕੋਟੀ ਦੀ ਠੇਠ ਪੰਜਾਬੀ ਦੀ ਕਵਿਤਾ ਵਿਚ ਸੀ ਪਰ ਤਵਾਰੀਖ ਗੁਰੂ ਖਾਲਸਾ ਪੰਜਾਬੀ ਦੀ ਠੇਠ ਵਾਰਤਕ ਵਿਚ ਲਿਖੀ ਸੀ। ਇਸ ਵਿਚ ਗਿਆਨ ਸਿੰਘ ਲਿਖਦਾ ਹੈ: ਸੰ. 1598 ਬਿ. ਵਿਚ ਗੁਰੂ ਅੰਗਦ ਜੀ ਨੇ ਗੁਰਮੁਖੀ ਅੱਖਰ ਨਵੇਂ ਰਚ ਕੇ ਬਾਬੇ ਨਾਨਕ ਦੇ ਜੀਵਨ ਚਰਿਤ੍ਰ ਭਾਈ ਬਾਲੇ ਦੀ ਜ਼ੁਬਾਨੀ (ਜੋ ਹਮੇਸ਼ਾ ਬਾਬੇ ਦੇ ਨਾਲ ਰਹਯਾ ਸੀ) ਸੁਣ ਕੇ ਭਾਈ ਪੈੜੇ ਮੋਖੇ ਸਿੱਖ ਤੋਂ ਸੰ. 16 ਬਿ. (1543 ਈ.) ਲਿਖਵਾ ਕੇ ਬਾਬੇ ਦੀ ਜਨਮਸਾਖੀ ਨਾਮ ਰੱਖਯਾ ਜੋ ਹੁਣ ਪ੍ਰਚਾਰ ਹੋ ਰਹੀ ਹੈ।

ਭਾਈ ਬਾਲੇ ਵਾਲੀ ਜਨਮਸਾਖੀ ਬਾਰੇ ਖ਼ਜ਼ਾਨ ਸਿੰਘ ਵੀ ਆਪਣੀ ਰਾਇ ਪੇਸ਼ ਕਰਦਾ ਹੈ। ਖਜ਼ਾਨ ਸਿੰਘ ਨੇ ਆਪਣੀ ਪੁਸਤਕ ਦੇ ਦੋ ਚੈਪਟਰ, ਦੂਜਾ ਅਤੇ ਤੀਜਾ ਗੁਰੂ ਨਾਨਕ ਸਾਹਿਬ ਦੇ ਇਤਿਹਾਸਕ ਸਰੋਤਾਂ ਅਤੇ ਜਨਮ-ਮਿਤੀ ਬਾਰੇ ਹੀ ਦਿੱਤੇ ਹਨ। ਉਨ੍ਹਾਂ ਦਾ ਮਤ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀਆਂ ਜਿੰਮੇਵਾਰੀਆਂ ਸੰਭਾਲਦਿਆਂ ਹੀ ਭਾਈ ਬਾਲੇ ਕੋਲੋਂ ਸੁਣ ਕੇ ਅਤੇ ਭਾਈ ਪੈੜਾ ਮੋਖਾ ਦੁਆਰਾ ਲਿਖਵਾ ਕੇ ਸਿੱਖ ਸੰਗਤਾਂ ਵਾਸਤੇ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬਿਰਤਾਂਤ ਪੇਸ਼ ਕਰਨ ਲਈ ਇੱਕ ਜਨਮ-ਸਾਖੀ ਲਿਖਵਾਈ ਸੀ, ਜਿਸ ਨੇ ਸਿੱਖ ਸੰਗਤਾਂ ਲਈ ਬੜੀ ਵਧੀਆ ਅਤੇ ਪਰਮਾਣਿਕ ਜਾਣਕਾਰੀ ਮੁਹੱਈਆ ਕੀਤੀ ਸੀ। ਪਰ ਕੁਝ ਅਰਸੇ ਬਾਅਦ ਜਿਉਂ ਹੀ ਸਿੱਖ ਗੁਰੂ ਸਾਹਿਬਾਨ ਦੇ ਉਤਰਅਧਿਕਾਰੀਆਂ ਬਾਰੇ ਵਿਰੋਧੀ ਮੱਤ ਉਭਰਨੇ ਸ਼ੁਰੂ ਹੋਏ ਤਾਂ ਇਸ ਜਨਮਸਾਖੀ ਨੂੰ ਗੁਰੂ-ਘਰ ਦੇ ਵਿਰੋਧੀਆਂ (ਖਾਸ ਕਰ ਹਿੰਦਾਲੀਆਂ) ਵੱਲੋਂ ਵਿਗਾੜ ਕੇ ਪੇਸ਼ ਕੀਤਾ ਜਾਣ ਲੱਗ ਪਿਆ ਸੀ। ਇਉਂ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਗਈ ਜਨਮਸਾਖੀ ਵਿਰੋਧੀਆਂ ਦੇ ਹੱਥ ਲੱਗ ਕੇ ਉਸ ਦੇ ਅਸਲ ਤੋਂ ਵਿਗਾੜ ਦਿੱਤੀ ਗਈ ਸੀ। ਖ਼ਜ਼ਾਨ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਭਾਵੇਂ ਗੁਰੂ ਅਰਜਨ ਦੇਵ ਜੀ ਨੇ ਬੜੀ ਕੋਸ਼ਿਸ਼ ਕੀਤੀ ਸੀ ਕਿ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਗਈ ਜਨਮਸਾਖੀ ਫਿਰ ਤੋਂ ਸ਼ੁੱਧ ਕਰ ਕੇ ਲਿਖਾਇਆ ਜਾਵੇ ਪਰ ਸਾਡੇ ਪਾਸ ਇਹ ਕਾਪੀ ਵੀ ਨਹੀਂ ਰਹੀ ਸੀ।

ਉਪਰੋਕਤ ਵਿਚਾਰ ਚਰਚਾ ਦਾ ਸਿੱਟਾ ਇਹ ਹੈ ਕਿ ਗੁਰਮੁੱਖੀ ਦੇ ਤਕਰੀਬਨ ਸਾਰੇ ਹੀ ਮੁੱਢਲੇ ਸਰੋਤ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਕੋਲੋਂ ਸੁਣ ਕੇ ਅਤੇ ਭਾਈ ਪੈੜਾ ਮੋਖਾ ਕੋਲੋਂ ਲਿਖਵਾ ਕੇ ਗੁਰੂ ਨਾਨਕ ਦੇਵ ਜੀ ਦੀ ਇਕ ਜਨਮਸਾਖੀ ਤਿਆਰ ਕਰਵਾਈ ਸੀ। ਇਹ ਜਨਮਸਾਖੀ 'ਭਾਈ ਬਾਲੇ ਵਾਲੀ ਜਨਮਸਾਖੀ' ਦੇ ਨਾਂ ਨਾਲ ਮਸ਼ਹੂਰ ਹੋਈ ਸੀ। ਇਸ ਤਰ੍ਹਾਂ ਇਹ ਇੱਕ ਇਤਿਹਾਸਕ ਤੱਥ ਹੈ ਕਿ 'ਭਾਈ ਬਾਲੇ ਵਾਲੀ ਜਨਮਸਾਖੀ' ਸੀ। ਇਸ ਵਿਚ ਕੋਈ ਅੱਤਕਥਨੀ ਵੀ ਨਹੀਂ ਲਗ ਰਹੀ। ਇੱਥੋਂ ਤੱਕ ਕਿ ਉਹ ਸਰੋਤ ਵੀ ਭਾਈ ਬਾਲੇ ਵਾਲੀ ਜਨਮਸਾਖੀ ਦੀ ਹੋਂਦ ਮੰਨ ਰਹੇ ਹਨ ਜਿਹੜੇ ਗੁਰੂ ਜੀ ਦਾ ਜਨਮ ਵਿਸਾਖ ਸੁਦੀ ਤੀਜ ਦਾ ਲਿਖਦੇ ਹਨ ਜਿਵੇਂ ਕਿ ਸਰੂਪ ਦਾਸ ਭੱਲਾ ਦਾ ਮਹਿਮਾ ਪ੍ਰਕਾਸ਼ ਹੈ ਜਿਸ ਦਾ ਜਾਣਕਾਰੀ ਉਪਰ ਦਿੱਤੀ ਜਾ ਚੁੱਕੀ ਹੈ। ਹਾਂ ਇਸ ਗੱਲ ਮੰਨਣ ਵਿਚ ਕੋਈ ਵੀ ਝਿਜਕ ਨਹੀਂ ਹੈ ਕਿ ਇਸ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਘਰ ਦੇ ਵਿਰੋਧੀਆਂ ਨੇ ਆਪਣੀ ਮਨਮਰਜ਼ੀ ਦੀ ਮਿਲਾਵਟ ਵੀ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਵੀ ਇਹੋ ਗੱਲ ਹੀ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਦੀਆਂ ਅਨੇਕ ਜਨਮਸਾਖੀਆਂ ਵੇਖੀਆਂ ਜਾਂਦੀਆਂ ਹਨ, ਪਰ ਪ੍ਰਸਿੱਧ ਦੋ ਹਨ। ਇੱਕ ਭਾਈ ਬਾਲੇ ਵਾਲੀ, ਦੂਸਰੀ ਭਾਈ ਮਨੀ ਸਿੰਘ ਜੀ ਦੀ। ਭਾਈ ਬਾਲੇ ਵਾਲੀ ਜਨਮਸਾਖੀ ਦੀ ਇਤਿਹਾਸਕ ਮਹੱਤਤਾ ਹੈ।ਇਕ ਹੋਰ ਥਾਂ ਤੇ ਪ੍ਰੋ. ਕਿਰਪਾਲ ਸਿੰਘ ਨੇ ਲਿਖਿਆ ਹੈ, ਇਸ ਜਨਮਸਾਖੀ ਦੇ ਕਰਤਾ ਨੇ ਸਾਧਾਰਨ ਰਵਾਇਤਾਂ ਨਾਲ ਮਨੋਵਿਗਿਆਨਕ ਭਾਵਾਂ ਨੂੰ ਭਰਿਆ ਹੈ ਤੇ ਕਈਆਂ ਥਾਵਾਂ ਤੇ ਗੁਰੂ ਜੀ ਦੇ ਸੁਭਾ ਅਤੇ ਘਰੋਗੀ ਵਾਤਾਵਰਨ ਨੂੰ ਉਲੀਕਣ ਦਾ ਯਤਨ ਕੀਤਾ ਹੈ। ਸੁਲਤਾਨਪੁਰ ਗੁਰੂ ਨਾਨਕ ਸਾਹਿਬ ਦੇ ਘਰ ਸਾਧਾਂ-ਸੰਤਾਂ ਦਾ ਆਉਣਾ, ਗੁਰੂ ਜੀ ਦਾ ਦਾਨ-ਪੁੰਨ ਕਰਨ ਦਾ ਸੁਭਾ ਗੁਰੂ ਜੀ ਦੀ ਸੱਸ ਚੰਦੋ ਰਾਣੀ ਨੂੰ ਚੰਗਾ ਨਾ ਲੱਗਣਾ... ਨਾਨਕੀ ਜੀ ਦਾ ਸ੍ਰੀ ਚੰਦ ਨੂੰ ਆਪਣੇ ਕੋਲ ਰੱਖਣਾ ਅਤੇ ਲਮੀ ਦਾਸ ਨੂੰ ਨਾਨਕੇ ਭੇਜਣਾ...ਇਸ ਤਰ੍ਹਾਂ ਸਮਾਜਕ ਤੇ ਘਰੋਗੀ ਪੱਖ ਤੋਂ ਵੇਖਿਆਂ ਇਹ ਜਨਮਸਾਖੀ ਕਈਆਂ ਥਾਵਾਂ ਤੇ ਨਵੀਂ ਜਾਣਕਾਰੀ ਦਿੰਦੀ ਹੈ।

ਭਾਈ ਬਾਲੇ ਵਾਲੀ ਜਨਮਸਾਖੀ ਸਿੱਖ ਇਤਿਹਾਸ ਦੀ ਉਹ ਪਹਿਲੀ ਲਿਖਤ ਹੈ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ 1540 ਈ. ਵਿਚ ਆਪਣੀ ਹਜ਼ੂਰੀ ਵਿਚ ਅਤੇ ਆਪਣੇ ਆਦੇਸ਼ਾਂ ਅਨੁਸਾਰ ਭਾਈ ਬਾਲੇ ਪਾਸੋਂ ਸੁਣ ਕੇ ਅਤੇ ਭਾਈ ਪੈੜਾ ਜੀ ਪਾਸੋਂ ਲਿਖਵਾ ਕੇ ਤਿਆਰ ਕਰਵਾਇਆ ਸੀ। ਇਸ ਤਰ੍ਹਾਂ ਇਹ ਜਨਮਸਾਖੀ ਸਿੱਖ ਇਤਿਹਾਸ ਦਾ ਪਹਿਲਾ ਲਿਖਤੀ ਸਰੂਪ ਬਣਨ ਦਾ ਮਾਣ ਹਾਸਲ ਕਰ ਗਈ ਸੀ। ਭਾਈ ਬਾਲਾ ਜੀ ਸਾਡੇ ਸਿੱਖ ਇਤਿਹਾਸ ਦੇ ਉਹ ਮੌਖਿਕ ਸਰੋਤ ਹਨ, ਜਿਨ੍ਹਾਂ ਰਾਹੀਂ ਸੁਣਵਾਈਆਂ ਗਈਆਂ ਗੱਲਾਂ ਸਿੱਖ ਇਤਿਹਾਸ ਦਾ ਮੌਖਿਕ ਸਰੋਤ ਬਣ ਗਈਆਂ ਸਨ। ਭਾਈ ਪੈੜਾ ਜੀ ਸਾਡੀ ਇਸ ਪਹਿਲੀ ਲਿਖਤ ਦੇ ਲਿਖਾਰੀ ਹਨ। ਗੁਰੂ ਅੰਗਦ ਦੇਵ ਜੀ ਨੇ ਕਿ ਕਿੰਨਾ ਵੱਡਾ ਪਰਉਪਕਾਰ ਕੀਤਾ ਸੀ ਗੁਰਮੁਖੀ ਅੱਖਰਾਂ ਵਿਚ ਸਾਡੇ ਇਤਿਹਾਸ ਨੂੰ ਲਿਖਵਾ ਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ ਤਿੰਨ, ਸੰਮਤ ਪੰਦਰਾਂ ਸੌ ਛੱਬੀ (15 ਅਪ੍ਰੈਲ, 1469 ਈਸਵੀ) ਨੂੰ ਰਾਇ ਭੋਇ ਦੀ ਤਲਵੰਡੀ ਜਿਲ੍ਹਾ ਸ਼ੇਖੂਪੁਰਾ (ਪੱਛਮੀ ਪੰਜਾਬ) ਵਿੱਚ ਹੋਇਆ। ਇਹ ਸਥਾਨ ਅੱਜ ਕੱਲ

ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਜੀ ਸੀ। ਗੁਰੂ ਨਾਨਕ ਦੇਵ ਜੀ ਨੂੰ ਸੰਸਾਰਕ ਵਿੱਦਿਆ ਦਾ ਗਿਆਨ ਦੇਣ ਲਈ ਪੰਡਿਤ ਗੋਪਾਲ ਦਾਸ ਪਾਸੋਂ ਹਿੰਦੀ, ਬ੍ਰਿਜ, ਲਾਲ ਪੰਡਿਤ ਪਾਸੋਂ ਸੰਸਕ੍ਰਿਤ ਅਤੇ ਮੌਲਵੀ ਕੁਤਬਦੀਨ ਪਾਸੋਂ ਫ਼ਾਰਸੀ ਪੜ੍ਹਨ ਲਈ ਭੇਜਿਆ ਗਿਆ, ਪਰ ਸਾਰਿਆਂ ਨੂੰ ਆਪ ਜੀ ਦੀ ਰੂਹਾਨੀ ਅਤੇ ਅਦੁੱਤੀ ਸ਼ਖ਼ਸੀਅਤ ਨੇ ਬਹੁਤ ਪ੍ਰਭਾਵਿਤ ਕੀਤਾ। ਜੂਨ 1488 ਈਸਵੀ ਨੂੰ ਆਪ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਸਮਾਂ ਪਾ ਕੇ ਆਪ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਵਿੱਚੋਂ ਵੱਡੇ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪ੍ਰਦਾਇ ਦੀ ਨੀਂਹ ਰੱਖੀ ਅਤੇ ਛੋਟੇ ਲਖਮੀ ਦਾਸ ਨੇ ਸੰਸਾਰਕ ਜੀਵਨ-ਧਾਰਾ ਵਿੱਚ ਵਿਚਰਦਿਆਂ ਆਪ ਜੀ ਦੀ ਪੀੜ੍ਹੀ ਨੂੰ ਅੱਗੇ ਤੋਰਿਆ। ਗੁਰੂ ਜੀ ਦੇ ਜੀਵਨ ਵਿੱਚ ਉਨ੍ਹਾਂ ਦੁਆਰਾ ਕੀਤੀਆਂ ਪੰਜ ਉਦਾਸੀਆਂ ਨੂੰ ਇਸ ਹਥਲੇ ਖੋਜ-ਨਿਬੰਧ ਵਿਚ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਗੁਰੂ ਨਨਾਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜਨਮਸਾਖੀਆਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਉਦਾਸੀਆਂ ਨੂੰ ਵੀ ਜ਼ਿਹਨ ਵਿਚ ਰੱਖਿਆ ਜਾਵੇ।

ਆਪ ਨੇ ਲਗਭਗ 22 ਸਾਲ ਹਿੰਦੋਸਤਾਨ ਤੇ ਇਸ ਤੋਂ ਬਾਹਰ ਦੇ ਕੁਝ ਦੇਸ਼ਾਂ ਦਾ ਭ੍ਰਮਣ ਕੀਤਾ। ਇਨ੍ਹਾਂ ਉਦਾਸੀਆਂ ਜਾਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਅਨੇਕਾਂ ਪੰਡਿਤਾਂ, ਮੌਲਵੀਆਂ, ਜੋਗੀਆਂ, ਸਾਧੂਆਂ, ਪਾਖੰਡੀਆਂ, ਠੱਗਾਂ, ਚੋਰਾਂ, ਰਾਕਸ਼ਾਂ, ਸੰਨਿਆਸੀਆਂ, ਵੱਖ-ਵੱਖ ਧਰਮਾਂ ਦੇ ਆਗੂਆਂ ਆਦਿ ਨੂੰ ਮਿਲੇ। ਇਨ੍ਹਾਂ ਨਾਲ ਗੁਰੂ ਸਾਹਿਬ ਨੇ ਸੰਵਾਦ ਰਚਾਇਆ ਅਤੇ ਧਰਮ, ਦਰਸ਼ਨ ਆਦਿ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਸ਼ੰਕਿਆਂ ਨੂੰ ਨਿਰਵਿਰਤ ਕਰਨ ਦੀ ਕੋਸ਼ਿਸ਼ ਕੀਤੀ।

### ਪਹਿਲੀ ਉਦਾਸੀ (1508-1515) ਦੇ ਆਖ਼ੀਰ ਤੱਕ

ਪਹਿਲੀ ਉਦਾਸੀ 1508 ਤੋਂ ਲੈ ਕੇ 1515 ਈ. ਤੱਕ ਮੰਨੀ ਜਾਂਦੀ ਹੈ। ਇਸ ਉਦਾਸੀ ਵਿੱਚ ਗੁਰੂ ਜੀ ਨੇ ਕੁਰੂਕਸ਼ੇਤਰ, ਕਰਨਾਲ, ਪਾਣੀਪਤ, ਹਰਿਦੁਆਰ, ਦਿੱਲੀ, ਬ੍ਰਿੰਦਾਬਨ, ਗੋਰਖਮਤਾ, ਅਯੁੱਧਿਆ, ਲਖਨਊ, ਬਨਾਰਸ, ਕਾਸ਼ੀ, ਪ੍ਰਯਾਗ, ਗਯਾ, ਜਗਨਨਾਥ ਪੁਰੀ, ਕਾਮਰੂਪ, ਢੂਬਰੀ, ਲੁਸ਼ਾਰੀ ਅਤੇ ਆਸਾਮ ਵਿੱਚ ਨਾਗਾ ਪਹਾੜੀਆਂ, ਬਿੰਦੀਆਂ ਪਹਾੜ, ਮੱਧ-ਪ੍ਰਦੇਸ਼ ਅਤੇ ਰਾਜਪੂਤਾਨਾ ਆਦਿ ਸਥਾਨਾਂ ਦਾ ਭ੍ਰਮਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਹੋਣਾ ਜਦੋਂ ਪੂਰੀ ਦੁਨੀਆਂ ਤੇ ਜ਼ੁਲਮ ਦਾ ਪਾਸਾਰਾ ਸੀ, ਹਰ ਪਾਸੇ ਅੱਤਿਆਚਾਰ ਹੋ ਰਹੇ ਹਨ, ਉਸ ਸਮੇਂ ਸਮਾਜ ਦੀ ਆਰਥਿਕ, ਸਮਾਜਿਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਵਿਗੜੇ ਹੋਏ ਸਨ। ਉਸ ਸਮੇਂ ਸੰਸਾਰ ਨੂੰ ਅਜਿਹੀ ਰੂਹ ਦੀ ਲੋੜ ਸੀ ਜੋ ਇਸ ਭੈੜੇ ਹਾਲਾਤਾਂ ਤੋਂ ਮਨੁੱਖ ਨੂੰ ਬਾਹਰ ਕੱਢ ਸਕੇ। ਉਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਸਮੁੱਚੀ ਸ੍ਰਿਸ਼ਟੀ ਲਈ ਵਰਦਾਨ ਸਾਬਿਤ ਹੋਇਆ। ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਤਾਂ ਪੁਰੇ ਦੇਸ਼ ਵਿਚ ਖੁਸ਼ੀਆਂ ਦਾ ਮੀਂਹ ਵਰ੍ਹਿਆ। ਚਾਰੇ ਪਾਸੇ ਇਸ ਤਰ੍ਹਾਂ ਰੌਸ਼ਨ ਹੋਇਆ ਕਿ ਪੂਰੀ ਦੁਨੀਆਂ ਰੌਸ਼ਨੀ ਪ੍ਰਦਾਨ ਕੀਤੀ। ਸਾਖੀਆਂ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਦੋਂ ਸੁੱਕੇ ਪਤੇ ਹਰੇ ਹੋਏ, ਜਿੱਥੇ ਕਦੇ ਵਾਰਿਸ਼ ਨਹੀਂ ਹੋਈ ਉੱਤੇ ਵਾਰਿਸ਼ ਹੋਈ, ਪੂਰੀ ਸ੍ਰਿਸ਼ਟੀ ਦੇ ਜੀਵ ਜੰਤੂ ਅਤੇ ਦੇਵੀ ਦੇਵਤੇ ਵੀ ਗੁਰੂ ਨਾਨਕ ਦੇਵ ਜੀ ਨੂੰ ਨਤਮਤਕ ਹੋਏ।

### ਦੂਜੀ ਉਦਾਸੀ

ਦੂਜੀ ਉਦਾਸੀ ਦੱਖਣ ਵੱਲ 1517 ਈਸਵੀ ਦੇ ਸਮੇਂ ਦੌਰਾਨ ਸ਼ੁਰੂ ਹੁੰਦੀ ਹੈ। ਇਹ ਉਦਾਸੀ ਲੰਕਾ ਅਤੇ ਜੈਨੀਆਂ ਦੇ ਧਰਮ ਅਸਥਾਨਾਂ ਨਾਲ ਸੰਬੰਧਿਤ ਮੰਨੀ ਜਾਂਦੀ ਹੈ। ਇਸ ਦੌਰਾਨ ਗੁਰੂ ਜੀ ਨੇ ਸਰਸਾ, ਬੀਕਾਨੇਰ, ਅਜਮੇਰ, ਪੁਸ਼ਕਰ, ਆਬੂ, ਉਜੈਨ, ਬਿਦਰ, ਬਲਦਾਨਾ, ਮੁਲਾਪੁਰ, ਸਰੀਗਾਪਟਨਮ, ਤਨਜੋਰ, ਤ੍ਰਿਚਨਾਪਲੀ, ਸੇਤਭੰਗ, ਕੰਪਕਾਮਰਨ, ਸਿਆਲਕੋਟ, ਜੰਮੂ, ਉਜੈਨ ਪੁਰ, ਸੋਮਨਾਥ, ਮੁਲਤਾਨ, ਸੁਲਤਾਨਪੁਰ , ਕਰਤਾਰਪੁਰ ਆਦਿ ਭਿੰਨ ਭਿੰਨ ਇਲਾਕਿਆਂ ਵਿਚ ਪ੍ਰਵੇਸ਼ ਕੀਤਾ ਤੇ ਮਨੁੱਖਤਾ ਦਾ ਚਾਨਣ ਵੰਡਿਆ। ਸੰਨ 1517 ਦੇ ਸ਼ਰਾਧ ਸਤੰਬਰ ਨੂੰ ਸ਼ੁਰੂ ਹੋਏ ਅਤੇ ਸਤੰਬਰ ਨੂੰ ਹੀ ਖ਼ਤਮ ਹੋਏ ਜਿਸ ਤੋਂ ਬਾਅਦ ਨੌਰਾਤਿਆਂ ਦਾ ਸਮਾਂ ਸ਼ੁਰੂ ਹੋਇਆ ਤੇ ਵੈਸ਼ਨੋ ਮਾਤਾ ਦੇ ਸ਼ਰਧਾਲੂ ਨੇ ਚਾਲੇ ਪਾਏ। ਤਾਂ ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਵੈਸ਼ਨੋ ਦੇਵੀ ਜਾ ਰਹੇ ਸ਼ਰਧਾਲੂਆਂ ਨੂੰ ਵੀ

ਪਰਮਾਤਮਾ ਦੀ ਭਗਤੀ ਤੇ ਰਾਹ ਤੇ ਤੋਰਨਾ ਬਹੁਤ ਜ਼ਰੂਰੀ ਹੈ। ਇਸ ਲਈ 1517 ਈ. ਨੂੰ ਗੁਰੂ ਸਾਹਿਬ ਜੀ ਮਰਦਾਨਾ ਜੀ ਨੂੰ ਲੈ ਕੇ ਵੈਸ਼ਨੋ ਦੇਵੀ ਦੇ ਪਹਾੜ ਵੱਲ ਤੁਰ ਪਏ।

### ਸਿਆਲਕੋਟ ਦੀ ਯਾਤਰਾ

ਸਿਆਲਕੋਟ ਸ਼ਹਿਰ ਕਰਤਾਰਪੁਰ ਤੋਂ 50 ਮੀਲ ਉੱਤਰ ਵੱਲ ਸਥਿਤ ਹੈ ਜਿੱਥੋਂ ਪਹਾੜੀ ਨਦੀ, ਐਕ ਇਸ ਸ਼ਹਿਰ ਦੇ ਦੱਖਣ ਵੱਲ ਨਾਲ-ਨਾਲ ਹੋ ਕੇ ਲੰਘਦੀ ਹੈ। ਗੁਰੂ ਸਾਹਿਬ ਜੀ ਮਰਦਾਨੇ ਨੂੰ ਨਾਲ ਲੈ ਕੇ ਇਸ ਨਦੀ ਤੋਂ ਦੱਖਣ ਵੱਲ ਅੱਧ ਕੁ ਮੀਲ ਇੱਕ ਬੇਰੀ ਦੇ ਕੋਲ ਰੁੱਕ ਗਏ ਉੱਥੇ ਉਨ੍ਹਾਂ ਦੇਖਿਆ ਕਿ ਸਿਆਲਕੋਟ ਦੇ ਲੋਕ ਬੜੇ ਘਬਰਾਏ ਹੋਏ ਸਨ। ਗੁਰੂ ਸਾਹਿਬ ਦੇ ਪੁੱਛਣ ਤੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਉੱਥੇ ਇੱਕ ਪੀਰ ਹਮਾਜ਼ਾ ਗੋਸ਼ ਰਹਿੰਦਾ ਸੀ। ਇੱਕ ਹਿੰਦੂ ਦੇ ਘਰ ਕੋਈ ਸੰਤਾਨ ਨਹੀਂ ਸੀ ਉਸਨੇ ਪਰਿ ਕੋਲ ਜਾ ਕੇ ਫਰਿਆਦ ਕੀਤੀ, ਜੇ ਤੁਹਾਡੀ ਦਇਆ ਨਾਲ ਮੇਰੇ ਘਰ ਸੰਤਾਨ ਹੋ ਜਾਵੇ ਤਾਂ ਮੈਂ ਪਹਿਲੀ ਔਲਾਦ ਤੁਹਾਡੇ ਦਰ ਤੇ ਹਾਜ਼ਰ ਕਰਾਂਗਾ। ਪਰਮਾਤਮਾ ਦੀ ਰਜ਼ਾ ਦੇਖੋ ਕਿ ਉਸ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਪਰੰਤੂ ਉਹ ਆਪਣਾ ਵਾਅਦਾ ਭੁੱਲ ਗਿਆ। ਜਦੋਂ ਪੀਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਬਹੁਤ ਗੁੱਸੇ ਹੋਇਆ ਤੇ ਉਸ ਨੇ ਪੂਰੇ ਸ਼ਹਿਰ ਨੂੰ ਗਰਕ ਭਾਵ ਤਬਾਹ ਕਰਨ ਦਾ ਮਨ ਬਣਾ ਲਿਆ। ਉਸ ਨੇ ਇੱਕ ਗਵੰਜ ਬਣਾਇਆ ਤੇ ਸਿਆਲਕੋਟ ਨੂੰ ਤਬਾਹ ਕਰਨ ਲਈ 40 ਦਿਨਾਂ ਦਾ ਵਰਤ ਰੱਖਣ ਨੂੰ ਕਿਹਾ। ਜਦੋਂ ਗੁਰੂ ਜੀ ਰੱਬ ਦੀ ਸਿਫ਼ਤ ਸਲਾਹ ਕਰਦਿਆਂ ਬਾਣੀ ਦਾ ਉਚਾਰਨ ਕੀਤਾ ਤਾਂ ਪੀਰ ਡੋਲ ਗਿਆ ਫਿਰ ਗੁਰੂ ਸਾਹਿਬ ਨੇ ਪੀਰ ਨੂੰ ਸਮਝਾਇਆ ਕਿ ਪਿਤਾ ਕਦੇ ਵੀ ਆਪਣੇ ਬੱਚਿਆਂ ਦੀ ਤਬਾਹੀ ਨਹੀਂ ਚਾਹੁੰਦਾ। "ਪੀਰ ਦੀ ਇਹ ਤਸੱਲੀ ਕਰਨ ਲਈ ਕਿ ਇਹ ਸਾਰਾ ਸ਼ਹਿਰ ਝੂਠਿਆਂ ਦਾ ਨਹੀਂ, ਗੁਰੂ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਕਿਹਾ ਕਿ ਸ਼ਹਿਰ ਵਿਚੋਂ ਇੱਕ ਪੈਸੇ ਦਾ ਸੱਚ ਤੇ ਇੱਕ ਪੇਸੇ ਦਾ ਝੂਠ ਖਰੀਦ ਲਿਆ। ਕਈ ਦੁਕਾਨਾਂ ਤੋਂ ਪੁੱਛਦਾ ਮਰਦਾਨਾ ਇੱਕ ਮੂਲਾ ਨਾਂ ਦੇ ਦੁਕਾਨਦਾਰ ਕੋਲ ਗਿਆ, ਮੂਲਾ ਨੇ ਭਾਈ ਮਰਦਾਨੇ ਨੂੰ ਇੱਕ ਕਾਗਜ਼ ਉੱਤੇ ਲਿਖ ਦਿੱਤਾ 'ਮਰਨਾ ਸੱਚ ਜਿਊਣਾ ਝੂਠ' ਗੁਰੂ ਜੀ ਦੀ ਸਿੱਖਿਆ ਨਾਲ ਪੀਰ ਹਮਜ਼ਾ ਗੋਸ਼ ਦੀ ਅਕਲ ਟਿਕਾਣੇ ਆਈ ਉਸ ਨੇ ਸਾਰੇ ਸ਼ਹਿਰ ਨੂੰ ਗਰਕ ਕਰਨ ਵਾਲੀ ਗੱਲ ਤੋਂ ਤੋਬਾ ਕੀਤੀ।"ਜਿਸ ਬੇਰੀ ਹੇਠ ਗੁਰੂ ਜੀ ਬੈਠੇ ਸਨ ਅੱਜ ਕੱਲ ਉੱਥੇ ਬਾਉਲੀ ਸਾਹਿਬ ਨਾਂ ਦਾ ਗੁਰੁਦੁਆਰਾ ਬਣਿਆ ਹੋਇਆ ਹੈ।

### ਜੰਮੂ ਦੀ ਯਾਤਰਾ

ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਮਨੁੱਖਤਾ ਦਾ ਅਤੇ ਵਹਿਮ ਭਰਮਾਂ ਵਿਚੋਂ ਨਿਕਲਣ ਦਾ ਪਾਠ ਪੜਾਉਂਦੇ ਹੋਏ ਜੰਮੂ ਵਿਖੇ ਪਹੁੰਚੇ। ਇਹ ਸਥਾਨ ਸਿਆਲਕੋਟ ਤੋਂ 25 ਮੀਲ ਉੱਤਰ ਵੱਲ ਸਥਿਤ ਹੈ। ਇਸ ਸ਼ਹਿਰ ਵਿਚ ਬਹੁਤ ਸਾਰੇ ਮੰਦਰ ਬਣੇ ਹਨ। ਸਭ ਤੋਂ ਜਿਆਦਾ ਮਸ਼ਹੂਰ ਰਘੁਨਾਥ ਦਾ ਮੰਦਰ ਹੈ। ਇਸ ਮੰਦਰ ਵਿਚ ਸ੍ਰੀ ਰਾਮ ਚੰਦਰ ਦੀ ਮੂਰਤੀ ਬਣੀ ਹੈ। ਵੈਸ਼ਨੋ ਦੇਵੀ ਦੀ ਯਾਤਰਾ ਕਰਨ ਵਾਲੇ ਭਗਤ ਇਸ ਮੰਦਰ ਵਿਚ ਹੀ ਪ੍ਰਵੇਸ਼ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ ਉੱਤੇ ਵੀ ਲੋਕਾਂ ਦੇ ਮਨਾਂ ਵਿਚ ਬੈਠੇ ਵਹਿਮ ਭਰਮ ਤੇ ਰੱਬ ਨੂੰ ਪਾਉਣਾ ਵਾਲਾ ਪਾਖੰਡਵਾਦ ਵਾਲ ਰਸਤੇ ਦਾ ਖ਼ਾਤਮਾ ਕਰਨ ਲਈ, ਆਪਣੀ ਮਧੁਰ ਬਾਣੀ ਤੇ ਤਾਰਕਿਕ ਦਲੀਲਾਂ ਦਾ ਸੰਵਾਦ ਰਚਾਇਆ।

### ਮੰਦਰ ਵੈਸ਼ਨੋ ਦੇਵੀ

ਗੁਰੂ ਨਾਨਕ ਦੇਵ ਜੀ ਜੰਮੂ ਤੋਂ ਬਾਅਦ ਵੈਸ਼ਨੋ ਦੇਵੀ ਦੇ ਦਰਸ਼ਨ ਨੂੰ ਜਾਂਦੇ ਸ਼ਰਧਾਲੂਆਂ ਨੂੰ ਸੱਚ ਦਾ ਉਪਦੇਸ਼ ਦੇਣ ਲਈ ਵੈਸ਼ਨੋ ਦੇਵੀ ਦੇ ਮੰਦਰ ਜਾਂਦੇ ਹਨ। ਇੱਥੇ ਗੁਰੂ ਨਾਨਕ ਦੇਵ ਜੀ ਨੇ ਸ਼ਰਧਾਲੂਆਂ ਨੂੰ ਮੂਰਤੀ ਪੂਜਾ ਨਾ ਕਰਨ ਦਾ ਉਪਦੇਸ਼ ਦਿੱਤਾ।

### ਅਮਰਨਾਥ

ਵੈਸ਼ਨੋ ਦੇਵੀ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਅੱਗੇ ਵਧੇ। ਰਸਤੇ ਵਿਚ ਵੈਰੀ ਨਾਗ, ਕੁੱਕੜ ਨਾਗ, ਅਨੰਤ ਨਾਗ ਆਦਿ ਚਸ਼ਮੇ ਆਉਂਦੇ ਹਨ। ਅਮਰਨਾਥ ਗੁਫਾ ਵਿਚ ਸ਼ਿਵ ਨੇ ਭਗਤੀ ਕੀਤੀ ਹੈ। ਸ਼ਰਧਾਲੂ ਸ਼ਿਵ ਲਿੰਗ ਦੀ ਪੂਜਾ ਕਰਦੇ ਤੇ ਇਸ ਉੱਤੇ ਦੁੱਧ ਆਦਿ ਪਾਉਂਦੇ। "ਗੁਰੂ ਜੀ ਨੇ ਯਾਤਰੂਆਂ ਨੂੰ ਅਜਿਹੀਆਂ ਕਾਲਪਿਤ ਮੂਰਤੀਆਂ ਦੀ

ਪੂਜਾ ਵਲੋਂ ਹਟਾ ਕੇ, ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ। ਗੁਰੂ ਜੀ ਦੇ ਇਸ ਪਾਸੇ ਆਉਣ ਦੀ ਯਾਦ ਵਿਚ, ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦਾ ਨਾਂ ਮਟਨ ਸਾਹਿਬ ਹੈ। ਇਸੇ ਹੀ ਇਲਾਕੇ ਵਿਚ ਗੁਰੂ ਜੀ ਨੇ ਇੱਕ ਬ੍ਰਾਹਮਣ ਬ੍ਰਹਮਦਾਸ ਨੂੰ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ ਸੀ। ਗੁਰੂ ਜੀ ਨੇ ਉਸ ਨੂੰ ਸਿੱਖ ਧਰਮ ਦੀ ਸਿੱਖਿਆ ਦ੍ਰਿੜ ਕਰਾ ਕੇ ਉਸ ਇਲਾਕੇ ਦਾ ਪ੍ਰਚਾਰਕ ਬਣਾ ਦਿੱਤਾ।" ਗੁਰੂ ਨਾਨਕ ਦੇਵ ਜੀ ਨੇ ਮਨੁੱਖ ਜਾਤੀ ਲਈ ਸਰਬਤ ਦੇ ਭਲੇ ਵਾਲੇ ਸੰਕਲਪ ਨੂੰ ਵਿਹਾਰਿਕਤਾ ਵਿਚ ਢਾਲਿਆ।

### ਸਿੱਧ ਮੰਡਲੀ ਸੁਮੇਰ ਪਰਬਤ ਉੱਤੇ

ਅਮਰਨਾਥ ਮੰਦਰ ਦੀ ਪਰਬਤ ਧਾਰਾ ਤੋਂ ਅਗਲੀ ਉੱਚੀ ਧਾਰਾ ਸੁਮੇਰ ਪਰਬਤ ਆਖਦੇ ਹਨ। ਸੁਮੇਰ ਪਰਬਤ ਦੇ ਇੱਕ ਹਿੱਸੇ ਦਾ ਨਾਂ ਕੈਲਾਸ਼ ਪਰਬਤ ਹੈ। ਕੈਲਾਸ਼ ਤਿੱਬਤ ਤੇ ਪੱਛਮ ਵੱਲ ਅਤੇ ਮਾਨ ਸਰੋਵਰ ਦੇ ਉੱਤਰ ਵੱਲ ਹੈ। "ਚੀਨੀ ਲੋਕ ਇਸ ਪਹਾੜ ਨੂੰ 'ਕਯੂਨਲੁਟ' ਆਖਦੇ ਹਨ। ਜਦੋਂ ਗੁਰੂ ਜੀ ਸੁਮੇਰ ਪਰਬਤ ਪਹੁੰਚੇ ਤਾਂ ਸਿੱਧਾਂ ਦੀ ਇੱਕ ਮੰਡਲੀ ਨਾਲ ਉਨ੍ਹਾਂ ਦਾ ਮੇਲ ਹੋਇਆ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜਗਤ ਅਖਾੜੇ ਵਿਚ ਨਿਰਲੇਪ ਟਿਕੇ ਰਹਿ ਕੇ, ਕੁਰਾਹੇ ਜਾ ਰਹੇ ਬੰਦਿਆਂ ਦੀ ਅਗਵਾਈ ਕਰਨੀ ਸਹੀ ਰਸਤਾ ਹੈ। ਸਿੱਧਾਂ ਨੇ ਗੁਰੂ ਜੀ ਨੂੰ ਚਸ਼ਮੇ ਤੋਂ ਪਾਣੀ ਲੈਣ ਲਈ ਭੇਜਿਆ ਅਤੇ ਉਨ੍ਹਾਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਹੀ, ਆਪਣੀ ਆਤਮਕ ਸ਼ਕਤੀ ਨਾਲ, ਪਾਣੀ ਦੀ ਥਾਂ ਉੱਥੇ ਹੀਰੇ ਲਾਲ ਰਤਨ ਬਣਾ ਦਿੱਤੇ। ਗੁਰੂ ਜੀ ਨੇ ਉਨ੍ਹਾਂ ਵੱਲ ਤੱਕਿਆ ਵੀ ਨਹੀਂ। ਖੱਪਰ ਖਾਲੀ ਲੈ ਕੇ ਵਾਪਸ ਆ ਗਏ ਅਤੇ ਆਖਿਆ, ਉੱਥੇ ਪਾਣੀ ਨਹੀਂ ਹੈ। ਇਹ ਉਤਰ ਰਿੱਧੀਆਂ ਸਿੱਧੀਆਂ ਦੇ ਹੰਕਾਰਾਂ ਉੱਤੇ ਤਕੜੀ ਚਪੇੜ ਸੀ ਸਿੱਧ ਠਿੱਠ ਹੋ ਗਏ। ਫਿਰ ਸਿੱਧਾਂ ਨੇ ਕੁੱਝ ਸ਼ਾਸਤ੍ਰਾਰਥ ਕੀਤਾ ਪਰ ਉਸ ਵਿਚ ਵੀ ਉਹ ਨਿਰੁੱਤਰ ਹੋਏ।"ਇਸ ਤਰ੍ਹਾਂ ਗੁਰੂ ਜੀ ਨੇ ਸਿੱਧਾਂ ਨੂੰ ਇਨਸਾਨੀਅਤ ਦਾ ਪਾਠ ਪੜ੍ਹਾ ਕੇ ਹੰਕਾਰ ਤੇ ਹਊਮੇ ਨੂੰ ਤਿਆਗਣ ਦਾ ਉਪਦੇਸ਼ ਦਿੱਤਾ।

### ਤੀਜੀ ਉਦਾਸੀ

ਤੀਜੀ ਉਦਾਸੀ ਦੌਰਾਨ ਗੁਰੂ ਜੀ ਨੇ ਸਿੱਧਾਂ ਤੇ ਯੋਗੀਆਂ ਨੂੰ ਉਪਦੇਸ਼ ਦੇ ਕੇ ਸੱਚ ਦੇ ਮਾਰਗ ਤੇ ਤੋਰਿਆ। ਗੁਰੂ ਸਾਹਿਬ ਨੇ ਸਿੱਧਾਂ-ਯੋਗੀਆਂ ਦੇ ਪ੍ਰਸਿੱਧ ਸਥਾਨਾਂ ਜਿਵੇਂ ਸੁਮੇਰ ਪਰਬਤ ਅਤੇ ਅਚੱਲ ਦੀ ਯਾਤਰਾ ਕੀਤੀ। ਉਥੋਂ ਤਿੱਬਤ ਹੁੰਦੇ ਹੋਏ ਚੀਨ ਤੱਕ ਦੀ ਯਾਤਰਾ ਕੀਤੀ ਮੰਨੀ ਜਾਂਦੀ ਹੈ ਅਤੇ ਵਾਪਸੀ ਦਾ ਲੱਦਾਖ, ਕਸ਼ਮੀਰ, ਰਿਆਧੀ ਅਤੇ ਜੰਮੂ ਰਸਤੇ ਕੀਤਾ। ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਵਿਚ ਅਨੇਕਾਂ ਸਥਾਨਾਂ ਦੀ ਯਾਤਰਾ ਕੀਤੀ। ਦੂਜੀ ਉਦਾਸੀ ਤੋਂ ਬਾਅਦ ਵਿਚ ਗੁਰੂ ਜੀ ਤੀਜੀ ਉਦਾਸੀ ਵੱਲ ਵਧੇ।

### ਪਾਕਪਟਨ

ਸੰਨ 1518 ਈ. ਵਿਚ ਵਰਖਾ ਰੁੱਤ ਲੰਘਣ ਤੋਂ ਬਾਅਦ ਭਾਈ ਮਰਦਾਨੇ ਸਮੇਤ, ਮਾਝੇ ਵਿਚ ਦੀ ਹੁੰਦੇ ਹੋਏ ਪਾਕ ਪਟਨ ਪਹੁੰਚੇ। "ਜਦੋਂ ਗੁਰੂ ਜੀ ਪਾਕਪਟਨ ਗਏ ਸਨ ਉਦੋਂ ਫਰੀਦ ਜੀ ਦੀ ਗੱਦੀ ਉਤੇ ਉਨ੍ਹਾਂ ਦੇ ਖਾਨਦਾਨ ਵਿਚੋਂ 11ਵਾਂ ਥਾਂ ਸ਼ੇਖ ਬ੍ਰਹਮ ਬੈਠਾ ਹੋਇਆ ਸੀ। ਸਰਹੰਦ ਵਿਚ ਉਨ੍ਹਾਂ ਦਾ ਮਕਬਰਾ ਹੈ। ਗੁਰੂ ਜੀ ਨੇ ਸ਼ੇਖ ਬ੍ਰਹਮ ਪਾਸੋ ਹੀ, ਬਾਬਾ ਫ਼ਰੀਦ ਜੀ ਦੀ ਬਾਣੀ ਹਾਸਿਲ ਕੀਤੀ ਸੀ। ਬਾਬਾ ਫਰੀਦ ਜੀ ਦੇ ਨਾਂ ਨਾਲ ਲਫ਼ਜ਼ ਸ਼ਕਰਗੰਜ ਵਰਤਦੇ ਸਨ। ਬਾਬਾ ਫਰੀਦ ਜੀ ਦੇ ਜੀਵਨ ਵਿਚ ਇੰਨੀ ਖਿੱਚ ਤੇ ਮਿਠਾਸ ਸੀ ਕਿ ਉਨ੍ਹਾਂ ਕੋਲ ਬੈਠਣ ਵਾਲਿਆਂ ਨੂੰ ਠੰਢ ਪੈਂਦੀ ਸੀ। ਉਨ੍ਹਾਂ ਦੇ ਜੀਵਨ ਦੀ ਛੂਹ ਨਾਲ ਲੱਖਾਂ ਨੂੰ ਜ਼ਿੰਦਗੀ ਦਾ ਰਾਹ ਲੱਭਾ।"ਗੁਰੂ ਜੀ ਨੇ ਪਾਕਪਟਨ ਸ਼ਹਿਰ ਵਿਚ ਵੀ ਮਨੁੱਖ ਜਾਤੀ ਨੂੰ ਮਨੁੱਖਤਾ ਦਾ ਪਾਠ ਪੜਾਇਆ ਅਤੇ ਉਨ੍ਹਾਂ ਨੂੰ ਸੱਚ ਦੇ ਰਸਤੇ ਵੱਲ ਤੋਰਿਆ।

### ਕੁਲੂ ਦੇ ਰਾਜ ਵਿਚ ਜਾਣਾ

ਇੱਥੋਂ ਚੱਲ ਕੇ ਗੁਰੂ ਸਾਹਿਬ ਜੀ ਨੇ ਮੰਡੀ ਵਾਲੇ ਰਾਜੇ ਨੂੰ ਪੱਥਰ ਦੀ ਪੂਜਾ ਕਰਨ ਤੋਂ ਹਟਾਇਆ ਤੇ ਉਸ ਨੂੰ ਪ੍ਰਭੂ ਦੀ ਭਗਤੀ ਨਾਲ ਜੋੜਿਆ। "ਕੁਲੂ ਦੇ ਰਾਜ ਵਿਚ ਬਿਜਲੀਆਂ ਮਹਾਂਦੇਵ ਨੂੰ ਜਾ ਡਿੱਠਾ ਇਥੋਂ ਦੇ ਵਸਨੀਕ ਗਦੀ ਲੋਕਾਂ ਨੂੰ ਸਤ ਮਾਰਗ ਤੇ ਲਾਉਂਦੇ ਹੋਏ ਮਨੀਕਰਨ ਦਾ ਤੀਰਥ ਇਥੇ ਪੰਜ ਕੁੰਡ ਹਨ ਜਿਨ੍ਹਾਂ ਵਿਚੋਂ ਇੱਕ ਤੱਤਾ ਤੇ ਚਾਰ ਠੰਡੇ। ਇੱਕ ਮਨੀਕਰਨ ਦੋ ਰਾਮ ਕੁੰਡ ਤਿੰਨ ਲਛਮਣ ਕੁੰਡ ਇੱਕ ਸੀਤਾ ਕੁੰਡ ਪੰਜ ਹੰਨੂਮਾਨ ਕੁੰਡ ਤੇ ਪੰਡਿਆਂ ਦੇ ਰੰਗ

ਢੰਗ ਜਾ ਡਿਠੇ ਤੇ ਅਨੇਕਾਂ ਜੀਵਾਂ ਦਾ ਕਲਿਆਣ ਕੀਤਾ।"ਗੁਰੂ ਜੀ ਨੇ ਕੁਲੂ ਦੇ ਰਾਜੇ ਨੂੰ ਪੱਥਰ ਪੂਜਣ ਛੱਡ ਕੇ ਸੱਚ ਦਾ ਮਾਰਗ ਅਪਨਾਉਣ ਦਾ ਉਪਦੇਸ਼ ਦਿੱਤਾ।

### ਬਦਰੀ ਨਾਰਾਇਣ ਪਹੁੰਚਣਾ

ਗੁਰੂ ਨਾਨਕ ਦੇਵ ਜੀ ਤੀਜੀ ਉਦਾਸੀ ਦੌਰਾਨ ਬਦਰੀ ਨਾਰਾਇਣ ਵਿਖੇ ਪਹੁੰਚੇ। ਇਸ ਜਗ੍ਹਾ ਦੇ ਵਸਨੀਕ ਪੱਥਰ ਪੂਜਾ ਤੇ ਦੇਵੀ ਤਾਕਤਾਂ ਵਿਚ ਵੱਧ ਯਕੀਨ ਰੱਖਦੇ ਸਨ ਤੇ ਕਰਾਮਾਤੀ ਅੰਸ਼ਾਂ ਤੋਂ ਬਹੁਤ ਪ੍ਰਭਾਵਿਤ ਸਨ। ਗੁਰੂ ਨਾਨਕ ਦੇਵ ਜੀ ਪਹਾੜ ਦੀ ਰਾਜਧਾਨੀ ਸ੍ਰੀ ਨਗਰ ਵਿਚ ਗਏ ਤਦ ਉਸ ਜਗ੍ਹਾ ਦਾ ਰਾਜਾ ਅਮਰਸ਼ਾਹ ਬਹੁਤ ਸਾਰੇ ਲੋਕਾਂ ਸਣੇ ਬਾਬਾ ਜੀ ਦੇ ਕੋਲ ਆਇਆ। "ਬਾਬਾ ਜੀ ਨੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਭਗਤੀ ਕਰਨ ਲਾਇਆ ਤੇ ਗੰਧ ਮਾਂਦਨ ਪਰਬਤ ਤੋਂ ਜੇਠ ਸੰਮਤ 1574 ਬਿ. ਨੂੰ ਬਦਰੀ ਨਾਥ ਜਾ ਬਿਰਾਜੇ ਤਦ ਉਸ ਥਾਂ ਦਾ ਮਹੰਤ ਦਰਾਵੜ ਕੁੱਲ ਦਾ ਬ੍ਰਾਹਮਣ ਤੇ ਹੋਰ ਪਾਂਡੇ ਬਾਬਾ ਜੀ ਪਾਸ ਆਏ ਤੇ ਆਖਣ ਲਗੇ ਇਹ ਨਰਾਇਣ ਦੀ ਮੂਰਤੀ ਸਤਜੁਗ ਦੇ ਵੇਲੇ ਦੀ ਹੈ ਜੋ ਜੈਨੀ ਲੋਕਾਂ ਨੇ ਗੰਗਾਂ ਵਿਚ ਬੇਅਦਬੀ ਕਰਕੇ ਸੁੱਟ ਦਿੱਤੀ ਸੀ। ਫਿਰ ਸ਼ੰਕਰਾਚਾਰਯ ਨੇ ਸਥਾਪਨਾ ਕੀਤੀ ਸੀ। ਤਾਂ ਬਾਬਾ ਜੀ ਨੇ ਇਹ ਸ਼ਬਦ 'ਜਲ ਥਲ ਮਹੀਅਲ ਪੂਰਿਆ ਸਵਾਮੀ ਸਿਰਜਨਹਾਰ॥ ਅਨਿਕ ਭਾਂਤ ਹੋਇਆ ਪਸਰਿਆ ਨਾਨਕ ਏਕੰਕਾਰ॥" ਉਚਾਰਿਆ। ਗੁਰੂ ਜੀ ਦੀ ਇਸ ਮਹਿਮਾਂ ਨਾਲ ਉੱਥੇ ਦੇ ਵਸਨੀਕ ਬਹੁਤ ਜਿਆਦਾ ਪ੍ਰਭਾਵਿਤ ਹੋਏ।

### ਅਯੁੱਧਿਆ ਵਿਚ ਪਹੁੰਚਣਾ

ਗੁਰੂ ਨਾਨਕ ਦੇਵ ਜੀ ਅਨੇਕਾਂ ਸਥਾਨਾਂ ਦੀ ਯਤਾਰਾ ਕਰਦੇ ਹੋਏ ਅਯੁੱਧਿਆ ਵਿਖੇ ਪਹੁੰਚੇ। ਇੱਥੋਂ ਦੇ ਵਸਨੀਕ ਮੂਰਤੀ ਪੂਜਾ ਵਿਚ ਜਿਆਦਾ ਯਕੀਨ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ "ਉੱਥੋਂ ਦੇ ਲੋਕਾਂ ਨੂੰ ਵਿਹਾਰ ਆਦਿਕਾਂ ਦੀ ਪੂਜਾ ਬਦਲੇ ਗਲ਼ਾਂ ਵਿਚ ਪੱਥਰ ਦੀਆਂ ਮੂਰਤਾਂ ਬੰਨ੍ਹੀ ਫਿਰਦੇ ਵੇਖ ਕੇ ਸੱਚ ਮਾਰਗ ਦਾ ਉਪਦੇਸ਼ ਕੀਤਾ ਤੇ ਅਕਾਲ ਪੁਰਖ ਵੱਲ ਜੋੜਿਆ ਤੇ ਆਪ ਗੋਮਤੀ ਗੰਡਕਾ ਤੋਂ ਪਾਰ ਲੰਘ ਕੇ ਨੀਮ ਖਾਰ ਤੀਰਥ ਪਾਸ ਭਾਰਤ ਦੇ ਤਲਾਉ ਨੂੰ ਵੇਖ ਕੇ ਅਯੁੱਧਿਆ ਸ਼ਹਿਰ ਬਸਿਸਟ ਮੁਨੀ ਦੇ ਆਸ਼ਰਮ ਪਾਸ ਜਾ ਬਿਰਾਜੇ।"ਇੱਥੇ ਗੁਰੂ ਨਾਨਕ ਜੀ ਨੇ ਮਰਦਾਨੇ ਨਾਲ ਸ਼ਬਦ ਗਾਇਨ ਕੀਤਾ। ਇਸ ਸ਼ਬਦ ਦੀਆਂ ਧੁਨਾਂ ਨੇ ਉਥੋਂ ਦੇ ਵਸਨੀਕਾਂ ਨੂੰ ਸੱਚ ਦਾ ਮਾਰਗ ਦਿਖਾਇਆ।

### ਖਟਮੰਡੂ ਸ਼ਹਿਰ ਪੁੱਜਣਾ

ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੌਰਾਨ ਅਨੇਕਾਂ ਸ਼ਹਿਰਾਂ ਵਿਚ ਗਏ। ਵੱਖ ਵੱਖ ਸਥਾਨਾਂ ਵਿਖੇ ਪਹੁੰਚਣ ਦੇ ਨਾਲ ਨਾਲ ਗੁਰੂ ਜੀ ਖਟਮੰਡੂ ਸ਼ਹਿਰ ਵਿਖੇ ਵੀ ਗਏ। ਭਾਈ ਸੰਤੋਖ ਸਿੰਘ ਦੀ ਰਚਨਾ ਸੂਰਜ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਨੇਕਾਂ ਯਾਤਰਵਾਂ ਨੂੰ ਕਲਮਬੱਧ ਕੀਤਾ ਗਿਆ ਹੈ। ਉਸ ਰਚਨਾ ਵਿਚ ਹੀ ਦਰਜ਼ ਹੈ ਕਿ ਗੁਰੂ ਨਾਨਕ ਦੇਵ ਜੀ ਖਟਮੰਡੂ ਸ਼ਹਿਰ ਵਿਖੇ ਵੀ ਗਏ ਸਨ। "ਇਥੇ ਵੀ ਅਨੇਕ ਹੀ ਸਾਧਾਂ ਜੋਗੀਆਂ ਤੇ ਬੈਰਾਗੀਆਂ ਨੇ ਚਰਚਾ ਕੀਤੀ ਪਰ ਸਭ ਨੂੰ ਗੁਰੂ ਜੀ ਦੇ ਪੈਰ ਹੀ ਚੁੰਮਣੇ ਪਏ, ਉੱਥੋਂ ਦਾ ਰਾਜਾ ਮਹਾਂ ਰਣਬੀਰ ਸਿੰਘ ਬਹੁਰ ਸਾਰੇ ਲੋਕਾਂ ਸਮੇਤ ਗੁਰੂ ਜੀ ਦਾ ਪ੍ਰੇਮੀ ਬਣ ਗਿਆ ਤੇ ਗੁਰੂ ਜੀ ਦੀ ਦਇਆ ਦ੍ਰਿਸ਼ਟੀ ਨਾਲ ਰਾਜੇ ਦੇ ਘਰ ਦੋ ਪੁੱਤਰ ਹੋਏ। ਇਸੇ ਕਰਕੇ ਨੇਪਾਲ ਦੇ ਇਲਾਕੇ ਵਿਚ ਵੀ ਗੁਰੂ ਘਰ ਦੇ ਸਿੱਖ ਸੰਗਤਾਂ ਦੀ ਇਜ਼ਤ ਕਦਰ ਬਹੁਤ ਹੁੰਦੀ ਹੈ।"ਇਸ ਤਰ੍ਹਾਂ ਗੁਰੂ ਜੀ ਨੇ ਖਟਮੰਡੂ ਸ਼ਹਿਰ ਵਿਚ ਵੀ ਸੰਗਤਾਂ ਨੂੰ ਸੱਚ ਦੇ ਮਾਰਗ ਨਾਲ ਜੋੜਿਆ।

### ਪਖੋਕੇ ਪੁੱਜਣਾ

ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੌਰਾਨ ਅਲੱਗ ਅੱਲਗ ਥਾਵਾਂ ਤੇ ਗਏ। ਇਸ ਯਾਤਰਾ ਦੌਰਾਨ ਉਹ ਪੱਖੋਕੇ ਵਿਖੇ ਵੀ ਪਹੁੰਚੇ। ਇੱਥੇ ਰੰਧਾਵਾਂ ਨਾਂ ਦਾ ਗੁਰਸਿੱਖ ਗੁਰੂ ਜੀ ਕੋਲ ਆਇਆ। ਇੱਥੇ ਹੀ ਬਾਬਾ ਜੀ ਦੇ ਪੁੱਤਰ ਲੱਖਮੀ ਚੰਦ ਦਾ ਵਿਆਹ ਨਾਨਕੇ ਘਰ ਹੀ ਮੂਲ ਚੰਦ ਨੇ ਕੀਤਾ ਸੀ ਇਸ ਲਈ ਸੁਲੱਖਣੀ ਜੀ ਵੀ ਇੱਥੇ ਹੀ ਸਨ। ਗੁਰੂ ਸਾਹਿਬ ਜੀ ਦਾ ਸਾਰਾ ਪਰਿਵਾਰ ਇੱਥੇ ਹੀ ਆਇਆ ਹੋਇਆ ਸੀ। ਮਾਤਾ ਸੁਲੱਖਣੀ ਜੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਹੁਣ ਸਾਰੇ ਤੀਰਥ ਹੋ ਗਏ ਚਲੋ ਹੁਣ ਕਰਤਾਰਪੁਰ ਚੱਲੀਏ। ਬੀਬੀ ਨਾਨਕੀ ਜੋ ਆਪਣੇ ਭਤੀਜਿਆਂ

ਦੀ ਦੇਖ ਭਾਲ ਕਰਦੀ ਸੀ ਹੁਣ ਉਹ ਵੀ ਤੁਰ ਗਈ ਹੈ। ਗੁਰੂ ਜੀ ਨੇ ਇਹ ਅਰਜੋਈ ਸੁਣ ਕੇ ਬੀਬੀ ਸੁਲੱਖਣੀ ਜੀ ਨੂੰ ਕਿਹਾ, "ਜਾਉ ਘਰ ਜਾ ਕੇ ਸਾਰੇ ਪਰਿਵਾਰ ਨੂੰ ਆਪਣੀ ਨੂੰਹ ਸਣੇ ਤਿਆਰ ਕਰ ਲਉ ਪਰਸੋਂ ਕਰਤਾਰ ਪੁਰ ਚੱਲਾਂਗੇ ਜਾਂ ਤੀਜਾ ਦਿਨ ਆਇਆ ਤਾਂ ਅਜਿਤੇ ਨੇ ਵੇਲਾ ਤਾੜ ਕੇ ਬੇਨਤੀ ਕੀਤੀ ਕਿ ਮਹਾਰਾਜ ! ਬਥੇਰਾ ਦੇਸ ਫਿਰ ਚੁਕੇ ਹੋ। ਹੁਣ ਤਾਂ ਬੈਠੋ। ਜੋ ਅਸੀਂ ਸ਼ਬਦ ਸੁਣ ਕੇ ਜਨਮ ਸਫਲਾ ਕਰੀਏ।" ਇੱਥੇ ਹੀ ਗੁਰੂ ਜੀ ਕੋਲ ਭਾਈ ਬਾਲਾ ਜੀ ਵੀ ਪਹੁੰਚ ਗਏ ਸਨ ਜਿਨ੍ਹਾਂ ਨੇ ਕਰਤਾਰਪੁਰ ਜਾਣ ਦੀ ਤਿਆਰੀ ਵਿਚ ਹੱਥ ਵਟਾਇਆ।

### ਕਰਤਾਰਪੁਰ ਪੁੱਜਣਾ

ਪਖੋਕੇ ਤੋਂ ਬਾਅਦ ਗੁਰੂ ਜੀ ਕਰਤਾਰਪੁਰ ਵੱਲ ਰਵਾਨਾ ਹੋਏ। "ਭਾਈ ਅਜਿਤੇ ਰੰਧਾਵੇ ਦੇ ਦੋ ਗੱਡੇ ਆਪਣੇ ਘਰ ਤਿਆਰ ਕਰਕੇ ਇਕ ਤਾਂ ਕਣਕ ਦਾ ਭਰ ਲਿਆ ਤੇ ਦੂਜੇ ਵਿਚ ਗੁਰੂ ਜੀ ਦਾ ਸਾਰਾ ਪਰਿਵਾਰ ਚੜ੍ਹਾ ਕੇ 1 ਮੱਘਰ ਸੰ. 1575 ਬਿ. ਨੂੰ ਕਰਤਾਰਪੁਰ ਪੁੱਜੇ।" ਗੁਰੂ ਜੀ ਦੇ ਆਉਣ ਦੀ ਖ਼ਬਰ ਪਾ ਕੇ ਸਿੱਖ ਸੰਗਤਾਂ ਹੁਮ ਹੁਮਾ ਕੇ ਪਹੁੰਚੀਆਂ। ਗੁਰੂ ਜੀ ਨੇ ਆਪਣੇ ਕੋਲ ਆਈਆਂ ਸੰਗਤਾਂ ਨੂੰ ਬਾਣੀ ਸਰੂਪ ਨਾਲ ਜੋੜਿਆ ਤੇ ਸੱਚ ਦੇ ਰਸਤੇ ਚੱਲਣ ਲਈ ਪ੍ਰੇਰਿਆ। "ਇਸ ਤਰ੍ਹਾਂ ਪੰਡਤ ਬਹੁਤ ਸਾਰੇ ਵਿਦਿਆਰਥੀਆਂ ਸਣੇ ਕਸ਼ਮੀਰ ਨੂੰ ਜਾਂਦਾ ਹੋਇਆ ਗੁਰੂ ਜੀ ਦਾ ਜਸ ਸੁਣ ਕੇ ਆ ਗਿਆ ਤੇ ਸੁਚਤਾ ਦਾ ਖਿਆਲ ਕਰਕੇ ਲੰਗਰ ਤੋਂ ਪ੍ਰਸ਼ਾਦ ਨਾ ਛਕਿਆ। ਸੁਕਾ ਸੀਧਾ ਲਿਆ ਜਦ ਜਮੀਨ ਪੁੱਟ ਕੇ ਚੁੱਲ੍ਹਾ ਬਣਾਉਣ ਲੱਗਾ ਤਾਂ ਹੇਠੋਂ ਹੱਡੀਆਂ ਨਿਕਲੀਆਂ। ਇਸੇ ਤਰ੍ਹਾਂ ਜਦ ਕਈ ਥਾਵਾਂ ਤੋਂ ਇਸੇ ਤਰ੍ਹਾਂ ਹੋਇਆ ਤਾਂ ਹੈਰਾਨ ਹੋ ਕੇ ਗੁਰੂ ਜੀ ਦੇ ਚਰਨੀਂ ਡਿਗਾ ਤੇ ਲੰਗਰ ਚੋਂ ਪ੍ਰਸ਼ਾਦ ਛੱਕ ਕੇ ਸਿਦਕੀ ਸਿੱਖ ਬਣਿਆ।"ਇਸ ਤਰ੍ਹਾਂ ਗੁਰੂ ਜੀ ਨੇ ਕਰਤਾਰ ਪੁਰ ਵਿਖੇ ਵੀ ਸੰਗਤਾਂ ਨੂੰ ਪਰਮਾਤਮਾ ਨਾਲ ਜੋੜਿਆ।

### ਚੌਥੀ ਉਦਾਸੀ

ਚੌਥੀ ਉਦਾਸੀ ਗੁਰੂ ਨਾਨਕ ਦੇਵ ਜੀ ਨੇ ਪੱਛਮ ਵੱਲ ਕੀਤੀ। ਇਸ ਸਮੇਂ ਦੌਰਾਨ ਗੁਰੂ ਜੀ ਈਰਾਨ, ਅਫ਼ਗਾਨਿਸਤਾਨ, ਬਗਦਾਦ ਅਤੇ ਮੱਕਾ-ਮਦੀਨਾ ਆਦਿ ਥਾਵਾਂ ਉੱਤੇ ਗਏ। ਇਸ ਉਦਾਸੀ ਵਿਚ ਗੁਰੂ ਜੀ ਨੇ ਇਸਲਾਮੀ ਪਰੰਪਰਾ ਵਿਚ ਪੈਦਾ ਹੋਏ ਦੋਸ਼ਾਂ ਨੂੰ ਦੂਰ ਕਰਨ ਦਾ ਦ੍ਰਿੜ ਸੰਕਲਪ ਲਿਆ। ਗੁਰੂ ਜੀ ਨੇ ਈਰਾਨ ਅਫ਼ਗਾਨਿਸਤਾਨ ਤੋਂ ਇਲਾਵਾ ਤਲਵੰਡੀ, ਡੇਰਾ ਇਸਮਾਲ ਖਾਂ, ਕਾਬੇ ਆਦਿ ਸਥਾਨਾਂ ਉੱਤੇ ਵੀ ਪ੍ਰਵੇਸ਼ ਕੀਤਾ ਤੇ ਇੱਥੋਂ ਦੀ ਲੋਕਾਈ ਨੂੰ ਵੀ ਸੱਚ ਦੇ ਮਾਰਗ ਤੇ ਤੋਰਿਆ।

### ਤਲਵੰਡੀ ਪੁੱਜਣਾ

ਭਾਈ ਸੰਤੋਖ ਸਿੰਘ ਦੀ ਰਚਨਾ ਸੂਰਜ ਪ੍ਰਕਾਸ਼ ਮੁਤਾਬਿਕ ਗੁਰੂ ਜੀ ਚੌਥੀ ਉਦਾਸੀ ਲਈ ਸਭ ਤੋਂ ਪਹਿਲਾਂ ਤਲਵੰਡੀ ਗਏ। ਇੱਥੇ ਪੁੱਜ ਕੇ ਗੁਰੂ ਜੀ ਨੇ ਪਰਮਾਤਮਾ ਦੀ ਭਗਤੀ ਨਾਲ ਮਨੁੱਖ ਜਾਤੀ ਨੂੰ ਜੋੜਿਆ ਤੇ ਉਨ੍ਹਾਂ ਵਿਚ ਮਨੁੱਖਤਾ ਦੇ ਸੁਨੇਹੇ ਨੂੰ ਪਸਾਰਿਆ। ਗੁਰੂ ਜੀ ਨੇ ਇੱਥੇ ਆਪਣੇ ਪਰਿਵਾਰਕ ਮਸਲਿਆਂ ਨੂੰ ਨਜਿੱਠਣ ਦੇ ਨਾਲ ਨਾਲ ਸਤਿ ਦਾ ਉਪਦੇਸ਼ ਨੂੰ ਵੀ ਜਨ ਸਧਾਰਨ ਤੱਕ ਪਹੁੰਚਾਇਆ। "ਇਨ੍ਹਾਂ ਹੀ ਦਿਨਾਂ ਵਿਚ 13 ਚੇਤ ਸੰ. 1576 ਬਿ. ਵਾਲੇ ਦਿਨ ਮਾਤਾ ਤ੍ਰਿਪਤਾ ਜੀ ਬੜੀ ਖੁਸ਼ੀ ਆਪਣੇ ਈਸ਼ਵਰ ਸਰੂਪ ਪੁੱਤਰ ਤੇ ਪੋਤਰਿਆਂ ਨਾਲ ਬਚਨ ਬਿਲਾਸ ਕਰਦੀ ਕਰਦੀ ਜਿਸ ਤਰ੍ਹਾਂ ਇਕ ਜੋਗੀ ਸਮਾਧੀ ਸਥਿਤ ਹੋ ਜਾਂਦਾ ਹੈ। ਜਰਾ ਕੁ ਦੋ ਦਿਨ ਤੋਂ ਤਪ ਦੀ ਹਕੀਕਤ ਤੇ ਬਿਰਧ ਸਰੀਰ ਹੋਣ ਕਰਕੇ ਪਲੰਘ ਉਤੇ ਦਿਤਾ। ਉਸ ਵੇਲੇ ਭਾਈ ਮਰਦਾਨੇ ਨੇ ਕੀਰਤਨ ਆਰੰਭ ਕਰ ਦਿਤਾ ਤੇ ਸਾਰੀ ਸੰਗਤ ਨੇ ਬਾਹਰ ਸਸਕਾਰ ਕਰਕੇ ਤੀਜੇ ਦਿਨ ਨੂੰ ਜਦ ਸਾਰੀ ਬਿਭੂਤਾ ਉਠਾ ਕੇ ਗੁਰੂ ਜੀ ਨੇ ਰਾਵੀ ਦੇ ਪਾਣੀ ਵਿਚ ਪਾਉਣ ਦੀ ਆਗਿਆ ਭਾਈ ਬਾਲੇ ਨੂੰ ਕੀਤੀ ਤਾਂ ਉਸ ਦਿਨ ਸਵੇਰ ਵੇਲੇ ਮਹਿਤਾ ਕਾਲੂ ਜੀ ਨੇ ਵੀ ਜਦ ਦਾਤਨ ਕੁਰਲਾ ਕੀਤਾ ਤੇ ਸਾਰੇ ਪਰਿਵਾਰ ਵਿਚ ਬੈਠ ਕੇ ਬਚਨ ਬਿਲਾਸ ਕਰਨ ਲੱਗੇ ਜੋ ਇਸ ਤਰ੍ਹਾਂ ਜਾਪਦਾ ਸੀ ਕਿ ਘਰ ਤੋਂ ਕਿਤੇ ਬਾਹਰ ਚਲੇ ਹਨ ਤੇ ਪਿਛੋਂ ਆਪਣੇ ਪਰਿਵਾਰ ਨੂੰ ਘਰ ਦੀ ਸੰਭਾਲ ਕਰ ਰਹੇ ਹਨ ਇਨ੍ਹਾਂ ਗੱਲਾਂ ਵਿਚ ਵੀ ਗੁਰੂ ਜੀ ਨੂੰ ਆਖਣ ਲੱਗੇ ਅਛਾ ਹੁਣ ਤਿਆਰੀ ਹੈ ਭਾਈ ਬਾਲੇ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਜਦ ਭੋਗ ਪਿਆ ਤਾਂ ਮਹਿਤਾ ਜੀ ਸੀਸ ਨਿਵਾਇਆ ਪਰ ਜਦ ਸੀਸ ਮੁੜ ਕੇ ਉਤੇ ਨਾ ਹੋਇਆ ਤਾਂ ਗੁਰੂ ਜੀ ਨੇ ਆਖਿਆ ਕਿ ਭਾਈ ਤਿਆਰ ਹੋ ਕੇ ਸਸਕਾਰ ਕਰੋ ਤੇ ਸਾਡੇ ਮਾਤਾ ਪਿਤਾ ਦੀ ਬਿਭੂਤ ਨਦੀ ਵਿਚ ਅਜੋ ਹੀ ਸਿਵਾ ਠੰਢਾ ਪਾ ਆਓ।"ਇਸ ਤਰ੍ਹਾਂ ਗੁਰੂ ਜੀ ਗ੍ਰਹਿਸਥੀ ਜੀਵਨ ਵਿਚ ਰਹਿੰਦਿਆਂ ਹੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ ਤੇ ਅਸਲ ਜ਼ਿੰਦਗੀ ਨਾਲ ਵੀ ਜੁੜੇ ਹੋਏ ਸਨ।

### ਡੇਰਾ ਇਸਮਾਈਲ ਖਾਂ ਪੁਜਣਾ

ਤਲਵੰਡੀ ਤੋਂ ਬਾਅਦ ਗੁਰੂ ਜੀ ਡੇਰਾ ਇਸਮਾਈਲ ਖਾਂ ਵਿਖੇ ਗਏ। ਇੱਥੇ ਗੁਰੂ ਜੀ ਨੇ ਬਿਗੜੀ ਹੋਈ ਸਮਾਜਿਕ ਦਸ਼ਾ ਨੂੰ ਭਾਂਪਦਿਆ ਸੰਗਤਾਂ ਨੂੰ ਸੱਚ ਨਾਲ ਜਾਣੂ ਕਰਵਾਇਆ। "ਡੇਰਾ ਇਸਮਾਲ ਖਾਂ ਦੇ ਇਲਾਕੇ ਵਿਚ ਜਾ ਪੁਜੇ। ਜਿਥੇ ਖਜੂਰਾਂ ਦੇ ਬ੍ਰਿਛ ਫਲ ਹੋਏ ਛੋਲੇ ਪੱਕੇ ਹੋਏ ਜਿਨ੍ਹਾਂ ਦਾ ਰਾਖਾ ਇੱਕ ਮੁੰਡਾ ਬੈਠਾ ਹੋਇਆ ਸੀ। ਉਸ ਨੇ ਖਜੂਰਾਂ ਤੇ ਛੋਲਿਆਂ ਦੀਆਂ ਹੋਲਾਂ ਭੁੰਨ ਕੇ ਗੁਰੂ ਜੀ ਛਕਾਈਆਂ ਤਾਂ ਉਸ ਦਾ ਪ੍ਰੇਮ ਵੇਖ ਕੇ ਸਹਿਜ ਸੁਭਾਅ ਗੁਰੂ ਜੀ ਨੇ ਬਚਨ ਕੀਤਾ।

ਸਬਰ ਤੇਰਾ ਲੇਖ ਨਿਹਾਲੀ ਭਾਉ ਤੇਰਾ ਪਕਵਾਨ॥

ਨਾਨਕ ਸਿਫਤੀ ਰਤਿਆ ਆਉ ਬੈਠ ਸੁਲਤਾਨ॥

ਸੋ ਇਹ ਬਚਨ ਓਸ ਵੇਲੇ ਦੂਜੇ ਦਿਨ ਹੀ ਪੂਰਾ ਹੋ ਗਿਆ ਕਿ ਮੁਨਕੇਰੇ ਦਾ ਨਵਾਬ ਮਰ ਗਿਆ ਜਿਸ ਦਾ ਕੋਈ ਪੁੱਤਰ ਨਹੀਂ ਸੀ ਤਾਂ ਸਾਰੇ ਅਹਿਲਕਾਰਾਂ ਨੇ ਸੋਚਿਆ ਕਿ ਜੇ ਕੋਈ ਸਭ ਤੋਂ ਪਹਿਲਾਂ ਇਸ ਸ਼ਹਿਰ ਦੇ ਬੂਹੇ ਆ ਜਾਵੇ ਸੋਈ ਮਾਲਕ ਗੱਦੀ ਦਾ ਜਾਣਿਆ ਜਾਵੇ। ਦੇਵਨੇਤ ਨਾਲ ਸੋਈ ਮੁੰਡਾ ਖੇਤ ਵਿਚੋਂ ਹਨੇਰੇ ਹਨੇਰੇ ਹੀ ਘਰ ਆ ਗਿਆ ਸੀ ਤਾਂ ਉਸ ਨੂੰ ਗੱਦੀ ਮਿਲ ਗਈ ਤੇ ਉਹ ਵੀ ਗੁਰੂ ਨਾਨਕ ਦੇਵ ਜੀ ਦੇ ਬਚਨ ਨਾਲ ਇਸ ਰੁਤਬੇ ਨੂੰ ਜਾ ਪੁੱਜਾ ਜਾਣ ਕੇ ਗੁਰੂ ਜੀ ਬਹੁਤ ਇੱਜ਼ਤ ਕਰਦਾ ਰਿਹਾ।"ਇਸ ਤਰ੍ਹਾਂ ਗੁਰੂ ਜੀ ਨੇ ਰੰਕ ਨੂੰ ਰਾਜਾ ਬਣਾਉਣ ਲੱਗੇ ਵੀ ਬਹੁਤੀ ਦੇਰ ਨਾ ਲਗਾਈ।

### ਕਾਬੇ ਵਿਚ ਪੁੱਜਣਾ

ਗੁਰੂ ਨਾਨਕ ਦੇਵ ਜੀ ਚੌਥੀ ਉਦਾਸੀ ਦੌਰਾਨ ਕਾਬੇ ਵਿਖੇ ਵੀ ਗਏ। ਇੱਥੇ ਗੁਰੂ ਜੀ ਨੇ ਮਸਜਿਦ ਦੇ ਜਿਊਣੇ ਨਾਮੀ ਸਫਾਈ ਕਰਮੀ ਨਾਲ ਸੰਵਾਦ ਰਚਾਇਆ ਤੇ ਉਸ ਭੁੱਲੇ ਭਟਕੇ ਕਾਜ਼ੀ ਨੂੰ ਸੱਚ ਦਾ ਮਾਰਗ ਦਿਖਾਇਆ। ਇਸ ਯਾਤਰਾ ਨਾਲ ਜੁੜੀ ਇੱਕ ਬਹੁਤ ਹੀ ਦਿਲਚਸਪ ਘਟਨਾ (ਗੁਰੂ ਨਾਨਕ ਦੇਵ ਜੀ ਦਾ ਮਸਜਿਦ ਵੱਲ ਪੈਰ ਕਰਕੇ ਸੌਣ) ਜੁੜੀ ਹੋਈ ਹੈ। ਗੁਰੂ ਨਾਨਕ ਦੇਵ ਜੀ "ਕਾਬੇ ਦੇ ਬੂਹੇ ਅੱਗੇ ਪੈਰ ਕਰਕੇ ਸਾਰੀ ਰਾਤ ਬੇਫ਼ਿਕਰ ਸੁੱਤੇ ਰਹੇ ਜਾਂ ਸਵੇਰ ਵੇਲੇ ਜੀਊਣੇ ਨਾਮੀ ਸਫਾਈ ਵਾਲੇ ਨੇ ਗੁੱਸੇ ਨਾਲ ਆਖਿਆ, ਤੁਸੀਂ ਕੌਣ ਕਾਫਰ ਹੋ ਜੋ ਖੁਦਾ ਦੇ ਘਰ ਵੱਲ ਪੈਰ ਕਰਕੇ ਸੁੱਤੇ ਹੋ ਤਾਂ ਬਾਬੇ ਨੇ ਆਖਿਆ ਕਿ ਭਾਈ ਜਿਧਰ ਖੁਦਾ ਦਾ ਘਰ ਨਹੀਂ ਓਧਰ ਸਾਡੇ ਪੈਰ ਕਰ ਦੇਹ। ਅਸੀਂ ਥੱਕੇ ਹੋਏ ਹਾਂ ਤਾਂ ਉਸ ਨੇ ਬਾਬੇ ਦੇ ਪੈਰ ਫੜ੍ਹ ਕੇ ਦੂਜੇ ਪਾਸੇ ਕੀਤੇ ਤਾਂ ਕਾਬਾ ਨਾਲ ਹੀ ਤੁਰਿਆ ਦਿਸਿਆ। ਗੱਲ ਕੀ ਜਿਧਰੇ ਪੈਰ ਕਰੇ ਓਧਰ ਕਾਬਾ ਦਿਸੇ ਤਾਂ ਗੁਰੂ ਜੀ ਨੇ ਆਖਿਆ ਭਾਈ ਜਿਊਣਾ ਖੁਦਾ ਤਾਂ ਹਰ ਪਾਸੇ ਹੈ।"ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਪਾਸੇ ਹੀ ਖੁਦਾ ਦੇ ਘਰ ਦਾ ਵਜੂਦ ਸਮਝਾਇਆ।

### ਪੰਜਵੀਂ ਉਦਾਸੀ

ਭਾਈ ਸੰਤੋਖ ਸਿੰਘ ਦੀ ਰਚਨਾ ਸੂਰਜ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਉਦਾਸੀ ਦਾ ਵੀ ਜ਼ਿਕਰ ਹੈ। ਇਹ ਉਦਾਸੀ ਉਚ ਸ਼ਹਿਰ ਅਤੇ ਕੰਧਾਰ ਵਰਗੇ ਇਲਾਕਿਆਂ ਵਿਚ ਫੈਲੇ ਵਹਿਮ ਭਰਮ ਦੇ ਕੂੜ ਨੂੰ ਖ਼ਤਮ ਕਰਨ ਦੀ ਮੰਨਸ਼ਾ ਵਜੋਂ ਗੁਰੂ ਜੀ ਨੇ ਸਾਕਾਰ ਕੀਤੀ। ਭਾਈ ਸੰਤੋਖ ਸਿੰਘ ਨੇ ਇਸ ਉਦਾਸੀ ਨੂੰ ਗੁਰੂ ਜੀ ਦੀ ਅੰਤਿਮ ਉਦਾਸੀ ਮੰਨਿਆ ਹੈ, ਤੇ ਗੁਰੂ ਜੀ ਦੇ ਅੰਤਿਮ ਚਰਣਾਂ ਤੱਕ ਇਨਸਾਨੀਅਤ ਦੇ ਸੁਨੇਹੇ ਨੂੰ ਪਹੁੰਚਾਉਣ ਵਾਲੇ ਜਜ਼ਬੇ ਨੂੰ ਪ੍ਰਗਟ ਕੀਤਾ ਹੈ।

### ਉਚ ਸ਼ਹਿਰ ਪੁੱਜਣਾ

ਪਾਕਪਟਨ ਤੋਂ ਚਲਦੇ ਹੋਏ ਗੁਰੂ ਸਾਹਿਬ ਜੀ ਮੁਲਤਾਨ ਸ਼ਮਸ਼ ਤਬਰੇਜ਼ ਦੇ ਮਕਬਰੇ, ਚਾਰ ਦਿਵਾਰੀ ਗਏ ਜਿਥੇ ਹੁਣ ਮੰਜੀ ਸਾਹਿਬ ਕਿਹਾ ਜਾਂਦਾ ਹੈ ਉੱਥੇ ਆ ਪਹੁੰਚੇ। ਦੋ ਦਿਨ ਅਰਾਮ ਕਰਨ ਤੋਂ ਬਾਅਦ ਗੁਰੂ ਜੀ ਉਚ ਨਗਰ ਪਹੁੰਚੇ। ਉੱਥੇ ਪੀਰ ਜਲਾਲਦੀਨ ਮਿਲਿਆ ਤਾਂ ਮਰਦਾਨਾ ਗੁਰਮੁਖਿ ਨੰਦ, ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ

ਪੜ੍ਹ ਰਿਹਾ ਸੀ ਤਾਂ ਪੀਰ ਗੁਰਮੁਖਿ ਦੇ ਲੱਛਣ ਬਾਰੇ ਪੁੱਛਣ ਲੱਗਾ ਤਾਂ ਗੁਰੂ ਜੀ ਨੇ ਪੁਛਿਆ ਦੇਖਣੇ ਹਨ ਜਾਂ ਸੁਣਨੇ ਹਨ ਤਾਂ ਪੀਰ ਨੇ ਕਿਹਾ ਦੇਖਣੇ ਹਨ। "ਤਦ ਇਕ ਬੇੜਾ ਡੁਬਣ ਲੱਗਾ ਤਾਂ ਪੀਰ ਨੇ ਕਿਹਾ ਹੇ ਖੁਦਾ ! ਇਤਨੇ ਜੀਵ ਕਿਉਂ ਡੋਬਦਾ ਹੈ ਤਾਂ ਬੇੜਾ ਸੰਭਲ ਗਿਆ ਤੇ ਉਹ ਨਾ ਡੁਬੇ ਜਦ ਰਾਤ ਨੂੰ ਸੰਤਾਂ ਪਾਸ ਗਿਆ ਤਾਂ ਉਹਨੂੰ ਪ੍ਰਸਾਦਿ ਦੇ ਥਾਲ ਆਏ ਪਰ ਪੀਰ ਨੂੰ ਨਹੀਂ ਆਇਆ। ਸੁੱਤੇ ਨੂੰ ਮਹਾਤਮਾ ਛੱਡ ਕੇ ਚਲੇ ਗਏ। ਅਗਲੇ ਦਿਨ ਪੀਰ ਨੇ ਦਰਿਆ ਵਿਚ ਮੀਂਹ ਪੈਂਦੇ ਡਿੱਠਾ ਤਾਂ ਫੇਰ ਆਖਣ ਲੱਗਾ ਹੇ ਖੁਦਾ ! ਇੱਥੇ ਮੀਂਹ ਦੀ ਕੀ ਲੋੜ ਹੈ ? ਤਾਂ ਮੀਂਹ ਬੰਦ ਹੋ ਗਿਆ। ਜਦ ਫਿਰ ਸੰਤ ਪਾਸ ਗਿਆ ਉਨ੍ਹਾਂ ਫਿਰ ਥਾਲ ਆਏ ਪੀਰ ਨੂੰ ਫੇਰ ਨਾ ਆਇਆ ਤਦ ਮਹੰਤ ਨੇ ਆਖਿਆ ਭਾਈ ਜਲਾਲ ! ਤੂੰ ਕੋਈ ਮਨਮਤ ਕੀਤੀ ਹੈ ਤੈਨੂੰ ਪ੍ਰਸ਼ਾਦ ਨਹੀਂ ਆਇਆ। ਤਾਂ ਪੀਰ ਨੇ ਸਾਰੀ ਗੱਲ ਗੁਰੂ ਜੀ ਨੂੰ ਆਣ ਦੱਸੀ ਸੀ ਤਾਂ ਗੁਰੂ ਜੀ ਨੇ ਆਖਿਆ ਕਿ ਬੇੜਾ ਡੁੱਬਣ ਲੱਗਾ ਸੀ ਕਿਉਂ ਅਕਾਲ ਪੁਰਖ ਦੇ ਭਾਣੇ ਨੂੰ ਮੋੜਿਆ, ਫੇਰ ਨਦੀ ਵਿਚੋਂ ਮੀਂਹ ਪੈਣੋ ਹਟਾਇਆ ਭਾਈ ਅਨੇਕ ਜੀਵ ਸਿੰਧ ਵਿਚ ਹਨ, ਜੋ ਮੀਂਹ ਦਾ ਪਾਣੀ ਪੀਂਦੇ ਹਨ ਕਿ ਅਕਾਲ ਪੁਰਖ ਦਾ ਅਪਰਾਧੀ ਬਣਿਆ।"ਇਸ ਤਰ੍ਹਾਂ ਗੁਰੂ ਜੀ ਨੇ ਊਚ ਸ਼ਹਿਰ ਵਿਚ ਰੱਬ ਦੀ ਰਜ਼ਾ ਵਿਚ ਰਹਿਣ ਦਾ ਪਾਠ ਪੜ੍ਹਾਇਆ।

**ਕੰਧਾਰ ਪੁੱਜਣਾ**

ਪੰਜਵੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਕੰਧਾਰ ਵਿਖੇ ਗਏ। ਕੰਧਾਰ ਵਿਖੇ ਜਾਣ ਪਿੱਛੇ ਭਾਈ ਮਰਦਾਨੇ ਦੀ ਇੱਛਾ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਪੂਰੀ ਕੀਤੀ। ਅਸਲ ਵਿਚ ਕਈ ਭਗਵਾਨ ਇਸ ਪਵਿਤਰ ਸਥਾਨ ਦੇ ਦਰਸ਼ਨ ਲਈ ਰਹਿ ਗਏ ਹੋਣਗੇ। ਇਸ ਨਗਰ ਵਿਚ ਲੋਕਾਂ ਦਾ ਉਦਾਰ ਕਰਦੇ ਹੋਏ ਗੁਰੂ ਸਾਹਿਬ ਜੀ ਪੰਜ ਨੰਦਾਂ ਤੋਂ ਪਾਰ ਸੀਤਾ ਪੁਰ ਤੋਂ ਅਟਕ ਪਾਰ ਜਾ ਲੰਗੇ ਤੇ ਕਈ ਹੋਰ ਜੀਵਾਂ ਦਾ ਉਦਾਰ ਕਰਨ ਲਈ ਕੰਧਾਰ ਸ਼ਹਿਰ ਪੁੱਜੇ। ਉਥੋਂ ਦਾ ਹਾਕਮ ਬੜ੍ਹਾ ਜ਼ਾਲਮ ਸੀ ਜਿਸ ਦਾ ਹੰਕਾਰ ਤੇ ਆਕੜ ਗੁਰੂ ਜੀ ਨੇ ਰੱਬੀ ਉਸਤਿਤ ਵਿਚ ਉਚਾਰਿਆ ਸ਼ਬਦ ਨਾਲ ਤੋੜੀ। ਸ਼ਬਦ ਦੇ ਉਚਾਰਨ ਤੋਂ ਬਾਅਦ ਹਾਕਮ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਗੁਰੂ ਜੀ ਨੇ ਕੰਧਾਰ ਸ਼ਹਿਰ ਵਿਚ ਵੀ ਰਾਜੇ, ਰੰਕ ਦੇ ਭੇਦ ਭਾਵ ਤੋਂ ਨਿਰਲੇਪ ਰਹਿ ਕੇ ਸਮੁੱਚੀ ਮਨੁੱਖ ਜਾਤੀ ਨੂੰ ਸੱਚ ਦਾ ਉਪਦੇਸ਼ ਦਿੱਤਾ।

ਸੱਯਦ ਅਬਦੁਲ ਲਤੀਫ਼ ਅਨੁਸਾਰ ਗੁਰੂ ਜੀ ਨੇ ਇਸਤੰਬੋਲ ਵਿੱਚ ਜਾ ਕੇ ਤੁਰਕੀ ਦੇ ਬਾਦਸ਼ਾਹ ਹਮੀਦ ਕਾਰੂੰ ਨਾਲ ਮੁਲਾਕਾਤ ਕੀਤੀ ਜਿਹੜਾ ਆਪਣੀ ਰਿਆਸਤ ਉੱਤੇ ਜ਼ੁਲਮ ਕਰਨ ਲਈ ਪ੍ਰਸਿੱਧ ਸੀ। ਇਨ੍ਹਾਂ ਸਥਾਨਾਂ 'ਤੇ ਗੁਰੂ ਜੀ ਨੇ ਮੁਸਲਿਮ ਧਾਰਮਿਕ ਨੇਤਾਵਾਂ ਨਾਲ ਸੰਵਾਦ ਰਚਾਇਆ ਅਤੇ ਉਨ੍ਹਾਂ ਨੂੰ ਇੱਕ ਸੰਪੂਰਨ ਰੂਹਾਨੀ ਯਥਾਰਥ ਦਾ ਅਨੁਭਵ ਕਰਾਇਆ। ਇਸ ਉਦਾਸੀ ਦਾ ਸਮਾਂ 1517 ਤੋਂ 1521 ਤੱਕ ਮੰਨਿਆ ਜਾਂਦਾ ਹੈ।

ਭਾਈ ਮਰਦਾਨਾ, ਜੋ ਤਲਵੰਡੀ ਦਾ ਰਹਿਣ ਵਾਲਾ ਸੀ ਅਤੇ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਸੀ, ਵੀ ਇਨ੍ਹਾਂ ਉਦਾਸੀਆਂ ਦੇ ਦੌਰਾਨ ਗੁਰੂ ਜੀ ਦੇ ਨਾਲ ਰਿਹਾ। ਉਸ ਨੂੰ ਗੁਰੂ ਜੀ ਦੀ ਅਨਮੋਲ ਦਾਤ ਪ੍ਰਾਪਤ ਸੀ ਅਤੇ ਉਹ ਗੁਰੂ ਜੀ ਦੁਆਰਾ ਬਾਣੀ ਦਾ ਕੀਰਤਨ ਕਰਨ ਸਮੇਂ ਰਬਾਬ ਵਜਾਇਆ ਕਰਦਾ ਸੀ। ਉਦਾਸੀਆਂ ਉਪਰੰਤ ਲਗਭਗ 1522 ਈ. (1579 ਬਿ.) ਵਿੱਚ ਆਪ 1504 ਈ. ਵਿੱਚ ਆਪਣੇ ਦੁਆਰਾ ਵਸਾਏ ਨਗਰ ਕਰਤਾਰਪੁਰ ਵਿੱਚ ਪਰਿਵਾਰ ਸਮੇਤ ਰਹਿਣ ਲੱਗ ਪਏ। ਇਥੇ ਆਪ ਨੇ ਇੱਕ ਸਧਾਰਨ ਇਨਸਾਨ ਦੀ ਤਰ੍ਹਾਂ ਜੀਵਨ ਬਤੀਤ ਕਰਦਿਆਂ ਆਪਣੇ ਹੱਥੀਂ ਹੱਲ ਵਾਹ ਕੇ ਖੇਤੀ ਕੀਤੀ। ਕੁਝ ਸਮੇਂ ਲਈ ਆਪ ਕਰਤਾਰਪੁਰ ਤੋਂ (1521 ਤੋਂ 1526 ਈ. ਵਿੱਚ) ਸੈਦਪੁਰ (ਏਮਨਾਬਾਦ) ਗਏ। ਇਸ ਨਗਰ ਨੂੰ ਬਾਬਰ ਨੇ ਹਮਲੇ ਕਰਕੇ ਤਬਾਹ ਕਰ ਦਿੱਤਾ ਸੀ। 1538 ਈ. ਵਿੱਚ ਇੱਕ ਵਾਰੀ ਆਪ ਅਚਲ ਵਟਾਲੇ ਗਏ, ਜਿਥੇ ਆਪ ਦੀ ਸਿੱਧਾਂ ਨਾਲ ਇਤਿਹਾਸਕ ਗੋਸ਼ਟੀ ਹੋਈ। ਕਰਤਾਰਪੁਰ ਵਿੱਚ ਹੀ ਭਾਈ ਲਹਿਣਾ ਦਾ ਗੁਰੂ ਜੀ ਨਾਲ ਮੇਲ ਹੋਇਆ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿੱਚ ਹੀ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਦਿੱਤੀ। ਭਾਈ ਲਹਿਣਾ ਨੂੰ ਆਪਣਾ ਅੰਗ ਮੰਨਦਿਆਂ ਆਪ ਨੇ ਉਨ੍ਹਾਂ ਦਾ ਨਾਂ ਅੰਗਦ ਰੱਖਿਆ। ਕਰਤਾਰਪੁਰ ਵਿਖੇ ਰਹਿੰਦਿਆਂ ਹੀ ਮਿਤੀ 13 ਅੱਸੂ ਸੁਦੀ 10) ਸੰਮਤ 1596 (22 ਸਤੰਬਰ, 1539 ਈ. )4 ਨੂੰ ਗੁਰੂ ਜੀ ਸੱਤਰ ਸਾਲ, ਚਾਰ ਮਹੀਨੇ ਅਤੇ ਤਿੰਨ ਦਿਨਾਂ ਦੀ ਆਯੂ ਭੋਗ ਕੇ ਜੋਤੀ ਜੋਤਿ ਸਮਾ ਗਏ।

# ਵਿਹਾਰਕ ਅਧਿਐਨ-1

## ਮੁਢਲੀ ਪੰਜਾਬੀ ਵਾਰਤਕ- ਵਿਹਾਰਕ ਅਧਿਐਨ

ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਹਾਸ ਨਾਲ ਸਬੰਧਿਤ ਜਨਮ ਸਾਖੀਆਂ, ਕੇਵਲ ਜਨਮ ਦੀ ਗਵਾਹੀ ਹੀ ਨਹੀ ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦੀ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਨਾਮ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ ਵਿਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, ਪੁਰਾਤਨ ਜਨਮਸਾਖੀ ਜੋ ਹਾਫ਼ਜ਼ਾਬਾਦ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, ਮਿਹਰਬਾਨ ਵਾਲੀ ਜਨਮਸਾਖੀ, ਆਦਿ ਸਾਖੀਆਂ ਜਾਂ ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਗਿਆਨ ਰਤਨਾਵਲੀ ਜਾਂ ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਜਨਮਸਾਖੀ ਨਾਨਕ ਸ਼ਾਹ ਕੀ, ਕ੍ਰਿਤ ਸੰਤ ਦਾਸ ਛਿੱਬਰ ਵਾਲੀ ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, ਪ੍ਰਸਿੱਧ ਹਨ। ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ ਹੈ।

**ਵਾਰਤਕ ਪੈਰਾ :** ਤਬ ਆਗਿਆ ਪਰਮੇਸਰ ਕੀ ਹੋਈ, ਜੋ ਇਕ ਦਿਨ ਕਾਲੂ ਕਹਿਆ "ਨਾਨਕ ਏਹ ਘਰ ਦੀਆਂ ਮਹੀਂ ਹਨ,ਤੂੰ ਚਾਰ ਲੈ ਆਉ ॥ ਤਬ ਗੁਰੂ ਨਾਨਕ ਮਹੀਂ ਲੇਕਰ ਬਾਹਰ ਗਿਆ ਤਾਂ ਚਰਾਇ ਲੇ ਆਇਆ । ਫਿਰ ਅਗਲੇ ਦਿਨ ਗਇਆ ਤਾਂ ਮਹੀਂ ਛੱਡ ਕੇ ਬੰਨੇ ਪੈ ਸੁੱਤਾ, ਤਬ ਮਹੀਂ ਜਾਇ ਕਣਕ ਨੂੰ ਪਈਆਂ, ਤਬ ਕਣਕ ਉਜਾੜ ਦੂਰ ਕੀਤੀ। ਤਬ ਇਕ ਭੱਟੀ ਥਾ ਕਣਕ ਦਾ ਖਾਂਵਦ। ਉਹ ਆਇ ਗਇਆ, ਉਸ ਭੱਟੀ ਕਹਿਆਂ ਭਾਈ ਵੇ ! ਤੇ ਜੋ ਖੇਤ ਉਜਾੜਿਆ ਹੈ, ਸੋ ਕਿਉਂ ਉਜਾੜਿਆ ਹੈ ? ਇਸ ਉਜਾੜੇ ਦਾ ਜਵਾਬ ਦੇਹ । ਤਬ ਗੁਰੂ ਨਾਨਕ ਕਹਿਆ ਭਾਈ ਤੇਰਾ ਖੇਤ ਕਿਛੁ ਨਾਹੀ ਉਜੜਿਆ। ਕਿਆ ਹੋਇਆ ਕਿ ਕਿਸੇ ਮਹੀਂ ਮੂੰਹ ਪਾਇਆ ? ਖੁਦਾਇ ਇਸੇ ਵਿੱਚ ਬਰਕਤ ਘੱਤਸੀ ਤਾਂ ਭੀ ਉਹ ਰਹੇ ਨਾਹੀਂ ਉਜੜਿਆ, ਗੁਰੂ ਨਾਨਕ ਨਾਲ ਲੱਗਾ ਲੜਨ ਲੱਗਾ ।ਤਬ ਗੁਰੂ ਨਾਨਕ ਅਤੇ ਭੱਟੀ ਝਗੜਦੇ ਝਗੜਦੇ ਰਾਇ ਬੁਲਾਰ ਪਾਸ ਆਇ ਖੜੇ ਹੋਏ, ਰਾਇ ਬੁਲਾਰ ਕਹਿਆ ਏਹ ਦਿਵਾਨਾ ਹੈ, ਤੁਸੀਂ ਕਾਲੂ ਨੂੰ ਸਦਾਵਹੁ । ਤਬ ਕਾਲੂ ਨੂੰ ਸਦਾਇਆ। ਤਬ ਰਾਇ ਬੁਲਾਰ ਆਖਿਆ 'ਕਾਲੂ ਇਸ ਪੁਤ੍ਰ ਨੂੰ ਸਮਝਾਇੰਦਾ ਕਿਉਂ ਨਾਂਹੀਂ, ਜੋ ਪਰਾਈ ਖੇਤੀ ਉਜਾੜ ਆਇਆ ਹੈ ? ਭਲਾ ਦਿਵਾਨਾ ਕਰ ਛੋਡਿਆ ਆਹੀ । ਭਾਈ ਵੇ! ਏਹ ਉਜਾੜਾ ਜਾਣ ਭਰ ਦੇਹ, ਨਾਹੀਂ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ । ਤਥ ਕਾਲੂ ਕਹਿਆ, ਜੀ ਮੈਂ ਕਿਆ ਕਰੀਂ? ਏਹ ਅਜੇ ਭੀ ਦਿਵਾਨਾ ਫਿਰਦਾ ਹੈ । ਰਾਇ ਬੁਲਾਰ ਆਖਿਆ, ਮੈਂ ਤੇਰੇ ਤਾਈ ਗੁਨਾਹ ਬਖ਼ਸ਼ਿਆ, ਪਰ ਤੂੰ ਇਸ ਦਾ ਉਜਾੜਾ ਭਰ ਦੇਹ । ਤਬ ਗੁਰੂ ਨਾਨਕ ਆਖਿਆ, ਜਾਇ ਦੇਖਹੁ ਉਥੇ ਕਿਛੁ ਨਾਂਹੀ ਉਜੜਿਆ ॥

**ਸਾਖੀ ਦੇ ਮੋਟਿਫ :** ਸਾਖੀ ਦਾ ਪਹਿਲਾ ਥੀਮ 'ਆਗਿਆ ਪਰਮੇਸਰ ਕੀ ਹੋਈ' ਪ੍ਰਮਾਤਮਾ ਦੀ ਕਰਨੀ ਦੇ ਥੀਮ ਨੂੰ ਪੇਸ਼ ਕਰਦਾ ਹੈ। ਸੰਸਾਰ ਵਿੱਚ ਜੋ ਵੀ ਕਾਰ-ਵਿਹਾਰ ਹੋ ਰਿਹਾ ਹੈ, ਉਹ ਪ੍ਰਮਾਤਮਾ ਦੀ ਰਜ਼ਾ ਮੁਤਾਬਿਕ ਹੋ ਰਿਹਾ ਹੈ। ਇਹ ਮੋਟਿਫ਼ ਕੇਵਲ ਇਸ ਸਾਖੀ ਵਿੱਚ ਹੀ ਪੇਸ਼ ਨਹੀਂ ਹੋਇਆ ਸਗੋਂ ਵਿਭਿੰਨ ਸਾਖੀਆਂ ਕੁੜਮਾਈ, ਵਿਆਹ, ਸੱਪ ਦੀ ਛਾਂ ਨਾ ਫਿਰੀ, ਸੁਲਤਾਨ ਪੁਰ ਨੂੰ ਤਿਆਰੀ, ਵੇਈ ਪ੍ਰਵੇਸ਼ ਆਦਿ ਵਿੱਚ ਵੀ ਸਾਹਮਣੇ ਆਇਆ ਹੈ।ਅਗਲਾ ਮੋਟਿਫ਼, ਪਹਿਲੇ ਮੋਟਿਫ਼ ਦੀ ਸੰਭਾਵਨਾ ਵਿੱਚ ਹੀ ਪੈਦਾ ਹੁੰਦਾ ਹੈ।ਮਹਿਤਾ ਕਾਲੂ ਭਾਵ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੂੰ ਗੁਰੂ ਨਾਨਕ ਨੂੰ ਮੱਝਾਂ ਚਾਰਨ ਲਈ ਆਖਿਆ ਹੈ। ਤੀਸਰੇ ਮੋਟਿਫ ਰਾਹੀਂ ਇਹ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਪਿਤਾ ਦੇ ਕਹੇ ਅਨੁਸਾਰ ਆਪਣੇ ਇਸ ਕਾਰਜ ਵਿੱਚ ਸਫਲ ਹੁੰਦੇ ਹਨ। ਇੱਥੋਂ ਤਕ ਪਹਿਲਾ ਮੋਟਿਫ਼ ਆਪਣੀ ਸੰਭਾਵਨਾ ਕਰ ਲੈਂਦਾ ਹੈ, ਜਿਸ ਵਿੱਚ ਇਕ ਕਾਰਜ ਸਾਧਾਰਨ ਰੂਪ ਵਿੱਚ, ਆਪਣੀ ਸਥਿਤੀ ਅੰਦਰ ਮੁਕੰਮਲ ਹੁੰਦਾ ਹੈ।ਇਸ ਸਥਿਤੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਸੁਭਾਵਿਕ ਯਥਾਰਥਕ ਪੱਖ ਪੇਸ਼ ਹੁੰਦੇ ਹਨ। ਸਾਖੀਕਾਰ ਦਾ ਮਨੋਰਥ ਸਿੱਖੀ ਦੇ ਬ੍ਰਿਤਾਂਤ ਦੀਆਂ ਅਗਲੀਆਂ ਸੰਭਾਵਨਾਵਾਂ ਵਿੱਚ ਰੂਪਮਾਨ ਹੁੰਦਾ ਹੈ। ਇਸ ਸਥਿਤੀ

ਵਿੱਚ ਬ੍ਰਿਤਾਂਤ ਦਾ ਇਕ ਪੱਖ ਸੰਪੂਰਨ ਹੁੰਦਾ ਹੈ। ਅਗਾਂਹ ਨਵੀਂ ਸੰਭਾਵਨਾ ਜਨਮ ਲੈਂਦੀ ਹੈ। ਅਗਾਂਹ ਦੂਸਰੇ ਮੋਟਿਫ ਨੂੰ ਹੀ ਦੁਹਰਾਇਆ ਗਿਆ ਹੈ ।ਮੱਝਾਂ ਚਾਰਨ ਦਾ ਕਾਰਜ ਦੂਸਰੀ ਵੇਰ ਸਾਹਮਣੇ ਆਇਆ ਹੈ। ਇਸ ਸਥਿਤੀ ਦੀ ਸੰਭਾਵਨਾ ਵਿੱਚ, ਦੂਸਰੇ ਮੋਟਿਫ, ਜਿੱਥੇ ਗੁਰੂ ਨਾਨਕ ਦੇਵ ਜੀ ਮੱਝਾਂ ਚਾਰ ਕੇ ਵਾਪਸ ਘਰ ਲੈ ਜਾਂਦੇ ਹਨ, ਨਾਲ ਪਰਿਵਰਤਨ ਆਇਆ ਹੈ। ਹੁਣ ਮੱਝਾਂ ਦਾ ਖਿਆਲ ਛੱਡ ਕੇ ਗੁਰੂ ਨਾਨਕ ਦੇਵ ਜੀ ਆਰਾਮ ਕਰਨ ਲੱਗ ਪੈਂਦੇ ਹਨ, ਇਤਨੇ ਚਿਰ ਨੂੰ ਉਨ੍ਹਾਂ ਦੀਆਂ ਮੱਝਾਂ ਕਿਸੇ ਭੱਟੀ ਦੇ ਕਣਕ ਦੇ ਖੇਤ ਨੂੰ ਉਜਾੜ ਦਿੰਦੀਆਂ ਹਨ। ਇਸ ਮੋਟਿਫ਼ ਦੀ ਡੂੰਘਾਈ ਵਿੱਚ ਗੁਰੂ ਨਾਨਕ ਦੇਵ ਜੀ ਦੀ ਘਰੋਗੀ ਜੀਵਨ ਅਤੇ ਇਸ ਦੀ ਕਾਰ-ਵਿਹਾਰ ਤੋਂ ਉਪਰਾਮਤਾ ਦਾ ਥੀਮਿਕ ਸੰਕੇਤ ਪ੍ਰਾਪਤ ਹੁੰਦਾ ਹੈ।

ਖੇਤ ਉਜੜ ਜਾਣ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਖੇਤ ਦੇ ਮਾਲਕ ਕੋਲ ਜੁਆਬ ਦੇਣਾ ਪੈਂਦਾ ਹੈ। ਅਗਲਾ ਮੋਟਿਫ਼ ਇਸੇ ਸਥਿਤੀ ਨੂੰ ਹੀ ਵਿਸਤਾਰਦਾ ਹੈ, ਗੁਰੂ ਨਾਨਕ ਦੇਵ ਜੀ ਅਤੇ ਭੱਟੀ ਦਾ ਝਗੜਾ ਪਿੰਡ ਦੇ ਮੁਖੀ ਰਾਇ ਬੁਲਾਰ ਕੋਲ ਪਹੁੰਚਦਾ ਹੈ। ਰਾਇ ਬੁਲਾਰ ਵੀ ਗੁਰੂ ਨਾ ਦੇਵ ਦੇ ਨਿਤ ਦੇ ਕਾਰਜਾਂ ਤੋਂ ਵਾਕਿਫ ਹੋਣ ਕਰਕੇ ਉਨ੍ਹਾਂ ਦੀ ਮਾਨਸਿਕਤਾ ਤੋਂ ਜਾਣੂ ਹੈ। ਰਾਇ ਬੁਲਾਰ ਦੀ ਵਾਕਫ਼ੀਅਤ ਨੂੰ ਪੇਸ਼ ਕਰਨ ਵਾਲੇ ਦੀ ਮੋਟਿਫ ਤੋਂ ਉਪਰਲੀ ਸਥਿਤੀ ਹੋਰ ਸਪੱਸ਼ਟ ਹੁੰਦੀ ਹੈ।

ਗੁਰੂ ਨਾਨਕ ਦੇਵ ਖੇਤ ਉਜਾੜਿਆ ਹੀ ਨਹੀਂ ਹੈ। ਭੱਟੀ ਆਪਣੀ ਪਹਿਲੀ ਬਾਤ ਨੂੰ ਹੀ ਦੁਹਰਾਉਂਦਾ ਹੈ ਕਿ ਮੇਰਾ ਖੇਤ ਉਜਾੜਿਆ ਹੈ।ਜੇ ਖੇਤ ਉਜੜਿਆ ਹੋਵੇਗਾ ਤਾਂ ਉਹ ਹਰਜਾਨਾ ਵੀ ਦੇ ਦੇਣਗੇ। ਰਾਇ ਬੁਲਾਰ ਇਸ ਦੀ ਪਰਖ ਕਰਾਉਂਦਾ ਹੈ, ਜਿਸ ਰਾਹੀਂ ਇਹ ਪਤਾ ਲੱਗਦਾ ਹੈ ਕਿ ਉਜੜੇ ਖੇਤ ਵਿਚ ਫਸਲ ਪਹਿਲਾ ਦੀ ਤਰ੍ਹਾਂ ਹੀ ਹਰੀ ਹੈ।

ਇਸ ਸਾਖੀ ਦੀ ਥੀਮਿਕ-ਬੁਣਤੀ ਇਸ ਵਿਧੀ ਨਾਲ ਹੋਈ ਹੈ ਕਿ ਇਹ ਵਾਸਤਵਿਕ ਧਰਾਤਲ ਦੇ ਜਿਆਦਾ ਨੇੜੇ ਹੋਣ ਦਾ ਭਰਮ ਪੈਦਾ ਕਰੇ। ਸਾਖੀ ਵਿੱਚ ਸਾਹਮਣੇ ਆਏ ਮੋਟਿਫ ਗੁਰੂ ਨਾਨਕ ਦੇ ਚਰਿੱਤਰ ਨੂੰ ਸਾਧਾਰਨ ਵਿਅਕਤੀ ਦੇ ਰੂਪ ਵਿੱਚ ਪੇਸ਼ ਕਰਦੇ ਹਨ।

ਉਦਾਹਰਨ ਵੱਜੋਂ
- ਪਿਤਾ ਦਾ ਗੁਰੂ ਨਾਨਕ ਨੂੰ ਮੱਝਾਂ ਚਾਰਨ ਲਈ ਕਹਿਣਾ
- ਗੁਰੂ ਨਾਨਕ ਦਾ ਮੱਝਾਂ ਚਾਰਨਾ ਘਰੋਗੀ ਕਿੱਤੇ ਵਿੱਚ ਰੁਚੀ ਨਾ ਹੋਣਾ
* ਮੱਝਾਂ ਦਾ ਖੇਤ ਚਰ ਜਾਣਾ
- ਭੱਟੀ ਦਾ ਰਾਇ ਬੁਲਾਰ ਕੋਲ ਜਾਣਾ
* ਮਹਿਤਾ ਕਾਲੂ ਰਾਇ ਬੁਲਾਰ ਭੱਟੀ ਤੇ ਗੁਰੂ ਨਾਨਕ ਦੇਵ ਦਾ ਹਾਜ਼ਿਰ ਹੋਣਾ।

**ਵਿਸ਼ਾ-ਵਸਤੂ :** ਇਸ ਸਾਖੀ ਦੇ ਅਗਲੇ ਮੋਟਿਫ ਰਾਹੀਂ ਜਿੱਥੇ ਉਜੜਿਆ ਹੋਇਆ ਖੇਤ, ਮੁੜ ਪਹਿਲੀ ਹਾਲਤ ਵਿੱਚ ਆ ਜਾਂਦਾ ਹੈ, ਸਾਰੀ ਸਾਖੀ ਦਾ ਰੂਪਾਂਤਰਣ ਹੋ ਜਾਂਦਾ ਹੈ । ਇਹ ਇਕ ਅਜਿਹੀ ਘਟਨਾ ਹੈ, ਜਿਹੜੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਅਲੌਕਿਕਤਾ ਪ੍ਰਦਾਨ ਕਰਦੀ ਹੈ । ਸਾਖੀਕਾਰ ਇਸ ਘਟਨਾ ਨੂੰ ਪੇਸ਼ ਕਰਕੇ ਕਈ ਮੰਤਵ ਹੱਲ ਕਰਦਾ ਹੈ। ਇਸ ਨਾਲ ਗੁਰੂ ਨਾਨਕ ਸਾਹਿਬ ਉੱਪਰ ਆਇਆ ਸੰਕਟ ਟਲ ਜਾਂਦਾ ਹੈ ਅਤੇ ਕਰਾਮਾਤੀ-ਵਿਧੀ ਰਾਹੀਂ ਉਨ੍ਹਾਂ ਦੇ ਚਰਿੱਤਰ ਦੇ ਦੇਵੀ ਅਤੇ ਅਲੌਕਿਕ ਪੱਖ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਹੀ ਇਹ ਦਿਸ ਆਇਆ ਸੀ ਕਿ ਖੇਤ ਮੁੜ ਹਰੇ ਰੂਪ ਵਿੱਚ ਕਾਇਮ ਹੈ, ਤਾਂ ਹੀ ਉਹ ਖੇਤ ਦੀ ਹਾਲਤ ਦੇਖਣ ਲਈ ਕਹਿੰਦੇ ਹਨ ਤਾਂ ਉਨ੍ਹਾਂ ਦੀ ਕਥਨੀ ਵਿੱਚ ਇੰਨੀ ਸ਼ਕਤੀ ਸੀ ਕਿ ਉਨ੍ਹਾਂ ਦੇ ਕਹਿ ਦੇਣ ਨਾਲ ਹੀ ਖੇਤ ਦੀ ਹਾਲਤ ਠੀਕ ਹੋ ਗਈ ਸੀ।

ਇੱਥੇ ਇਸ ਸਾਖੀ ਦੇ ਮੋਟਿਫ ਬੜੇ ਯਥਾਰਥਕ ਤੇ ਸੰਸਾਰਕ ਰੂਪ ਵਿੱਚ ਚਲਦੇ ਚਲਦੇ ਇਕਦਮ ਆਪਣੀ ਸਾਧਾਰਨਤਾ ਛੱਡ ਕੇ ਅਸਾਧਾਰਨ ਰੂਪ ਧਾਰਨ ਕਰ ਜਾਂਦੇ ਹਨ।ਇਹ ਪਰਿਵਰਤਨ ਇਸ ਸਾਖੀ ਦਾ ਬੜਾ ਅਹਿਮ ਪੱਖ ਹੈ, ਜੋ ਸਾਖੀ ਦੇ ਅਖੀਰਲੇ ਮੋਟਿਫ ਉੱਪਰ ਆਧਾਰਿਤ ਹੈ।ਅਖੀਰ ਸਾਖੀਕਾਰ ਸਾਰੀ ਸਥਿਤੀ ਦਾ ਪੂਰਾ ਰੂਪਾਂਤਰਣ ਕਰ

ਦਿੰਦਾ ਹੈ ਅਤੇ ਸਾਰੀ ਸਾਖੀ ਦੀ ਪ੍ਰਕਿਰਤੀ ਬਦਲ ਜਾਂਦੀ ਹੈ । ਇਸ ਦ੍ਰਿਸ਼ਟੀ ਤੋਂ ਸਾਖੀ ਵਿੱਚ ਇਸ ਦੀਆਂ ਕੁਝ ਕਥਾਨਕ ਰੂੜੀਆਂ ਦਾ ਮਹੱਤਵਪੂਰਨ ਸਥਾਨ ਹੈ ।

ਇਹ ਠੀਕ ਹੈ ਕਿ ਜਨਮ ਸਾਖੀਆਂ ਵਿੱਚ ਗੁਰੂ ਨਾਨਕ ਸਾਹਿਬ ਨੂੰ ਕਰਾਮਾਤੀ ਪੁਰਖ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ । ਪਰ ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਉਨ੍ਹਾਂ ਦਾ ਕਰਾਮਾਤੀ ਚਰਿੱਤਰ ਇਕ ਵਿਸ਼ੇਸ਼ ਸੀਮਾ ਵਿੱਚ ਰਹਿ ਕੇ ਹੀ ਪੇਸ਼ ਹੋਇਆ ਹੈ।ਸਾਡਾ ਭਾਵ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਜੀਵਨ ਵਿੱਚ ਕੋਈ ਵੀ ਕਰਾਮਾਤੀ ਕਥਾਨਕ ਰੂੜੀ ਅਜਿਹੀ ਨਹੀਂ ਜੁੜੀ ਗਈ ਜੋ ਘਟ ਨੇੜੇ ਟੂਣਿਆਂ ਉੱਤੇ ਅਧਾਰਿਤ ਹੋਏ ।ਗੁਰੂ ਨਾਨਕ ਸਾਹਿਬ ਸੱਚੇ ਨਾਮ ਦੀ ਮਹੱਤਤਾ ਨੂੰ ਹੀ ਦ੍ਰਿੜ ਕਰਾਉਂਦੇ ਹਨ।ਕਰਾਮਾਤ ਦਾ ਵਿਰੋਧ ਕਰਦੇ ਹਨ। ਇਸ ਆਧਾਰ ਤੇ ਜਨਮ ਸਾਖੀਆਂ ਦੀਆਂ ਕਰਾਮਾਤਾਂ ਭਾਵੇਂ ਉਨ੍ਹਾਂ ਦੇ ਸੰਦੇਸ਼-ਨਾਲ ਆਈਆਂ ਨਹੀਂ ਵੀ ਜਾਪਦੀਆਂ, ਪਰ ਇਨ੍ਹਾਂ ਤੱਤਾਂ ਦੀ ਸਾਰਥਕਤਾ ਉਸ ਸਮੇਂ ਜ਼ਰੂਰ ਦੇਖੀ ਜਾ ਸਕਦੀ ਹੈ ਜਦੋਂ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਉਹ ਮਾਮੂਲੀ ਕਰਾਮਾਤ ਜਾਂ 36 ਪ੍ਰਕਾਰ ਦੇ ਚਮਤਕਾਰਾਂ ਦੇ ਵਿਰੋਧ ਵਿੱਚ ਪਰਮਾਤਮਾ ਦੀ ਵਿਆਪਕਤਾ ਨਾਲ ਜੁੜੀਆਂ ਹੋਈਆਂ ਕਥਾਨਕ ਰੂੜੀਆਂ ਦਾ ਪ੍ਰਭਾਵ ਪੇਸ਼ ਕਰਦੀਆਂ ਹਨ। ਭਾਵ ਲੋਕ ਮਨ ਦੀ ਚੇਤਨਾ ਵਿੱਚ ਇਹ ਪੱਖ ਕਾਰਜਸ਼ੀਲ ਸੀ ਕਿ ਜੇਕਰ ਕਰਾਮਾਤਾਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕੀਤੀਆਂ ਜਾਣੀਆਂ ਹਨ ਤਾਂ ਉਨ੍ਹਾਂ ਅਧਿਆਤਮਕ ਪ੍ਰਸੰਗ ਵਿੱਚ ਹੀ ਪੇਸ਼ ਕੀਤਾ ਜਾਣਾ ਹੈ। ਇਸ ਲਈ ਜਨਮ ਸਾਖੀ ਦੀਆਂ ਕਰਾਮਾਤੀ ਰੂੜੀਆਂ ਇਕ ਵਿਸ਼ੇਸ਼ ਪੱਧਰ ਦੀਆਂ ਬਣਦੀਆਂ ਹਨ ਭਾਵੇਂ ਇਹ ਕਰਾਮਾਤਾਂ ਵਾਸਤਵਿਕਤਾ ਦੇ ਪਰਾਲੌਕਿਕ ਪੱਧਰ ਨੂੰ ਹੀ ਪ੍ਰਦਰਸ਼ਿਤ ਕਰਦੀਆ ਹਨ।

**ਕਥਾਨਕ ਰੂੜ੍ਹੀਆਂ :** ਜਨਮ ਸਾਖੀਆਂ ਦੀਆਂ ਕਰਾਮਾਤੀ ਕਥਾਨਕ ਰੂੜੀਆਂ ਦਾ ਕਾਰਜ ਇਸ ਪੱਖੋਂ ਬਹੁਤ ਵਿਲੱਖਣ ਹੈ। ਸਾਖੀਕਾਰਾਂ ਦੇ ਅਚੇਤ ਮਨ ਵਿੱਚ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਵਿੱਚ ਮੌਜੂਦ ਕਰਾਮਾਤਾਂ ਦੇ ਵਿਰੋਧ ਦੀ ਭਾਵਨਾ ਮੌਜੂਦ ਹੈ । ਭਾਈ ਗੁਰਦਾਸ ਨੇ ਵੀ ਗੁਰੂ ਨਾਨਕ ਸਾਹਿਬ ਦੇ ਕਰਾਮਾਤ-ਵਿਰੋਧੀ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕੀਤਾ ਸੀ। ਇਸ ਰੁਚੀ ਅਧੀਨ ਸਾਖੀਕਾਰ ਗੁਰੂ ਨਾਨਕ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਵਿੱਚ ਕਰਾਮਾਤੀ ਰੂੜੀਆਂ ਜੋੜਨ ਵੇਲੇ ਸੰਕੋਚ ਤੋਂ ਕੰਮ ਲੈਂਦੇ ਪ੍ਰਤੀਤ ਹੁੰਦੇ ਹਨ। ਉਹ ਕਰਾਮਾਤਾਂ ਨੇ ਖੁੱਲ੍ਹੇ ਰੂਪ ਵਿੱਚ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕਰ ਸਕਦੇ ਸਨ, ਉਨ੍ਹਾਂ ਦੇ ਹੱਥ ਕਈ ਚਮਤਕਾਰ ਹੁੰਦੇ ਦਿਖਾ ਸਕਦੇ ਸਨ, ਕਿਉਂਕਿ ਸਮਾਂ ਅਜਿਹੇ ਚਮਤਕਾਰ ਜੋੜਨ ਦੀ ਪੂਰੀ ਸਮਰੱਥਾ ਵਿੱਚ ਮੌਜੂਦ ਸੀ । ਪਰ ਕਰਾਮਾਤੀ ਰੂੜੀਆ ਦੇ ਵਿਸਲੇਸ਼ਣ ਤੋਂ ਪਤਾ ਲਗਦਾ ਹੈ ਕਿ ਸਾਖੀਕਾਰ ਇਹ ਕੰਮ ਸੰਜਮ ਤੇ ਸੰਕੋਚ ਵਿੱਚ ਕਰਦੇ ਹਨ, ਕਿਉਂਕਿ ਜੇਕਰ ਉਹ ਉੱਪਰ ਵਾਂਗ ਪੂਰੀ ਖੁੱਲ ਧਾਰਨ ਕਰਦੇ ਤਾਂ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਤੋਂ ਦੂਰ ਹੋ ਜਾਣ ਦਾ ਡਰ ਪੂਰੀ ਤਰ੍ਹਾਂ ਮੌਜੂਦ ਸੀ।

ਪਰੰਪਰਾ ਦੇ ਪ੍ਰਭਾਵ ਸਦਕਾ ਉਹ ਕਰਾਮਾਤਾਂ ਦਿਖਾਉਣਾ ਵੀ ਚਾਹੁੰਦੇ ਹਨ, ਕਿਉਂਕਿ ਲੋਕ ਮਾਨਸ ਇਸ ਤੋਂ ਬਿਨਾ ਸੰਤੁਸ਼ਟ ਨਹੀਂ ਹੁੰਦਾ ਅਤੇ ਉਨ੍ਹਾਂ ਦੇ ਗੁਰੂ ਦੀ ਸ਼ਖ਼ਸੀਅਤ ਬਾਕੀਆਂ ਦੇ ਮੁਕਾਬਲੇ ਤੋਂ ਉਚੇਰੇ ਰੂਪ ਨੂੰ ਵੀ ਪ੍ਰਾਪਤ ਨਹੀਂ ਹੁੰਦੀ। ਜਨਮ ਸਾਖੀਆਂ ਵਿੱਚ ਇਸ ਤਣਾਉ ਦਾ ਸੁਲਝਾਉਂ ਕਰਾਮਾਤਾ ਨੂੰ ਅਸਿੱਧੇ ਰੂਪ ਵਿੱਚ ਅਤੇ ਕੁੱਝ ਸੀਮਾਂ ਵਿੱਚ ਰਹਿ ਕੇ ਦਰਸਾਉਣ ਨਾਲ ਕੀਤਾ ਗਿਆ ਹੈ। ਕੁਝ ਕਰਾਮਾਤਾਂ ਅਸਿੱਧੇ ਰੂਪ ਵਿੱਚ ਵਾਪਰਦੀਆਂ ਹਨ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਕੁੱਝ ਕਰਾਮਾਤਾਂ ਵਿੱਚ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਅਸਿੱਧੇ ਰੂਪ ਵਿੱਚ ਕਾਰਜਸ਼ੀਲ ਰਹਿੰਦੀ ਹੈ।

ਜਿੱਥੇ ਕਰਾਮਾਤੀ ਰੂੜ੍ਹੀਆਂ ਸਿੱਧੀਆਂ ਗੁਰੂ ਨਾਨਕ ਸਾਹਿਬ ਦੇ ਹੱਥਾਂ ਰਾਹੀਂ ਵਾਪਰਦੀਆਂ ਦਿਖਾਈਆਂ ਵੀ ਗਈਆਂ ਹਨ, ਜਿਵੇਂ ਉਹ ਮਰੇ ਹੋਏ ਹਾਥੀ ਨੂੰ ਜਿੰਦਾ ਕਰਦੇ ਹਨ ਤਾਂ ਉੱਥੇ ਖੁਦ ਪ੍ਰਮਾਤਮਾ ਨੂੰ ਪੇਸ਼ ਕਰ ਦਿੱਤਾ ਗਿਆ ਹੈ ਤਾਂ ਜੋ ਕਰਾਮਾਤ ਸਿੱਧੀ ਪਰਮਾਤਮਾ ਨਾਲ ਸੰਬੰਧਿਤ ਹੋ ਜਾਏ। ਇਸ ਤਰ੍ਹਾਂ ਕੁਝ ਕਰਾਮਾਤਾਂ ਦਾ ਚਿਤਰਣ ਬੜੇ ਸਹਿਜ ਰੂਪ ਵਿੱਚ ਹੋਇਆ ਹੈ, ਜਿਸ ਤੋਂ ਉਨ੍ਹਾਂ ਦਾ ਮਹੱਤਵ ਇਕ ਵਿੱਥ ਉੱਪਰ ਰਹਿੰਦਾ ਹੈ।

ਜਨਮ ਸਾਖੀਆਂ ਦੀਆਂ ਕਰਾਮਾਤੀ ਕਥਾਨਕ ਰੂੜ੍ਹੀਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਦਾ ਚਿਤਰਨ ਤੇ ਸੰਯੋਜਨ ਇਕ ਸੀਮਾ ਵਿੱਚ ਰਹਿ ਕੇ ਅਤੇ ਪਰੰਪਰਾ ਤੋਂ ਵੱਖਰੇ ਪ੍ਰਭਾਵ ਦੀ ਦਿਸ਼ਾ ਵਿੱਚ ਕੀਤਾ ਗਿਆ ਹੈ ਤਾਂ ਜੋ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਤੇ ਬਹੁਤਾ ਦੂਰ ਵੀ ਨਾ ਜਾਇਆ ਜਾਵੇ ਅਤੇ ਲੋਕ ਮਾਨਸ ਨੂੰ ਸੰਤੁਸ਼ਟੀ ਵੀ ਪ੍ਰਾਪਤ ਹੋ ਸਕੇ।

ਜਨਮ ਸਾਖੀਆਂ ਦਾ ਸਮਾਂ ਧਾਰਮਿਕ ਉੱਥਾਨ ਦਾ ਸਮਾਂ ਹੈ ਅਤੇ ਇਹ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਨਾਲ ਪੂਰੀ ਤਰ੍ਹਾਂ ਸੰਬੰਧਿਤ ਹਨ । ਜਨਮ ਸਾਖੀਆਂ ਦਾ ਧਾਰਮਿਕ ਪ੍ਰਯੋਜਨ ਵੀ ਸਪੱਸ਼ਟ ਹੈ। ਜਨਮ ਸਾਖੀਕਾਰਾਂ ਨੇ ਆਪਣੇ ਪ੍ਰਯੋਜਨ ਦੀ ਪੂਰਤੀ ਲਈ ਹੀ ਧਾਰਮਿਕ ਵਿਸ਼ਿਆਂ ਦੀ ਰਚਨਾ ਕੀਤੀ ਸੀ ।

ਇਸ ਤਰ੍ਹਾਂ ਜਨਮ ਸਾਖੀਆਂ ਦਾ ਸਿੱਖ ਧਰਮ ਦੇ ਇਤਿਹਾਸ ਵਿੱਚ ਵੱਡਾ ਸੰਗਠਨਕਾਰੀ ਪ੍ਰਭਾਵ ਦਿਖਾਈ ਦਿੰਦਾ ਹੈ। ਜਨਮਸਾਖੀਕਾਰ ਪੰਜਾਬੀ ਸਮਾਜ ਵਿੱਚ ਇਕਮਿਕਤਾ ਲਿਆਉਣ ਦੇ ਆਪਣੇ ਮੰਤਵ ਪ੍ਰਤੀ ਬਹੁਤ ਸੁਚੇਤ ਸਨ ਅਤੇ ਉਹ ਇਸ ਮੰਤਵ ਵਿੱਚ ਪੂਰੀ ਤਰ੍ਹਾਂ ਸਫਲ ਹੈ। ਇਸ ਸਮੇਂ ਦਾ ਸਿੱਖ ਸਮਾਜ ਆਪਣੀ ਸ੍ਵੈ-ਪਛਾਣ ਅਤੇ ਮੂਲ ਪੱਖਾਂ ਦੀ ਚੇਤਨਾ ਲਈ ਯਤਨਸ਼ੀਲ ਸੀ। ਜਨਮ ਸਾਖੀਆਂ ਦੇ ਬਿਤਾਂਤਾਂ ਵਿੱਚ ਆਈਆਂ ਰੂੜੀਆਂ ਸਪੱਸ਼ਟ ਤੌਰ 'ਤੇ ਕਾਰਜਸ਼ੀਲ ਹਨ, ਜਿਨ੍ਹਾਂ ਤੋਂ ਪੰਜਾਬ ਦੇ ਵਿਸਤ੍ਰਿਤ ਜੀਵਨ ਦੀ ਝਲਕ ਦਿਖਾਈ ਦਿੰਦੀ ਹੈ।

ਪੰਜਾਬੀ ਵਾਰਤਕ ਦੇ ਇਤਿਹਾਸ ਵਿੱਚ ਜਨਮ ਸਾਖੀਆਂ ਦਾ ਵਿਸ਼ੇਸ਼ ਸਥਾਨ ਹੈ। ਇਹ ਪੰਜਾਬੀ ਵਾਰਤਕ ਦੇ ਮੁੱਢਲੇ ਗ੍ਰੰਥ ਹਨ, ਜਿਨ੍ਹਾਂ ਦਾ ਇਵੇਂ ਭਾਸ਼ਾ ਤੇ ਸਾਹਿਤ ਦੇ ਖੇਤਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਹੈ। ਇਸ ਤੋਂ ਇਲਾਵਾ ਮਗਰਲੀ ਸਾਹਿਤ ਰਚਨਾ ਉੱਪਰ ਇਨ੍ਹਾਂ ਦੀ ਅਮਿਟ ਛਾਪ ਹੈ। ਜਨਮ ਸਾਖੀਆਂ ਦਾ ਪਾਠ, ਘਰਾਂ ਅਤੇ ਗੁਰਦੁਆਰਿਆਂ ਵਿੱਚ ਹੁੰਦਾ ਸੀ। ਸਮੁੱਚੇ ਲੋਕ ਜੀਵਨ ਉੱਪਰ ਇਨ੍ਹਾਂ ਦੀ ਅਮਿਟ ਛਾਪ ਸੀ ।ਇਸੇ ਲਈ ਮਗਰਲੇ ਸਾਹਿਤ ਉੱਪਰ ਇਨ੍ਹਾਂ ਦਾ ਪ੍ਰਭਾਵ ਪੈਣਾ ਜ਼ਰੂਰੀ ਸੀ ।

ਜਨਮ ਸਾਖੀਆਂ ਦੀ ਪ੍ਰਸਿੱਧੀ ਦਾ ਇਕ ਪ੍ਰਮੁੱਖ ਕਾਰਨ ਇਨ੍ਹਾਂ ਦੀਆਂ ਕਥਾਨਕ ਰੂੜ੍ਹੀਆਂ ਹਨ। ਜਨਮ ਸਾਖੀਆਂ ਵਿੱਚ ਕਰਾਮਾਤੀ ਕਹਾਣੀਆਂ ਅਤੇ ਅਲੌਕਿਕ ਵਰਣਨ ਦੀ ਇਕ ਦੀਰਘ ਪਰੰਪਰਾ ਦਿਖਾਈ ਦਿੰਦੀ ਹੈ। ਇਨ੍ਹਾਂ ਕਹਾਣੀਆਂ ਅਤੇ ਰੂਪਾਂ ਨੇ ਲੋਕਾਂ ਦੀ ਰੁਚੀ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਵਿੱਚ ਭਰਪੂਰ ਰੌਚਕਤਾ ਲਿਆਂਦੀ। ਇਹ ਜਨਮ ਸਾਖੀਆਂ ਦੇ ਬ੍ਰਿਤਾਂਤਾਂ ਦੀ ਰੌਚਕਤਾ ਅਤੇ ਕਥਾਨਕ ਰੂੜੀਆਂ ਦੀ ਖਿੱਚ ਦਾ ਹੀ ਸਦਕਾ ਸੀ ਕਿ ਸਾਰੇ ਸਾਖੀਕਾਰ, ਸਾਖੀਆਂ ਦੀ ਰਚਨਾ ਵਿੱਚ ਰੂੜੀਆਂ ਨੂੰ ਮਹੱਤਵਪੂਰਨ ਸਥਾਨ ਦਿੰਦੇ ਹਨ ਅਤੇ ਰੂੜੀਆਂ ਦੇ ਸੰਯੋਜਨ ਤੇ ਵਰਤਣ ਦੀ ਇਕ ਲੰਬੀ ਪਰੰਪਰਾ ਦਾ ਨਿਰਮਾਣ ਕਰਦੇ ਹਨ। ਇੱਥੇ ਜਨਮ ਸਾਖੀਕਾਰ ਅਤੇ ਸਮੁੱਚਾ ਸਿੱਖ ਸਮਾਜ ਇਕ ਨਿਕਟ-ਸੰਬੰਧ ਵਿੱਚ ਬੱਝਾ ਹੋਇਆ ਦਿਖਾਈ ਦਿੰਦਾ ਹੈ । ਇਹ ਜਨਮ ਸਾਖੀਆਂ ਦੀਆਂ ਕਥਾਨਕ ਰੂੜੀਆਂ ਦਾ ਹੀ ਮਹੱਤਵ ਹੈ ਕਿ ਇਨ੍ਹਾਂ ਵਿੱਚ ਬਹੁਤੀਆਂ ਸਾਖੀਆਂ ਅਜਿਹੀਆਂ ਹਨ ਜਿਨ੍ਹਾਂ ਦਾ ਸਦੀਆਂ ਬੀਤ ਜਾਣ ਉਪਰੰਤ ਅੱਜ ਵੀ ਉੱਨਾ ਹੀ ਮਹੱਤਵ ਹੈ। ਮਿਸਾਲ ਵੱਜੋਂ ਭਾਵੇ ਸਦੀਆਂ ਬੀਤ ਜਾਣ ਪਰ ਫਿਰ ਵੀ ਖੇਤ ਹਰਿਆ ਹੋਣ, ਦੁੱਧ ਅਤੇ ਲਹੂ', 'ਸੂਰਜ ਨੂੰ ਪਾਣੀ ਦੇਣਾ', 'ਮੱਕੇ ਦਾ ਫਿਰਨਾ' ਆਦਿ ਰੂੜੀਆਂ ਦਾ ਮਹੱਤਵ ਤੇ ਸਾਰਥਕਤਾ ਕਾਇਮ ਰਹੇਗੀ ।

**ਕੇਂਦਰੀ ਮਹੱਤਵ :** ਜਨਮ ਸਾਖੀਕਾਰਾਂ ਦਾ ਕੇਂਦਰੀ ਮਹੱਤਵ ਗੁਰੂ ਨਾਨਕ ਬਿੰਬ ਦਾ ਨਿਰਮਾਣ ਸੀ, ਉਸ ਦਾ ਨਿਭਾਅ ਉਨ੍ਹਾਂ ਨੇ ਪ੍ਰਬਲ ਰੂਪ ਵਿੱਚ ਕੀਤਾ, ਪਰ ਜਨਮ ਸਾਖੀ-ਸਾਹਿਤ ਵਿੱਚ ਇਕ ਵੱਡਾ ਪਰਿਵਰਤਨ ਵਾਪਰਿਆ। ਉਹ ਇਹ ਕਿ ਇਤਿਹਾਸਕ ਗੁਰੂ ਨਾਨਕ ਦੇਵ ਨੂੰ ਕਦਮ-ਕਦਮ ਉੱਪਰ ਮਿਥਿਕ ਗੁਰੂ ਨਾਨਕ ਦੇਵ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਸਾਰਾ ਸਮੁੱਚਾ ਜਨਮ ਸਾਖੀ ਸਾਹਿਤ ਇਸ ਰੂਪਾਂਤਰਣ ਦੀ ਪ੍ਰਕਿਰਿਆ ਦਾ ਸੂਚਕ ਹੈ । ਗੁਰੂ ਨਾਨਕ ਸਾਹਿਬ ਦੀ ਇਤਿਹਾਸਕ ਸ਼ਖ਼ਸੀਅਤ ਕਥਾਨਕ ਰੂੜ੍ਹੀਆਂ ਦੀ ਵਰਤੋਂ ਰਾਹੀਂ ਮਿਥਿਕ ਸ਼ਖ਼ਸੀਅਤ ਵਿਚ ਬਦਲਦੀ ਹੈ। ਉਨ੍ਹਾਂ ਦੇ ਜੀਵਨ ਦਾ ਹਰ ਇਤਿਹਾਸਕ ਵੇਰਵਾ, ਮਿਥਿਕ ਤੇ ਅਧਿਆਤਮਕ ਸੱਚ ਦੇ ਰੂਪ ਵਿੱਚ ਉਜਾਗਰ ਹੁੰਦਾ ਹੈ।